

PUNJABSTAR.COM

# ਪੰਜਾਬ ਸਟਾਰ



Phone: 905-673-7666 , Fax: 1-289-206-8611
12 ਫਰਵਰੀ ਤੋਂ 18 ਫਰਵਰੀ, 2026
Email :- editor@punjabstar.com, Vo. 20. Issue:1224


## ਅਮਰੀਕੀ ਸੰਸਦ 'ਚ H-1B ਵੀਜ਼ਾ ਪ੍ਰੋਗਰਾਮ ਖ਼ਤਮ ਕਰਨ ਲਈ ਬਿੱਲ ਪੇਸ਼

### ਭਾਰਤੀਆਂ ਨੂੰ ਕਰੇਗਾ ਪ੍ਰਭਾਵਿਤ !




ਅਮਰੀਕਾ, (ਪੰਜਾਬ ਸਟਾਰ ਬਿਊਰੋ): ਅਮਰੀਕੀ ਸੰਸਦ ਵਿੱਚ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਖਤਮ ਕਰਨ ਲਈ ਇੱਕ ਬਿੱਲ ਪੇਸ਼ ਕੀਤਾ ਗਿਆ ਹੈ। ਇੱਕ ਰਿਪਬਲਿਕਨ ਪ੍ਰਤੀਨਿਧੀ ਦੁਆਰਾ ਪੇਸ਼ ਕੀਤੇ ਗਏ ਇਸ ਬਿੱਲ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਕੰਪਨੀਆਂ ਨੇ ਵਾਰ-ਵਾਰ ਪ੍ਰੋਗਰਾਮ ਦੀ ਦੁਰਵਰਤੋਂ ਕੀਤੀ ਹੈ ਅਤੇ ਸਸਤੇ ਵਿਦੇਸ਼ੀ ਕਾਮਿਆਂ ਨੂੰ ਲਿਆਂਦਾ ਹੈ। ਉਹਨਾਂ ਨੇ ਕਿਹਾ ਕਿ ਇਹ ਯੋਜਨਾ ਅਮਰੀਕੀ ਨਾਗਰਿਕਾਂ ਦੀ ਬਜਾਏ ਵਿਦੇਸ਼ੀ ਕਾਮਿਆਂ ਨੂੰ ਜ਼ਿਆਦਾ ਤਰਜੀਹ ਦਿੰਦੀ ਹੈ। ਇਸ ਨਾਲ ਸਥਾਨਕ ਲੋਕਾਂ ਨੂੰ ਨੁਕਸਾਨ ਹੁੰਦਾ ਹੈ। ਸਟਿਊਬੀ ਨੇ ਇਸ ਬਿੱਲ ਦੀ ਘੋਸ਼ਣਾ ਕੀਤੀ। ਇਸ ਦਾ ਸਭ ਤੋਂ ਵੱਧ ਅਸਰ ਭਾਰਤੀਆਂ 'ਤੇ ਪਵੇਗਾ।

*ਬਾਕੀ ਸਫਾ 2 'ਤੇ

## ਕੀਨੀਆ 'ਚ ਸੋਕੇ ਕਾਰਨ 20 ਲੱਖ ਤੋਂ ਵੱਧ ਲੋਕ ਭੁੱਖਮਰੀ ਕੰਢੇ ਪਹੁੰਚੇ



ਕੰਪਾਲਾ (ਯੂਗਾਂਡਾ), (ਪੰਜਾਬ ਸਟਾਰ ਬਿਊਰੋ): ਕੀਨੀਆ ਦੇ ਕੁੱਝ ਖੇਤਰਾਂ ਵਿਚ ਸੋਕੇ ਕਾਰਨ 20 ਲੱਖ ਤੋਂ ਵੱਧ ਲੋਕ ਭੁੱਖਮਰੀ ਦਾ ਸਾਹਮਣਾ ਕਰ ਰਹੇ ਹਨ ਅਤੇ ਉੱਤਰ-ਪੂਰਬੀ ਖੇਤਰ ਵਿਚ ਚਰਵਾਹੇ ਭਾਈਚਾਰੇ ਸੱਭ ਤੋਂ ਵੱਧ ਪ੍ਰਭਾਵਤ ਹੋਏ ਹਨ। ਸੰਯੁਕਤ ਰਾਸ਼ਟਰ ਅਤੇ ਹੋਰ ਸੰਗਠਨਾਂ ਨੇ ਇਹ ਜਾਣਕਾਰੀ ਦਿਤੀ। ਕੀਨੀਆ ਦੀ ਕੌਮੀ ਸੋਕਾ ਪ੍ਰਬੰਧਨ ਅਥਾਰਟੀ ਮੁਤਾਬਕ ਦੇਸ਼ ਦੇ

*ਬਾਕੀ ਸਫਾ 2 'ਤੇ

# ਕੈਨੇਡਾ ਦੇ ਸਕੂਲ 'ਚ ਗੋਲੀਬਾਰੀ

## 10 ਦੀ ਮੌਤ, 25 ਜ਼ਖਮੀ



ਕੈਨੇਡਾ (ਪੰਜਾਬ ਸਟਾਰ ਬਿਊਰੋ) : ਕੈਨੇਡਾ ਦੇ ਪੱਛਮੀ ਤੱਟੀ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਪਾਸੇ ਸ਼ਾਂਤ ਖੇਤਰ ਵਜੋਂ ਜਾਣੇ ਜਾਂਦੇ ਇਲਾਕੇ ਦੇ ਹਾਇਰ ਸੈਕੰਡਰੀ ਸਕੂਲ 'ਚ ਬੰਦੂਕਧਾਰੀ ਵਲੋਂ ਕੀਤੀ ਗੋਲੀਬਾਰੀ ਕਾਰਨ 9 ਲੋਕਾਂ ਦੀ ਮੌਤ ਹੋ ਗਈ। ਪੁਲੀਸ ਅਧਿਕਾਰੀਆਂ ਅਨੁਸਾਰ ਹਮਲਾਵਰ ਬੰਦੂਕਧਾਰੀ ਔਰਤ ਦੀ ਵੀ ਮੌਤ ਹੋ ਗਈ ਹੈ। ਕਰੀਬ 25 ਹੋਰਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ ਹਨ। ਇਸ ਤੋਂ ਪਹਿਲਾਂ ਟੰਬਲਰ ਰਿੱਜ ਪੁਲੀਸ ਵਲੋਂ ਲੋਕਾਂ ਨੂੰ ਜਾਨਾਂ ਬਚਾਉਣ ਲਈ ਘਰਾਂ ਦੇ ਅੰਦਰ ਜਾਂ ਸੁਰੱਖਿਅਤ ਥਾਵਾਂ ਤੇ ਲੁਕੇ ਰਹਿਣ ਬਾਰੇ ਚੌਕਸੀ ਜਾਰੀ ਕੀਤੀ ਗਈ ਸੀ। ਬੀ ਸੀ ਰਾਇਲ ਕੈਨੇਡੀਅਨ ਮਾਂਉਂਟਿਡ ਪੁਲੀਸ ਅਨੁਸਾਰ ਪੁਲੀਸ ਨੂੰ ਮੰਗਲਵਾਰ ਦੁਪਹਿਰੇ ਡੇਢ ਵਜੇ ਟੰਬਲਰ ਰਿੱਜ ਸਕੂਲ ਵਿੱਚ ਕਿਸੇ ਬੰਦੂਕਧਾਰੀ ਦੇ ਬਾਰੇ ਸੂਚਨਾ ਮਿਲੀ ਸੀ, ਮੌਕੇ 'ਤੇ ਪਹੁੰਚਣ ਤੱਕ 7ਵੀਂ ਤੋਂ 12 ਤੱਕ ਦੇ ਕਈ ਵਿਦਿਆਰਥੀਆਂ ਨੂੰ ਗੋਲੀਆਂ ਲੱਗੀਆਂ ਹੋਈਆਂ ਸੀ, ਜਿੰਨਾਂ ਚੋਂ ਕੁਝ ਦੀ ਮੌਤ ਹੋ ਚੁੱਕੀ ਸੀ।

*ਬਾਕੀ ਸਫਾ 2 'ਤੇ

## ਨੇਪਾਲ 'ਚ ਵੱਡਾ ਹਾਦਸਾ !

### ਨਦੀ 'ਚ ਡਿੱਗੀ ਸਵਾਰੀਆਂ ਨਾਲ ਭਰੀ ਬੱਸ; 12 ਦੀ ਮੌਤ



ਨੇਪਾਲ, (ਪੰਜਾਬ ਸਟਾਰ ਬਿਊਰੋ): ਭਾਰਤ ਦੇ ਗੁਆਂਢੀ ਦੇਸ਼ ਨੇਪਾਲ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਕਾਠਮੰਡੂ ਤੋਂ ਓਖਲਧੁੰਗਾ ਜਾ ਰਹੀ ਇੱਕ ਯਾਤਰੀ ਬੱਸ ਤਾਮਾਕੋਸ਼ੀ ਨਦੀ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ 12 ਯਾਤਰੀਆਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ ਅੱਠ ਹੋਰ ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ

*ਬਾਕੀ ਸਫਾ 2 'ਤੇ

## ICE ਵੱਲੋਂ ਨਿਊਜਰਸੀ ਦੇ ਬ੍ਰਿਜਵਾਟਰ ਗੁਰਦੁਆਰਾ ਸਾਹਿਬ 'ਤੇ ਛਾਪਾ, ਕੋਈ ਗ੍ਰਿਫ਼ਤਾਰੀ ਨਹੀਂ ਹੋਈ




ਨਿਊਜਰਸੀ, (ਪੰਜਾਬ ਸਟਾਰ ਬਿਊਰੋ): ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ ਅਮਰੀਕਾ ਦੇ ਨਿਊਜਰਸੀ ਸਥਿਤ ਬ੍ਰਿਜਵਾਟਰ ਗੁਰਦੁਆਰਾ ਸਾਹਿਬ 'ਤੇ ਛਾਪਾ ਮਾਰਿਆ ਹੈ। ਰਿਪੋਰਟਾਂ ਅਨੁਸਾਰ, ਇਹ ਛਾਪਾ ਸੋਮਵਾਰ ਰਾਤ ਨੂੰ ਲਗਭਗ 2:30 ਵਜੇ ਕੀਤਾ ਗਿਆ।

ਰਿਪੋਰਟਾਂ ਅਨੁਸਾਰ ICE ਏਜੰਟ ਗੁਰਦੁਆਰੇ ਦੇ ਅਹਾਤੇ ਵਿਚ ਦਾਖਲ ਹੋਏ ਅਤੇ ਹਰ ਕਮਰੇ ਦੀ ਤਲਾਸ਼ੀ ਲਈ। ਅੰਦਰਲੇ ਲੋਕਾਂ ਦੇ ਆਈ.ਡੀ. ਕਾਰਡਾਂ ਦੀ

*ਬਾਕੀ ਸਫਾ 2 'ਤੇ

## ਕੈਨੇਡਾ 'ਚ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਪੰਜਾਬੀ ਕਾਰੋਬਾਰੀ

### ਪੁਲਿਸ ਨੇ ਜਾਰੀ ਕੀਤੀ ਐਡਵਾਈਜ਼ਰੀ, ਸੂਚਨਾ ਦੇਣ ਵਾਲੇ ਨੂੰ ਮਿਲਣਗੇ 2 ਕਰੋੜ ਰੁਪਏ



ਬੀਸੀ, (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਜ਼ਬਰਨ ਵਸੂਲੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ । ਪੰਜਾਬੀ ਕਾਰੋਬਾਰੀਆਂ ਨੂੰ ਗੈਂਗਸਟਰਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਸਰੀ ਪੁਲਿਸ ਨੇ ਪੰਜਾਬੀਆਂ ਲਈ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ।

ਬੀ.ਸੀ. ਪੁਲਿਸ ਦਾ ਕਹਿਣਾ ਹੈ ਕਿ ਹਾਲ ਹੀ ਦੇ ਮਹੀਨਿਆਂ ਵਿੱਚ ਸਰੀ ਸਮੇਤ ਕੈਨੇਡਾ ਭਰ ਵਿੱਚ ਜ਼ਬਰਨ ਵਸੂਲੀ ਦੇ ਮਾਮਲਿਆਂ ਦਾ ਰੁਝਾਨ ਦੇਖਿਆ ਗਿਆ ਹੈ । ਪੀੜਤਾਂ ਨੂੰ ਚਿੱਠੀਆਂ, ਫੋਨ ਕਾਲਾਂ, ਟੈਕਸਟ ਸੁਨੇਹਿਆਂ ਅਤੇ ਸੋਸ਼ਲ ਮੀਡੀਆ ਰਾਹੀਂ ਧਮਕੀ ਭਰੇ ਸੁਨੇਹੇ ਮਿਲ ਰਹੇ ਹਨ। ਕੈਨੇਡੀਅਨ ਜਾਂਚ ਏਜੰਸੀਆਂ ਇਸ ਸਮੇਂ ਜ਼ਬਰਨ ਵਸੂਲੀ ਦੇ ਮਾਮਲਿਆਂ ਦੀ ਜਾਂਚ ਕਰ ਰਹੀਆਂ ਹਨ।

ਕੈਨੇਡਾ ਪੁਲਿਸ ਨੇ ਆਪਣੀ ਵੈੱਬਸਾਈਟ 'ਤੇ ਇੱਕ ਵੀਡੀਓ ਅਤੇ ਟੈਕਸਟ ਮੈਸੇਜ ਰਾਹੀਂ ਪੰਜਾਬੀ ਵਿੱਚ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ। ਪੁਲਿਸ ਨੇ ਕਿਹਾ ਹੈ ਕਿ ਫਿਰੌਤੀ ਮੰਗਣ ਵਾਲਿਆਂ ਬਾਰੇ ਜੇਕਰ ਕਿਸੇ ਕੋਲ ਕੋਈ ਜਾਣਕਾਰੀ ਹੈਂ ਤਾਂ ਉਹ ਪੁਲਿਸ ਨੂੰ ਦੇਣ । ਪੁਲਿਸ ਨੇ ਇਸ ਲਈ ਇਨਾਮ ਦੀ ਰਾਸ਼ੀ ਦਾ ਐਲਾਨ ਵੀ ਕੀਤਾ ਹੈ।

ਪੁਲਿਸ ਅਨੁਸਾਰ ਜੂਨ 2025 ਤੋਂ ਸਰੀ ਵਿੱਚ ਜ਼ਬਰਨ ਵਸੂਲੀ ਦੀਆਂ ਧਮਕੀਆਂ ਅਤੇ ਸੰਬੰਧਿਤ ਹਿੰਸਾ ਵਿੱਚ ਵਾਧਾ ਹੋਇਆ ਹੈ। ਸਰੀ ਪੁਲਿਸ ਸੇਵਾਵਾਂ ਨੇ ਇੱਕ ਵਿਸ਼ੇਸ਼ ਰਣਨੀਤੀ ਅਪਣਾਈ ਹੈ ਅਤੇ ਕਈ ਕਦਮ ਚੁੱਕੇ ਹਨ।

*ਬਾਕੀ ਸਫਾ 2 'ਤੇ

## ਪ੍ਰਦਰਸ਼ਨਾਂ ਦੌਰਾਨ ਹੁਣ ਤੱਕ 7,000 ਤੋਂ ਵੱਧ ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)

ਈਰਾਨ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੂੰ ਕੁਚਲਣ ਲਈ ਕੀਤੀ ਗਈ ਸਖ਼ਤੀ ਨੇ ਭਿਆਨਕ ਰੂਪ ਧਾਰ ਲਿਆ ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਮੁਤਾਬਕ, ਪਿਛਲੇ ਮਹੀਨੇ ਤੋਂ ਜਾਰੀ ਇਸ ਹਿੰਸਾ ਵਿੱਚ ਹੁਣ ਤੱਕ ਘੱਟੋ-ਘੱਟ 7,002 ਲੋਕ ਮਾਰੇ ਜਾ ਚੁੱਕੇ ਹਨ, ਜਦੋਂਕਿ ਅਸਲ ਅੰਕੜਾ ਇਸ ਤੋਂ ਕਿਤੇ ਵੱਧ ਹੋਣ ਦਾ ਖ਼ਦਸ਼ਾ ਹੈ।

ਇਰਾਨੀ ਹਕੂਮਤ ਵੱਲੋਂ ਇੰਟਰਨੈੱਟ ਅਤੇ ਸੰਚਾਰ ਸਾਧਨਾਂ 'ਤੇ ਲਗਾਈਆਂ ਪਾਬੰਦੀਆਂ ਕਾਰਨ ਸਹੀ ਜਾਣਕਾਰੀ ਬਾਹਰ ਆਉਣ ਵਿੱਚ ਮੁਸ਼ਕਲ ਹੋ ਰਹੀ ਹੈ। ਹਾਲਾਂਕਿ ਇਰਾਨੀ ਸਰਕਾਰ ਨੇ ਸਿਰਫ਼ 3,117 ਮੌਤਾਂ ਦੀ ਗੱਲ ਕਹੀ ਹੈ ਪਰ ਕਾਰਕੁਨਾਂ ਦਾ ਦਾਅਵਾ ਹੈ ਕਿ ਅਸਲੀਅਤ ਨੂੰ ਲੁਕਾਇਆ ਜਾ ਰਿਹਾ ਹੈ। ਦੂਜੇ ਪਾਸੇ, ਖੇਤਰ ਵਿੱਚ ਫੌਜੀ ਤਣਾਅ ਵੀ ਵਧ ਗਿਆ ਹੈ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਈਰਾਨ 'ਤੇ ਦਬਾਅ ਬਣਾਉਣ ਲਈ ਖਾੜੀ ਖੇਤਰ ਵਿੱਚ ਆਪਣੇ ਜੰਗੀ ਜਹਾਜ਼ਾਂ ਦਾ ਵੱਡਾ ਬੇੜਾ (Armada) ਭੇਜ ਦਿੱਤਾ ਹੈ। ਅਮਰੀਕੀ ਫੌਜ ਨੇ ਇੱਕ ਸ਼ੱਕੀ ਡਰੋਨ ਵੀ ਡੇਗ ਦਿੱਤਾ ਹੈ ਜੋ ਉਨ੍ਹਾਂ ਦੇ ਜੰਗੀ ਬੇੜੇ ਦੇ ਨੇੜੇ ਆ ਰਿਹਾ ਸੀ।

*ਬਾਕੀ ਸਫਾ 2 'ਤੇ

## ਸਰਕਾਰ ਨੇ ਅਮਰੀਕਾ ਅੱਗੇ ਗੋਡੇ ਟੇਕੇ, ਭਾਰਤ ਮਾਤਾ ਨੂੰ ਵੇਚਿਆ : ਰਾਹੁਲ

### ਕੇਂਦਰੀ ਬਜਟ 'ਤੇ ਚਰਚਾ ਦੌਰਾਨ ਮੋਦੀ ਸਰਕਾਰ ਨੂੰ ਘੇਰਿਆ



ਨਵੀਂ ਦਿੱਲੀ, (ਪੰਜਾਬ ਸਟਾਰ ਬਿਊਰੋ)
ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਅੱਜ ਭਾਰਤ-ਅਮਰੀਕਾ ਅੰਤਰਿਮ ਵਪਾਰ ਸਮਝੌਤੇ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਸਰਕਾਰ ਨੇ 'ਭਾਰਤ ਮਾਤਾ ਨੂੰ ਵੇਚ' ਦਿੱਤਾ ਹੈ। ਮੋਦੀ ਸਰਕਾਰ ਨੇ ਭਾਰਤ ਦੀ ਊਰਜਾ ਸੁਰੱਖਿਆ ਅਮਰੀਕਾ ਹੱਥ ਫੜਾ ਦਿੱਤੀ ਹੈ ਤੇ ਕਿਸਾਨਾਂ ਦੇ ਹਿੱਤਾਂ ਨਾਲ ਸਮਝੌਤਾ ਕਰ ਲਿਆ ਹੈ। ਕੇਂਦਰ ਸਰਕਾਰ ਨੇ ਕੁੱਲ ਮਿਲਾ ਕੇ ਅਮਰੀਕਾ ਅੱਗੇ 'ਗੋਡੇ ਟੇਕ' ਦਿੱਤੇ ਹਨ ਤੇ ਹੁਣ ਉਹ ਫੈਸਲਾ ਕਰੇਗਾ ਕਿ 'ਅਸੀਂ ਕਿਸ ਤੋਂ ਤੇਲ ਖਰੀਦਾਂਗੇ।'

ਲੋਕ ਸਭਾ ਵਿੱਚ ਕੇਂਦਰੀ ਬਜਟ 'ਤੇ ਜਾਰੀ ਬਹਿਸ ਵਿਚ ਸ਼ਾਮਲ ਹੁੰਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਯਕੀਨ ਨਹੀਂ ਆਉਂਦਾ ਕਿ ਨਰਿੰਦਰ ਮੋਦੀ ਸਣੇ ਕੋਈ ਵੀ ਭਾਰਤੀ ਪ੍ਰਧਾਨ ਮੰਤਰੀ ਉਦੋਂ ਤੱਕ ਅਜਿਹੇ ਕਿਸੇ ਕਰਾਰ ਲਈ ਹਾਮੀ ਨਹੀਂ ਭਰ ਸਕਦਾ, ਬਸ਼ਰਤੇ ਕਿਸੇ ਨੇ ਉਸ ਦਾ 'ਗ਼ਲਾ ਨਾ ਘੁੱਟਿਆ' ਹੋਵੇ। ਗਾਂਧੀ, ਜਿਨ੍ਹਾਂ ਨੂੰ ਅੱਜ ਕਈ ਦਿਨਾਂ ਬਾਅਦ ਲੋਕ ਸਭਾ ਵਿਚ ਬੋਲਣ ਦਾ ਮੌਕਾ ਮਿਲਿਆ, ਨੇ ਕਿਹਾ, ''ਉਨ੍ਹਾਂ (ਮੋਦੀ) ਭਾਰਤ ਨੂੰ ਕਿਉਂ ਵੇਚਿਆ...ਕਿਉਂਕਿ ਉਨ੍ਹਾਂ (ਅਮਰੀਕਾ) ਨੇ ਉਨ੍ਹਾਂ ਦਾ ਗ਼ਲ ਘੁੱਟ ਰੱਖਿਆ ਸੀ। ਉਨ੍ਹਾਂ ਦੀ ਧੌਣ ਦੱਬੀ ਨੱਪੀ ਸੀ।'' ਗਾਂਧੀ ਨੇ ਆਪਣੀ ਤਕਰੀਰ ਇਸ ਮਿਸਾਲ ਨਾਲ ਸ਼ੁਰੂ ਕੀਤੀ ਕਿ ਕਿਵੇਂ ਮਾਰਸ਼ਲ ਆਰਟ ਵਿਚ ਪਕੜ ਬਣਾਉਣ ਤੋਂ ਬਾਅਦ ਅਗਲਾ ਕਦਮ ਸਾਹ ਘੁੱਟਣਾ ਤੇ ਫਿਰ ਵਿਰੋਧੀ ਹਾਰ ਮੰਨਣ ਲਈ ਟੈਪ ਕਰਦਾ ਹੈ।

ਕਾਂਗਰਸ ਆਗੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪਿੱਛੇ ਜਿਹੇ ਦਾਅਵਾ ਕੀਤਾ ਸੀ ਕਿ ਜੰਗ ਦਾ ਯੁੱਗ ਖ਼ਤਮ ਹੋ ਗਿਆ ਹੈ। ਗਾਂਧੀ ਨੇ ਕਿਹਾ, ''ਅਸਲ ਵਿਚ ਅਸੀਂ ਜੰਗ ਦੇ ਯੁੱਗ ਵਿੱਚ ਦਾਖ਼ਲ ਹੋ ਰਹੇ ਹਾਂ। ਯੂਕਰੇਨ ਵਿੱਚ, ਗਾਜ਼ਾ ਵਿਚ, ਮੱਧ ਪੂਰਬ ਵਿਚ ਜੰਗ ਜਾਰੀ ਹੈ, ਇਰਾਨ 'ਤੇ ਜੰਗ ਦਾ ਖ਼ਤਰਾ ਮੰਡਰਾ ਰਿਹਾ ਹੈ, ਅਸੀਂ ਅਪਰੇਸ਼ਨ ਸਿੰਧੂਰ ਨੂੰ ਅੰਜਾਮ ਦੇ ਚੁੱਕੇ ਹਾਂ। ਅਸੀਂ ਖ਼ਤਰਨਾਕ ਦੁਨੀਆ ਵਿਚ ਦਾਖ਼ਲ ਹੋ ਰਹੇ ਹਾਂ। ਸਾਨੂੰ ਆਪਣੀ ਤਾਕਤ ਨੂੰ ਸਮਝਣਾ ਪਵੇਗਾ ਅਤੇ ਸਾਡੇ ਦੇਸ਼ ਦੀ ਕੇਂਦਰੀ ਤਾਕਤ ਸਾਡੇ ਲੋਕ ਹਨ।'' ਗਾਂਧੀ ਨੇ ਦੇਸ਼ ਦੇ ਲੋਕਾਂ, ਡੇਟਾ, ਖੁਰਾਕ ਸਪਲਾਈ ਤੇ ਊਰਜਾ ਸਿਸਟਮ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜੇ 'ਇੰਡੀਆ' ਗੱਠਜੋੜ ਦੀ ਸਰਕਾਰ ਨੇ ਅਮਰੀਕਾ ਨਾਲ ਵਪਾਰ ਸਮਝੌਤੇ

*ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਅਮਰੀਕਾ-ਕੈਨੇਡਾ: ਨਵੇਂ ਪੁਲ ਬਾਰੇ ਰੇੜਕਾ ਲੰਮਾ ਖਿੱਚਣ ਦੇ ਆਸਾਰ

## ਟਰੰਪ ਨੂੰ ਪੁਲ ਲਈ ਪਰਮਿਟ ਨਵਿਆਉਣ ਦਾ ਅਧਿਕਾਰ: ਵ੍ਹਾਈਟ ਹਾਊਸ




ਵ੍ਹਾਈਟ ਹਾਊਸ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਕੈਨੇਡਾ ਤੇ ਮਿਸ਼ੀਗਨ ਦਰਮਿਆਨ ਨਵੇਂ ਪੁਲ ਲਈ ਪਰਮਿਟ ਨਵਿਆਉਣ ਦਾ ਅਧਿਕਾਰ ਹੈ। ਵ੍ਹਾਈਟ ਹਾਊਸ ਦੇ ਇਸ ਬਿਆਨ ਨਾਲ ਅਮਰੀਕਾ ਤੇ ਇਸ ਦੇ ਉੱਤਰੀ ਗੁਆਂਢੀ ਦਰਮਿਆਨ ਤਾਜ਼ਾ ਵਿਵਾਦ ਹੋਰ ਲੰਮਾ ਖਿੱਚਣ ਦੇ ਆਸਾਰ ਹਨ, ਕਿਉਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕੁਝ ਘੰਟੇ ਪਹਿਲਾਂ ਇਸ਼ਾਰਾ ਕੀਤਾ ਸੀ ਕਿ ਦੋਵਾਂ ਮੁਲਕਾਂ ਦਰਮਿਆਨ ਤਣਾਅ ਘੱਟ ਹੋ ਸਕਦਾ ਹੈ। ਓਂਟਾਰੀਓ ਤੇ ਮਿਸ਼ੀਨਗ ਨੂੰ ਜੋੜਨ ਵਾਲਾ ਗੌਰਡੀ ਹੋਵ ਕੌਮਾਂਤਰੀ ਪੁਲ, ਜੋ ਦੋਵਾਂ ਮੁਲਕਾਂ ਦਰਮਿਆਨ ਅਹਿਮ ਆਰਥਿਕ ਸਾਹਰਗ ਹੋਵੇਗਾ। ਇਸ ਸਾਲ ਦੀ ਸ਼ੁਰੂਆਤ ਵਿਚ ਖੁੱਲ੍ਹਣ ਵਾਲਾ ਹੈ। ਟਰੰਪ ਨੇ ਹੁਣ ਇਸ ਪੁਲ ਨੂੰ ਖੋਲ੍ਹਣ ਤੋਂ ਰੋਕਣ ਦੀ ਧਮਕੀ ਦਿੰਦਿਆਂ ਕੈਨੇਡਾ ਨੂੰ ਕੁਝ ਮੰਗਾਂ ਲਈ ਸਹਿਮਤੀ ਦੇਣ ਲਈ ਕਿਹਾ ਹੈ। ਦੋਵੇਂ ਮੁਲਕ ਇਸ ਸਾਲ ਦੇ ਅਖੀਰ ਵਿਚ ਵੱਡੇ ਵਪਾਰ ਸਮਝੌਤੇ ਬਾਰੇ ਮੁੜ ਤੋਂ ਗੱਲਬਾਤ ਕਰਨ ਦੀ ਤਿਆਰੀ ਕਰ ਰਹੇ ਹਨ।

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਟਰੰਪ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਆਸ ਜਤਾਈ ਸੀ ਕਿ ਮਸਲਾ ਜਲਦੀ ਸੁਲਝ ਜਾਵੇਗਾ। ਹਾਲਾਂਕਿ ਵ੍ਹਾਈਟ ਹਾਊਸ ਦੇ ਅਧਿਕਾਰੀ ਨੇ ਮਗਰੋਂ ਕਿਹਾ ਕਿ ਇਸ ਪੁਲ ਦਾ ਮਾਲਕੀ ਢਾਂਚਾ ਅਮਰੀਕੀ ਰਾਸ਼ਟਰਪਤੀ ਨੂੰ ਸਵੀਕਾਰ ਨਹੀਂ ਹੈ।

ਇਸ ਪੁਲ, ਜਿਸ ਦਾ ਨਾਮ ਕੈਨੇਡਾ ਵਿਚ ਜੰਮੇ ਡੈਟਰੌਇਟ ਰੈੱਡ ਵਿੰਗਜ਼ ਹਾਕੀ ਸਟਾਰ ਉੱਤੇ ਰੱਖਿਆ ਗਿਆ ਹੈ, ਲਈ ਭੁਗਤਾਨ ਕੈਨੇਡਾ ਨੇ ਕੀਤਾ ਹੈ। ਸਾਲ 2018 ਤੋਂ ਇਸ ਦੀ ਉਸਾਰੀ ਦਾ ਕੰਮ ਜਾਰੀ ਹੈ। ਅਧਿਕਾਰੀ ਨੇ ਕਿਹਾ ਕਿ ਸਾਰੇ ਕੌਮਾਂਤਰੀ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਲਈ ਰਾਸ਼ਟਰਪਤੀ ਦੀ ਪ੍ਰਵਾਨਗੀ ਲੋੜੀਂਦੀ ਹੁੰਦੀ ਹੈ, ਅਤੇ ਟਰੰਪ ਨੂੰ ਪਰਮਿਟ ਵਿੱਚ ਸੋਧ ਕਰਨ ਦਾ ਅਧਿਕਾਰ ਹੈ।

# ਅਮਰੀਕੀ ਪ੍ਰਦਰਸ਼ਨਕਾਰੀਆਂ ਦੀ ਮੌਤ ਮਗਰੋਂ ਆਈ.ਸੀ.ਈ ਮੁਖੀ ਸੰਸਦ ਮੂਹਰੇ ਪੇਸ਼




ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ ਸੀ ਈ) ਦੇ ਕਾਰਜਕਾਰੀ ਮੁਖੀ ਟੌਡ ਲਿਓਨਜ਼ ਨੇ ਅੱਜ ਕਾਂਗਰਸ (ਅਮਰੀਕੀ ਸੰਸਦ) ਸਾਹਮਣੇ ਆਪਣੀ ਏਜੰਸੀ ਦੇ ਅਧਿਕਾਰੀਆਂ ਦਾ ਬਚਾਅ ਕੀਤਾ। ਉਨ੍ਹਾਂ ਅਧਿਕਾਰੀਆਂ ਦੀਆਂ ਰਣਨੀਤੀਆਂ ਦਾ ਸਮਰਥਨ ਕਰਦਿਆਂ ਕਿਹਾ ਕਿ ਉਹ ਰਾਸ਼ਟਰਪਤੀ ਦੀਆਂ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੀਆਂ ਯੋਜਨਾਵਾਂ ਨੂੰ ਪੂਰਾ ਕਰਨ ਦੌਰਾਨ ਕਿਸੇ ਤੋਂ ਵੀ ਡਰਨਗੇ ਨਹੀਂ।

ਲਿਓਨਜ਼ ਉਨ੍ਹਾਂ ਤਿੰਨ ਏਜੰਸੀਆਂ ਦੇ ਮੁਖੀਆਂ ਵਿੱਚੋਂ ਇੱਕ ਹਨ, ਜੋ ਰਾਸ਼ਟਰਪਤੀ ਡੋਨਲਡ ਟਰੰਪ ਦੇ ਇਮੀਗ੍ਰੇਸ਼ਨ ਏਜੰਡੇ ਨੂੰ ਲਾਗੂ ਕਰ ਰਹੀਆਂ ਹਨ। ਇਹ ਸੁਣਵਾਈ ਸੰਘੀ ਅਧਿਕਾਰੀਆਂ ਦੇ ਹੱਥੋਂ ਦੋ ਅਮਰੀਕੀਆਂ ਦੀ ਗੋਲੀਬਾਰੀ ਵਿੱਚ ਹੋਈ ਮੌਤ ਤੋਂ ਬਾਅਦ ਕੀਤੀ ਗਈ ਸੀ। ਅਮਰੀਕੀ ਸ਼ਹਿਰਾਂ ਅੰਦਰ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਦੇ ਤੌਰ-ਤਰੀਕਿਆਂ ਸਬੰਧੀ ਆਈ ਸੀ ਈ ਮੁਖੀ ਨੂੰ ਡੈਮੋਕ੍ਰੈਟਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ, ਜਦੋਂਕਿ ਜ਼ਿਆਦਾਤਰ ਰਿਪਬਲਿਕਨਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ। ਲਿਓਨਜ਼ ਨੇ ਕਿਹਾ ਕਿ ਉਨ੍ਹਾਂ ਦੇ ਅਧਿਕਾਰੀ ਪਿੱਛੇ ਨਹੀਂ ਹਟਣਗੇ।

### ਸ਼ਕਤੀਆਂ ਦੀ ਦੁਰਵਰਤੋਂ ਵਧੀ

ਮਿਨੀਪੋਲਿਸ: ਜਾਂਚਕਰਤਾਵਾਂ ਨੇ ਦੱਸਿਆ ਕਿ ਇਮੀਗ੍ਰੇਸ਼ਨ ਅਧਿਕਾਰੀ ਸਾਲਾਂ ਤੱਕ ਆਪਣੀ ਮਹਿਲਾ ਦੋਸਤ ਨਾਲ ਕੁੱਟਮਾਰ ਕਰਨ ਦੇ ਬਾਵਜੂਦ ਬਚ ਨਿਕਲਿਆ। ਇੱਕ ਹੋਰ ਨੇ ਮੰਨਿਆ ਕਿ ਉਸ ਨੇ ਆਪਣੀ ਹਿਰਾਸਤ ਵਿੱਚ ਮੌਜੂਦ ਔਰਤ ਦਾ ਵਾਰ-ਵਾਰ ਜਿਨਸੀ ਸ਼ੋਸ਼ਣ ਕੀਤਾ। ਤੀਜੇ ਅਧਿਕਾਰੀ 'ਤੇ ਕੁਝ ਲੋਕਾਂ ਦੇ ਨਾਮ ਦੇਸ਼ ਨਿਕਾਲੇ ਦੀ ਸੂਚੀ ਵਿੱਚੋਂ ਹਟਾਉਣ ਲਈ ਰਿਸ਼ਵਤ ਲੈਣ ਦੇ ਦੋਸ਼ ਹਨ। ਐਸੋਸੀਏਟਿਡ ਪ੍ਰੈੱਸ ਦੀ ਸਮੀਖਿਆ ਵਿੱਚ ਪਾਇਆ ਗਿਆ ਹੈ ਕਿ 2020 ਤੋਂ ਲੈ ਕੇ ਹੁਣ ਤੱਕ ਆਈ ਸੀ ਈ ਦੇ ਘੱਟੋ-ਘੱਟ ਦੋ ਦਰਜਨ ਕਰਮਚਾਰੀਆਂ ਅਤੇ ਠੇਕੇਦਾਰਾਂ 'ਤੇ ਅਪਰਾਧਿਕ ਕੇਸ ਦਰਜ ਕੀਤੇ ਗਏ ਹਨ।

# ਪੇਜ ਇੱਕ ਦੀ ਬਾਕੀ

## ਅਮਰੀਕੀ ਸੰਸਦ 'ਚ...

ਜੇਕਰ ਇਹ ਪਾਸ ਹੋ ਜਾਂਦਾ ਹੈ ਤਾਂ ਇਸਦਾ ਭਾਰਤੀਆਂ 'ਤੇ ਕਾਫ਼ੀ ਪ੍ਰਭਾਵ ਪਵੇਗਾ, ਕਿਉਂਕਿ H-1B ਵੀਜ਼ਾ ਭਾਰਤੀ ਪੇਸ਼ੇਵਰਾਂ ਵਿੱਚ ਬਹੁਤ ਮਸ਼ਹੂਰ ਹੈ। ਅਮਰੀਕੀ ਆਈਟੀ ਕੰਪਨੀਆਂ ਵਿਦੇਸ਼ੀ ਕਾਮਿਆਂ ਨੂੰ ਨੌਕਰੀ ਦੇਣ ਲਈ ਇਸ ਵੀਜ਼ੇ 'ਤੇ ਨਿਰਭਰ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਵੱਡੀ ਗਿਣਤੀ ਭਾਰਤੀ ਹਨ।

ਫਲੋਰੀਡਾ ਤੋਂ ਰਿਪਬਲਿਕਨ ਪ੍ਰਤੀਨਿਧੀ ਗ੍ਰੇਗ ਸਟੀਊਬ ਨੇ ਅਮਰੀਕੀ ਪ੍ਰਤੀਨਿਧੀ ਸਭਾ, ਸੰਸਦ ਦੇ ਹੇਠਲੇ ਸਦਨ ਵਿੱਚ ਬਿੱਲ ਪੇਸ਼ ਕੀਤਾ ਹੈ, ਜਿਸਨੂੰ ਐਂਡਿੰਗ ਐਕਸਪਲੋਏਟਿਵ ਇਰੀਟੇਟਿਡ ਲੇਬਰ ਐਗਜ਼ੈਂਪਸ਼ਨ ਐਕਟ ਜਾਂ ਐਕਸਾਈਲ ਐਕਟ ਕਿਹਾ ਜਾਂਦਾ ਹੈ, ਜੋ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਵਿੱਚ ਸੋਧ ਕਰੇਗਾ ਅਤੇ H-1B ਵੀਜ਼ਾ ਪ੍ਰੋਗਰਾਮ ਨੂੰ ਖਤਮ ਕਰੇਗਾ। ਗ੍ਰੇਗ ਨੇ ਕਿਹਾ "ਅਮਰੀਕੀ ਨਾਗਰਿਕਾਂ ਦੀ ਭਲਾਈ ਅਤੇ ਖੁਸ਼ਹਾਲੀ ਉੱਤੇ ਵਿਦੇਸ਼ੀ ਕਾਮਿਆਂ ਨੂੰ ਤਰਜੀਹ ਦੇਣਾ ਸਾਡੇ ਮੁੱਲਾਂ ਅਤੇ ਰਾਸ਼ਟਰੀ ਹਿੱਤਾਂ ਨੂੰ ਕਮਜ਼ੋਰ ਕਰਦਾ ਹੈ। ਸਾਡੇ ਕਾਮੇ ਅਤੇ ਨੌਜਵਾਨ H-1B ਵੀਜ਼ਾ ਪ੍ਰੋਗਰਾਮ ਦੁਆਰਾ ਵਿਸਥਾਪਿਤ ਅਤੇ ਵਾਂਝੇ ਹੋ ਰਹੇ ਹਨ।" ਉਨ੍ਹਾਂ ਕਿਹਾ ਅਸੀਂ ਆਪਣੇ ਬੱਚਿਆਂ ਦੇ ਸੁਪਨਿਆਂ ਦੀ ਰੱਖਿਆ ਕਰਨ ਵਿੱਚ ਅਸਫਲ ਹੋ ਰਹੇ ਹਾਂ ਜਦੋਂ ਕਿ ਉਨ੍ਹਾਂ ਦਾ ਹਿੱਸਾ ਗੈਰ-ਨਾਗਰਿਕਾਂ ਨੂੰ ਮਿਲ ਰਿਹਾ ਹੈ। ਇਸ ਲਈ ਮੈਂ ਅਮਰੀਕੀਆਂ ਨੂੰ ਪਹਿਲ ਦੇਣ ਲਈ ਇਹ ਬਿੱਲ ਪੇਸ਼ ਕਰ ਰਿਹਾ ਹਾਂ," ਉਨ੍ਹਾਂ ਨੇ ਇੱਕ ਬਿਆਨ ਵਿੱਚ ਕਿਹਾ, 80 ਪ੍ਰਤੀਸ਼ਤ ਤੋਂ ਵੱਧ H-1B ਵੀਜ਼ਾ ਧਾਰਕ ਭਾਰਤੀ ਅਤੇ ਚੀਨੀ ਨਾਗਰਿਕ ਹਨ। ਦੱਸ ਦਈਏ ਕਿ ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਰਾਹੀਂ ਗ੍ਰਹਿ ਸੁਰੱਖਿਆ ਵਿਭਾਗ ਕੋਲ ਸਾਲਾਨਾ 65,000 H-1B ਵੀਜ਼ਾ ਜਾਰੀ ਕਰਨ ਦਾ ਕਾਨੂੰਨੀ ਅਧਿਕਾਰ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਸਾਲ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਸਨ ਜਿਸ ਵਿੱਚ H-1B ਪ੍ਰੋਗਰਾਮ ਦੀ ਦੁਰਵਰਤੋਂ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਿਆ ਗਿਆ ਸੀ। ਜ਼ਿਕਰਯੋਗ ਹੈ ਕਿ ਇਸਨੇ ਨਵੇਂ H-1B ਵੀਜ਼ਾ ਦੀ ਫੀਸ ਵਧਾ ਕੇ $100,000 ਕਰ ਦਿੱਤੀ। ਇਸ ਕਦਮ ਨੇ ਭਾਰਤੀਆਂ ਵਿੱਚ ਚਿੰਤਾ ਅਤੇ ਉਲਝਣ ਪੈਦਾ ਕਰ ਦਿੱਤੀ।

## ਕੈਨੇਡਾ ਦੇ ਸਕੂਲ 'ਚ...

ਉੱਤਰੀ ਖੇਤਰ ਬੀਸੀ ਦੀ ਪੁਲੀਸ ਦੇ ਸੁਪਰਡੈਂਟ ਕੈਨ ਫਲੌਇਡ ਅਨੁਸਾਰ ਪੁਲੀਸ ਸਕੂਲ ਪਹੁੰਚੀ ਤਾਂ ਉੱਥੇ 6 ਵਿਦਿਆਰਥੀਆਂ ਤੇ ਬੰਦੂਕਧਾਰੀ ਦੀ ਮੌਤ ਹੋ ਚੁੱਕੀ ਸੀ, ਇੱਕ ਜ਼ਖ਼ਮੀ ਮੁਢਲੀ ਡਾਕਟਰੀ ਮਦਦ ਦੌਰਾਨ ਦਮ ਤੋੜ ਗਿਆ, 3 ਗੰਭੀਰ ਜ਼ਖ਼ਮੀਆਂ ਨੂੰ ਹਵਾਈ ਐਂਬਲੈਂਸ ਰਾਹੀਂ ਵੱਡੇ ਹਸਪਤਾਲ ਭੇਜਿਆ ਗਿਆ ਹੈ।

ਇਸ ਦੌਰਾਨ ਆਲੇ ਦੁਆਲੇ ਦੇ ਘਰਾਂ ਚੋਂ ਦੋ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ। ਅਜੇ ਹੋਰ ਘਰਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਬੰਦੂਕਧਾਰੀ ਨੇ ਖੁਦਕੁਸ਼ੀ ਕੀਤੀ ਜਾਂ ਕਿਸੇ ਹੋਰ ਨੇ ਉਸ ਨੂੰ ਮਾਰਿਆ ਹੈ। ਪੁਲੀਸ ਪਹਿਲ ਦੇ ਅਧਾਰ ਤੇ ਜ਼ਖ਼ਮੀ ਲੋਕਾਂ ਦੀ ਮਦਦ ਅਤੇ ਹੋਰ ਜ਼ਖ਼ਮੀਆਂ ਦੀ ਭਾਲ ਨੂੰ ਪਹਿਲ ਦੇ ਰਹੀ ਹੈ।

ਪੀਸ ਰਿਵਰ ਸਾਊਥ ਸਕੂਲ ਡਿਸਟ੍ਰਿਕਟ ਨੇ ਕਿਹਾ ਕਿ ਸੈਕੰਡਰੀ ਸਕੂਲ ਅਤੇ ਟੰਬਲਰ ਰਿਜ ਐਲੀਮੈਂਟਰੀ ਸਕੂਲ ਦੋਵਾਂ ਨੂੰ ਲੌਕਡਾਊਨ ਅਤੇ ਸੁਰੱਖਿਅਤ ਕਰ ਦਿੱਤਾ ਗਿਆ ਸੀ। ਪੀਸ ਰਿਵਰ ਸਾਊਥ ਦੇ ਵਿਧਾਇਕ ਲੈਰੀ ਨਿਊਫੀਲਡ ਨੇ ਵਿਧਾਨ ਸਭਾ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਕਮਿਊਨਿਟੀ ਵਿੱਚ ਆਰਸੀਐਮਪੀ (RCMP) ਅਤੇ ਐਂਬੂਲੈਂਸ ਸਹਾਇਤਾ ਸਮੇਤ ਭਾਰੀ ਮਾਤਰਾ ਵਿੱਚ ਸਰੋਤ ਭੇਜੇ ਗਏ ਹਨ। ਇੱਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਹਮਲਾਵਰ ਕੌਣ ਹੈ ਅਤੇ ਗੋਲੀਬਾਰੀ ਪਿੱਛੇ ਉਸਦਾ ਕੀ ਮਕਸਦ ਸੀ, ਇਸਦਾ ਪਤਾ ਲਾਉਣ ਦੇ ਵੀ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਬੰਦੂਕਧਾਰੀ ਦੀ ਲਾਸ਼ ਮਿਲਣ ਤੋਂ ਬਾਅਦ ਸ਼ਾਮ 6 ਵਜੇ ਲੋਕਾਂ ਨੂੰ ਸੁਰੱਖਿਆ ਬਾਰੇ ਜਾਰੀ ਕੀਤੀ ਚੌਕਸੀ ਵਾਪਸ ਲੈ ਲਈ ਗਈ ਹੈ ਤੇ ਹੁਣ ਉਹ ਕਿੱਧਰੇ ਵੀ ਆ ਜਾ ਸਕਦੇ ਹਨ। ਪੁਲੀਸ ਨੇ ਅਜੇ ਤੱਕ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਪਛਾਣ ਜਾਰੀ ਨਹੀਂ ਕੀਤੀ ਹੈ। ਕੈਨੇਡਾ ਦੇ ਸਕੂਲ ਵਿੱਚ ਹੋਈ ਗੋਲੀਬਾਰੀ ਦੀ ਗੋਲੀਬਾਰੀ ਦੀ ਇਸ ਘਟਨਾ ਨੇ ਆਮ ਲੋਕਾਂ ਦੀ ਸੁਰੱਖਿਆ ਬਾਰੇ ਵੱਡੀਆਂ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

ਟੰਬਲਰ ਰਿਜ ਵੈਨਕੂਵਰ ਤੋਂ 1,000 ਕਿਲੋਮੀਟਰ (600 ਮੀਲ) ਤੋਂ ਵੱਧ ਉੱਤਰ ਵਿੱਚ ਅਲਬਰਟਾ ਦੀ ਸਰਹੱਦ ਦੇ ਨੇੜੇ ਸਥਿਤ ਹੈ। ਸੂਬਾਈ ਸਰਕਾਰ ਦੀ ਵੈੱਬਸਾਈਟ ਟੰਬਲਰ ਰਿਜ ਸੈਕੰਡਰੀ ਸਕੂਲ ਵਿੱਚ 7ਵੀਂ ਤੋਂ 12ਵੀਂ ਜਮਾਤ ਤੱਕ ਦੇ 175 ਵਿਦਿਆਰਥੀ ਦਰਸਾਉਂਦੀ ਹੈ। ਕੈਨੇਡਾ ਵਿੱਚ ਸਕੂਲੀ ਗੋਲੀਬਾਰੀ ਦੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ।

## ਕੀਨੀਆ 'ਚ ਸੋਕੇ...

ਕਰੀਬ 10 ਜ਼ਿਲ੍ਹੇ ਇਸ ਸਮੇਂ ਸੋਕੇ ਦਾ ਸਾਹਮਣਾ ਕਰ ਰਹੇ ਹਨ। ਸੋਮਾਲੀਆ ਦੀ ਸਰਹੱਦ ਨਾਲ ਲਗਦੇ ਕੀਨੀਆ ਦੇ ਉੱਤਰ-ਪੂਰਬੀ ਮੰਡੇਰਾ ਜ਼ਿਲ੍ਹੇ 'ਚ ਸਥਿਤੀ ਚੇਤਾਵਨੀ ਦੇ ਪੱਧਰ ਉਤੇ ਪਹੁੰਚ ਗਈ ਹੈ। ਇਸ ਦਾ ਮਤਲਬ ਇਹ ਹੋਇਆ ਕਿ ਪਾਣੀ ਦੀ ਭਾਰੀ ਘਾਟ ਕਾਰਨ ਪਸ਼ੂ ਮਰ ਰਹੇ ਹਨ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਜਨਵਰੀ ਦੇ ਅਖੀਰ 'ਚ, ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਇਹੀ ਸਮੱਸਿਆ ਸੋਮਾਲੀਆ, ਤਨਜ਼ਾਨੀਆ ਅਤੇ ਇੱਥੋਂ ਤਕ ਕਿ ਯੂਗਾਂਡਾ ਵਿਚ ਵੀ ਫੈਲ ਰਹੀ ਹੈ, ਜਿੱਥੇ ਲੋਕ ਇਕੋ ਜਿਹੇ ਮੌਸਮ ਅਤੇ ਪਾਣੀ ਦੀ ਗੰਭੀਰ ਘਾਟ ਨਾਲ ਜੂਝ ਰਹੇ ਹਨ।

ਹਾਲ ਹੀ ਦੇ ਹਫ਼ਤਿਆਂ 'ਚ, ਸੋਮਾਲੀਆ ਦੀ ਸਰਹੱਦ ਦੇ ਨੇੜੇ ਸੋਕੇ ਤੋਂ ਪ੍ਰਭਾਵਤ ਇਲਾਕਿਆਂ ਤੋਂ ਹੈਰਾਨ ਕਰਨ ਵਾਲੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਜਿਸ ਵਿਚ ਪਸ਼ੂਆਂ ਨੂੰ ਬਹੁਤ ਕਮਜ਼ੋਰ ਅਤੇ ਕੁਪੋਸ਼ਣ ਦੀ ਸਥਿਤੀ ਵਿਚ ਵਿਖਾਇਆ ਗਿਆ ਹੈ। ਇਹ ਖੇਤਰ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨਾਲ ਜੂਝ ਰਿਹਾ ਹੈ। ਹਾਲ ਹੀ ਦੇ ਸਾਲਾਂ 'ਚ, ਕੁੱਝ ਖੇਤਰਾਂ ਵਿਚ ਬਰਸਾਤ ਦੇ ਮੌਸਮ ਦੀ ਮਿਆਦ ਘਟਾ ਦਿਤੀ ਗਈ ਹੈ, ਜਿਸ ਨਾਲ ਸੋਕੇ ਦੀ ਸਥਿਤੀ ਪੈਦਾ ਹੋ ਗਈ ਹੈ। ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਮੁਤਾਬਕ ਅਕਤੂਬਰ ਤੋਂ ਦਸੰਬਰ ਦੇ ਵਿਚਕਾਰ ਬਰਸਾਤ ਦਾ ਮੌਸਮ ਹੁਣ ਤਕ ਦੇ ਸੱਭ ਤੋਂ ਖੁਸ਼ਕ ਮੌਸਮ ਵਿਚੋਂ ਇਕ ਸੀ।

## ਨੇਪਾਲ 'ਚ ਵੱਡਾ...

ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਨੇ ਬੱਸ ਚਾਲਕ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਇਸ ਦੇ ਨਾਲ ਹੀ ਪੁਲਿਸ ਦੀ ਟੀਮ ਅਜੇ ਵੀ ਬਚਾਅ ਕਾਰਜ (ਰੇਸਕਿਊ ਆਪ੍ਰੇਸ਼ਨ) ਵਿੱਚ ਜੁਟੀ ਹੋਈ ਹੈ। ਫਿਲਹਾਲ 12 ਮ੍ਰਿਤਕਾਂ ਵਿੱਚੋਂ 10 ਲੋਕਾਂ ਦੀ ਪਛਾਣ ਕਰ ਲਈ ਗਈ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਮੰਗਲਵਾਰ ਵਾਪਰੀ। ਜਾਣਕਾਰੀ ਮੁਤਾਬਕ ਬੱਸ ਕਾਠਮਾਂਡੂ ਤੋਂ ਓਖਲਢੁੰਗਾ ਜਾ ਰਹੀ ਸੀ। ਇਸੇ ਦੌਰਾਨ ਬਾਗਮਤੀ ਸੂਬੇ ਦੀ ਰਾਮੇਛਾਪ ਨਗਰਪਾਲਿਕਾ ਵਿੱਚ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ ਅਤੇ ਤਾਮਾਕੋਸ਼ੀ ਨਦੀ ਵਿੱਚ ਡਿੱਗ ਗਈ। ਤਾਮਾਕੋਸ਼ੀ, ਨੇਪਾਲ ਦੀ ਰਾਜਧਾਨੀ ਕਾਠਮਾਂਡੂ ਤੋਂ 150 ਕਿਲੋਮੀਟਰ ਪੂਰਬ ਵਿੱਚ ਸਥਿਤ ਹੈ। ਰਾਮੇਛਾਪ ਦੇ ਪੁਲਿਸ ਇੰਸਪੈਕਟਰ ਰਾਜਨ ਪ੍ਰਸਾਦ ਤਿਮਿਲਸਿਨਾ ਨੇ ਕਿਹਾ ਕਿ ਇਸ ਬੱਸ ਹਾਦਸੇ ਵਿੱਚ ਡਰਾਈਵਰ ਸਮੇਤ ਅੱਠ ਲੋਕ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਦਾ ਇਲਾਜ ਖੁਰਕੋਟ ਸਥਿਤ ਜੀਵਨ ਹਸਪਤਾਲ ਅਤੇ ਮੰਥਲੀ ਹਸਪਤਾਲ ਵਿੱਚ ਕੀਤਾ ਜਾ ਰਿਹਾ ਹੈ। ਸਥਾਨਕ ਨਿਵਾਸੀਆਂ, ਸੁਰੱਖਿਆ ਕਰਮੀਆਂ ਅਤੇ ਬਚਾਅ ਟੀਮਾਂ ਨੇ ਹਾਦਸੇ ਵਾਲੀ ਥਾਂ ਤੋਂ ਜ਼ਖ਼ਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਪਹੁੰਚਾਇਆ। ਫਿਲਹਾਲ ਪੁਲਿਸ ਨੇ ਬੱਸ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਲਾਪਤਾ ਮੁਸਾਫ਼ਰਾਂ ਦੀ ਭਾਲ ਲਈ ਮੁਹਿੰਮ ਅਜੇ ਵੀ ਜਾਰੀ ਹੈ। ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

## ICE ਵੱਲੋਂ ਨਿਊਜਰਸੀ...

ਜਾਂਚ ਕੀਤੀ ਗਈ, ਪਰ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਸਥਾਨਕ ਸਿੱਖ ਲੀਡਰਸ਼ਿਪ ਨਾਲ ਸੰਪਰਕ ਕਰਨ ਤੋਂ ਬਾਅਦ ਇਸ ਘਟਨਾ ਦੀ ਪੁਸ਼ਟੀ ਹੋਈ।

ਇਸ ਘਟਨਾ ਨੂੰ ਸਿੱਖ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਮੰਨਿਆ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ, ਗੁਰਦੁਆਰੇ ਦਾ ਦਰਵਾਜ਼ਾ ਖੁੱਲ੍ਹਾ ਛੱਡ ਦਿੱਤਾ ਗਿਆ ਹੋ ਸਕਦਾ ਹੈ, ਜਿਸ ਨਾਲ ICE ਏਜੰਟ ਬਿਨਾਂ ਕਿਸੇ ਰੁਕਾਵਟ ਦੇ ਅੰਦਰ ਜਾ ਸਕਦੇ ਸਨ।

ਸਿੱਖ ਆਗੂਆਂ ਨੇ ਕਿਹਾ ਹੈ ਕਿ ਸਾਰੇ ਗੁਰਦੁਆਰਿਆਂ ਨੂੰ ਆਪਣੇ ਰਾਗੀਆਂ, ਸੰਗਤ ਅਤੇ ਸੇਵਾਦਾਰਾਂ ਦੀ ਸੁਰੱਖਿਆ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸੁਰੱਖਿਆ ਅਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਭਾਈਚਾਰੇ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਹ ਜਾਣਕਾਰੀ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਾਂਝੀ ਕਰਨ ਅਤੇ ਭਵਿੱਖ ਵਿਚ ਵਧੇਰੇ ਸਾਵਧਾਨੀ ਵਰਤਣ। ਮੌਜੂਦਾ ਸਥਿਤੀ ਵਿਚ ਚੌਕਸ ਰਹਿਣਾ ਬਹੁਤ ਜ਼ਰੂਰੀ ਹੈ।

## ਸਰਕਾਰ ਨੇ ਅਮਰੀਕਾ...

ਬਾਰੇ ਗੱਲਬਾਤ ਕੀਤੀ ਹੁੰਦੀ, ਤਾਂ ਉਹ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਕਹਿੰਦੇ ਕਿ ਉਨ੍ਹਾਂ ਨੂੰ ਭਾਰਤ ਨਾਲ ਬਰਾਬਰ ਦਾ ਵਿਵਹਾਰ ਕਰਨਾ ਚਾਹੀਦਾ ਹੈ। ਇਸ ਦੌਰਾਨ ਸੱਤਾਧਾਰੀ ਧਿਰ ਦੇ ਸੰਸਦ ਮੈਂਬਰ ਉੱਠ ਕੇ ਰਾਹੁਲ ਗਾਂਧੀ ਨੂੰ ਵਾਰ ਵਾਰ ਟੋਕਦੇ ਰਹੇ ਤੇ ਉਨ੍ਹਾਂ ਵੱਲੋਂ ਕੀਤੇ ਦਾਅਵਿਆਂ ਨੂੰ 'ਬੇਬੁਨਿਆਦ' ਦੱਸਿਆ ਤੇ ਸਾਬਤ ਕਰਨ ਦੀ ਚੁਣੌਤੀ ਦਿੱਤੀ।

### ਬਿਰਲਾ ਵੱਲੋਂ ਬੇਭਰੋਸਗੀ ਮਤੇ ਵਿਚਲੀਆਂ ਕਮੀਆਂ ਦੂਰ ਕਰਨ ਦੀ ਹਦਾਇਤ

ਨਵੀਂ ਦਿੱਲੀ: ਵਿਰੋਧੀ ਧਿਰਾਂ ਵੱਲੋਂ ਸਪੀਕਰ ਓਮ ਬਿਰਲਾ ਨੂੰ ਹਟਾਉਣ ਲਈ ਲਿਆਂਦੇ ਬੇਭਰੋਸਗੀ ਮਤੇ ਨੂੰ ਇਸ ਦੇ ਖਰੜੇ ਵਿਚਲੀਆਂ ਊਣਤਾਈਆਂ ਕਰਕੇ ਰੱਦ ਕੀਤਾ ਜਾ ਸਕਦਾ ਹੈ। ਸੰਸਦੀ ਸੂਤਰਾਂ ਨੇ ਕਿਹਾ ਕਿ ਬਿਰਲਾ ਨੇ ਲੋਕ ਸਭਾ ਸਕੱਤਰੇਤ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਤਾਂ ਕਿ ਇਸ ਮਤੇ ਛੇਤੀ ਸਦਨ ਵਿਚ ਸੂਚੀਬੱਧ ਕੀਤਾ ਜਾ ਸਕੇ। ਵਿਰੋਧੀ ਧਿਰਾਂ ਦੇ 118 ਸੰਸਦ ਮੈਂਬਰਾਂ ਦੀ ਸਹੀ ਵਾਲਾ ਇਹ ਮਤਾ ਮੰਗਲਵਾਰ ਦੁਪਹਿਰੇ ਲੋਕ ਸਭਾ ਦੇ ਸਕੱਤਰ ਜਨਰਲ ਉਤਪਲ ਕੁਮਾਰ ਸਿੰਘ ਕੋਲ ਜਮ੍ਹਾਂ ਕੀਤਾ ਗਿਆ ਸੀ। ਮਗਰੋਂ ਉਸੇ ਦਿਨ ਵਿਰੋਧੀ ਧਿਰਾਂ ਨੇ ਮਤਾ ਵਾਪਸ ਲੈ ਲਿਆ ਤੇ ਤਰੀਕ ਵਿਚ ਸੋਧ ਕਰਕੇ ਇਸ ਦੀ ਥਾਂ ਨਵਾਂ ਮਤਾ ਦਾਖਲ ਕੀਤਾ।

ਸੂਤਰਾਂ ਨੇ ਕਿਹਾ, "ਮਤੇ ਵਿਚ ਫਰਵਰੀ 2025 ਦੀਆਂ ਘਟਨਾਵਾਂ ਦਾ ਚਾਰ ਵਾਰ ਜ਼ਿਕਰ ਕੀਤਾ ਗਿਆ ਗਿਆ ਹੈ, ਜਿਸ ਦੇ ਅਧਾਰ 'ਤੇ ਨੇਮਾਂ ਮੁਤਾਬਕ ਇਸ ਨੂੰ ਰੱਦ ਕੀਤਾ ਜਾ ਸਕਦਾ ਹੈ।" ਸਪੀਕਰ ਨੇ ਲੋਕ ਸਭਾ ਸਕੱਤਰੇਤ ਨੂੰ ਹਦਾਇਤ ਕੀਤੀ ਕਿ ਉਹ ਨੁਕਸਦਾਰ ਨੋਟਿਸ ਨੂੰ ਦਰੁਸਤ ਕਰਨ ਤੇ ਮਗਰੋਂ ਇਸ 'ਤੇ ਕਾਰਵਾਈ ਕਰਨ।" ਅਧਿਕਾਰੀ ਨੇ ਕਿਹਾ, "ਬਿਰਲਾ ਨੇ ਨੇਮਾਂ ਮੁਤਾਬਕ ਕਾਰਵਾਈ ਦੇ ਹੁਕਮ ਦਿੱਤੇ ਹਨ।" ਸੂਤਰਾਂ ਨੇ ਕਿਹਾ ਕਿ ਸੋਧਿਆ ਹੋਇਆ ਨੋਟਿਸ ਮਿਲਣ ਮਗਰੋਂ ਨੇਮਾਂ ਮੁਤਾਬਕ ਤੇਜ਼ੀ ਨਾਲ ਇਸ 'ਤੇ ਨਜ਼ਰਸਾਨੀ ਕੀਤੀ ਜਾਵੇਗੀ।" ਵਿਰੋਧੀ ਧਿਰਾਂ ਨੇ ਓਮ ਬਿਰਲਾ ਨੂੰ ਅਹੁਦੇ ਤੋਂ ਲਾਂਭੇ ਕੀਤੇ ਜਾਣ ਦੀ ਮੰਗ ਕਰਦਿਆਂ ਮੰਗਲਵਾਰ ਨੂੰ ਲੋਕ ਸਭਾ ਵਿਚ ਸਪੀਕਰ ਖਿਲਾਫ਼ ਬੇਭਰੋਸਗੀ ਮਤਾ ਲਿਆਂਦਾ ਸੀ। ਵਿਰੋਧੀ ਧਿਰਾਂ ਨੇ ਬਿਰਲਾ 'ਤੇ 'ਪੱਖਪਾਤੀ ਰਵੱਈਆ' ਅਖ਼ਤਿਆਰ ਕਰਨ ਦਾ ਦੋਸ਼ ਲਾਇਆ ਹੈ।

### ਮੋਦੀ ਨੇ ਨਹੀਂ, ਕਾਂਗਰਸ ਨੇ ਦੇਸ਼ ਵੇਚਿਆ: ਸੀਤਾਰਾਮਨ

ਨਵੀਂ ਦਿੱਲੀ: ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅੱਜ ਲੋਕ ਸਭਾ ਵਿਚ ਕੇਂਦਰੀ ਬਜਟ 'ਤੇ ਬਹਿਸ ਦਾ ਜਵਾਬ ਦਿੰਦਿਆਂ ਕਿਹਾ ਕਿ ਦੇਸ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਹੀਂ, ਬਲਕਿ ਕਾਂਗਰਸ ਨੇ ਵੇਚਿਆ ਹੈ। ਰਾਹੁਲ ਗਾਂਧੀ 'ਤੇ ਪਲਟਵਾਰ ਕਰਦਿਆਂ ਸੀਤਾਰਾਮਨ ਨੇ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਨੇ ਡਬਲਿਊ ਟੀ ਓ ਸਣੇ ਕੌਮਾਂਤਰੀ ਸੰਸਥਾਵਾਂ ਅੱਗੇ ਭਾਰਤੀ ਹਿੱਤਾਂ ਨੂੰ ਲੈ ਕੇ ਗੋਡੇ ਟੇਕੇ ਅਤੇ ਗਰੀਬਾਂ ਤੇ ਕਿਸਾਨਾਂ ਦੇ ਹਿੱਤਾਂ ਨੂੰ ਹੀ ਨਹੀਂ ਬਲਕਿ ਦੇਸ਼ ਨੂੰ ਵੀ 'ਵੇਚ' ਦਿੱਤਾ। ਕੇਂਦਰੀ ਮੰਤਰੀ ਨੇ ਸ਼ਰਮ ਅਲ-ਸ਼ੇਖ ਸਾਂਝੇ ਐਲਾਨਨਾਮੇ ਦੇ ਹਵਾਲੇ ਨਾਲ ਪਿਛਲੀ (ਯੂ ਪੀ ਏ) ਸਰਕਾਰ 'ਤੇ ਪਾਕਿਸਤਾਨ ਨਾਲ ਆਪਣੀ ਗੱਲਬਾਤ ਵਿੱਚ ਪ੍ਰਭੂਸੱਤਾ ਅਤੇ ਸੁਰੱਖਿਆ ਬਾਰੇ ਭਾਰਤ ਦੀ ਸਥਿਤੀ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਸ਼ਰਮ-ਅਲ-ਸ਼ੇਖ ਵਿਚ ਪਾਕਿਸਤਾਨ ਨਾਲ ਗੱਲਬਾਤ ਦੀ ਇੱਛਾ ਰੱਖਣ ਵਾਲੇ ਸਾਨੂੰ ਹੁਣ ਗੱਲਬਾਤ ਬਾਰੇ ਸੁਝਾਅ ਦੇ ਰਹੇ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅੱਜ ਕਿਹਾ ਕਿ ਸਰਕਾਰ ਨੇ ਅਗਲੇ ਵਿੱਤੀ ਸਾਲ ਲਈ ਖਰਚੇ ਵਜੋਂ ਕੁੱਲ 53.47 ਲੱਖ ਕਰੋੜ ਰੁਪਏ ਦਾ ਬਜਟ ਅਨੁਮਾਨ ਰੱਖਿਆ ਹੈ, ਜੋ 31 ਮਾਰਚ ਨੂੰ ਖਤਮ ਹੋਣ ਵਾਲੇ ਮੌਜੂਦਾ ਵਿੱਤੀ ਸਾਲ ਨਾਲੋਂ 7.7 ਫੀਸਦ ਵੱਧ ਹੈ। ਸੋਧੇ ਅਨੁਮਾਨਾਂ ਮੁਤਾਬਕ ਮੌਜੂਦਾ ਵਿੱਤੀ ਸਾਲ ਲਈ ਬਜਟ 49.64 ਲੱਖ ਕਰੋੜ ਹੈ, ਜੋ ਫਰਵਰੀ 2025 ਵਿਚ ਅਨੁਮਾਨਤ 50.65 ਲੱਖ ਕਰੋੜ ਰੁਪਏ ਨਾਲੋਂ ਘੱਟ ਹੈ। ਸੀਤਾਰਾਮਨ ਨੇ ਲੋਕ ਸਭਾ ਵਿਚ ਕੇਂਦਰੀ ਬਜਟ 'ਤੇ ਚਰਚਾ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਅਗਲੇ ਵਿੱਤੀ ਸਾਲ ਵਿਚ ਕੁੱਲ ਖਰਚਾ 53.47 ਲੱਖ ਕਰੋੜ ਰਹਿਣ ਦਾ ਅਨੁਮਾਨ ਹੈ, ਜੋ ਟੈਕਸ ਤੋਂ ਹੋਣ ਵਾਲੀ ਕਮਾਈ ਤੋਂ ਕਿਤੇ ਵੱਧ ਹੈ।

## ਕੈਨੇਡਾ 'ਚ ਗੈਂਗਸਟਰਾਂ...

ਪੁਲਿਸ ਨੇ ਹੁਣ ਇੱਕ ਹੈਲਪਲਾਈਨ, ਸਰੀ ਐਕਸਟੋਰਸ਼ਨ ਟਿਪ ਲਾਈਨ (236-485-5149) ਸ਼ੁਰੂ ਕੀਤੀ ਹੈ, ਜਿਸਦੀ ਨਿਗਰਾਨੀ ਹਫ਼ਤੇ ਦੇ ਸੱਤ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕੀਤੀ ਜਾਂਦੀ ਹੈ।

ਸਰੀ ਸ਼ਹਿਰ ਨੇ ਵਧਦੇ ਜ਼ੁਰਮ ਨੂੰ ਰੋਕਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ, ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਵਾਲਿਆਂ ਲਈ $250,000 (ਲਗਭਗ 2 ਕਰੋੜ ਤੋਂ ਵੱਧ) ਦਾ ਇਨਾਮ ਫੰਡ ਬਣਾਇਆ ਗਿਆ ਹੈ। ਇਹ ਫੰਡ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਵਾਲੀ ਜਾਣਕਾਰੀ ਲਈ $100,000 ਤੱਕ ਦੀ ਪੇਸ਼ਕਸ਼ ਕਰਦਾ ਹੈ। ਇਹ ਕੈਨੇਡੀਅਨ ਇਤਿਹਾਸ ਵਿੱਚ ਸਭ ਤੋਂ ਵੱਡੇ ਪੁਲਿਸ ਇਨਾਮਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਸਰੀ ਪੁਲਿਸ ਸਰਵਿਸਿਜ਼ ਨੇ ਜਬਰਦਸਤੀ ਦੀ ਜਾਂਚ ਲਈ ਬਣਾਈ ਗਈ ਇੱਕ ਟਾਸਕ ਫੋਰਸ ਵਿੱਚ 15 ਅਧਿਕਾਰੀ ਅਤੇ ਸਿਵਲੀਅਨ ਕਰਮਚਾਰੀ ਤਾਇਨਾਤ ਕੀਤੇ ਹਨ। ਟਾਸਕ ਫੋਰਸ ਵਿੱਚ ਹੋਰ ਏਜੰਸੀਆਂ ਦੇ ਅਧਿਕਾਰੀ ਵੀ ਸ਼ਾਮਲ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੀ ਜਾਂਚ ਵਿੱਚ ਸ਼ਾਮਲ ਹੈ।

## ਪ੍ਰਦਰਸ਼ਨਾਂ ਦੌਰਾਨ ਹੁਣ...

ਇਸ ਦੌਰਾਨ ਇਰਾਨੀ ਅਧਿਕਾਰੀ ਅਲੀ ਲਾਰੀਜਾਨੀ ਕਤਰ ਅਤੇ ਓਮਾਨ ਵਰਗੇ ਦੇਸ਼ਾਂ ਨਾਲ ਮੁਲਾਕਾਤਾਂ ਕਰ ਰਹੇ ਹਨ ਤਾਂ ਜੋ ਕੋਈ ਵਿਚਲਾ ਰਸਤਾ ਕੱਢਿਆ ਜਾ ਸਕੇ। ਪੁਲੀਸ ਅਤੇ ਸੁਰੱਖਿਆ ਬਲਾਂ ਦੀ ਸਖ਼ਤੀ ਕਾਰਨ ਇਰਾਨ ਦੀਆਂ ਗਲੀਆਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

# ਥਾਈਲੈਂਡ ਦੇ ਸਕੂਲ 'ਚ 18 ਸਾਲਾ ਬੰਦੂਕਧਾਰੀ ਨੇ ਕੀਤੀ ਗੋਲੀਬਾਰੀ, 3 ਜ਼ਖਮੀ



ਥਾਈਲੈਂਡ ਵਿੱਚ ਇੱਕ ਬੰਦੂਕਧਾਰੀ ਨੇ ਦਹਿਸ਼ਤ ਫੈਲਾ ਦਿੱਤੀ ਹੈ। ਉਸਨੇ ਇੱਕ ਸਕੂਲ ਵਿੱਚ ਦਾਖਲ ਹੋ ਕੇ ਅਧਿਆਪਕਾਂ ਅਤੇ ਬੱਚਿਆਂ ਨੂੰ ਬੰਧਕ ਬਣਾ ਲਿਆ ਸੀ। ਪੁਲਿਸ ਨੇ ਕਿਹਾ ਕਿ ਬੰਦੂਕਧਾਰੀ ਸਕੂਲ ਵਿੱਚ ਉਸੇ ਸਮੇਂ ਦਾਖਲ ਹੋਇਆ ਜਦੋਂ ਸਕੂਲ ਛੁੱਟੀ ਹੋਣ ਵਾਲਾ ਸੀ। ਬਾਅਦ ਵਿੱਚ ਇੱਕ ਅਪਡੇਟ ਵਿੱਚ, ਇੱਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਬੁੱਧਵਾਰ ਨੂੰ ਦੱਖਣੀ ਥਾਈਲੈਂਡ ਦੇ ਹਾਟ ਯਾਈ ਜ਼ਿਲ੍ਹੇ ਦੇ ਇੱਕ ਸਕੂਲ ਵਿੱਚ ਗੋਲੀਬਾਰੀ ਕਰਨ ਵਾਲੇ ਬੰਦੂਕਧਾਰੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਸਾਰੇ ਬੰਧਕਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਬੁੱਧਵਾਰ ਨੂੰ ਸੋਂਗਖਲਾ ਸੂਬੇ ਦੇ ਹਾਟ ਯਾਈ ਦੇ ਪਟੋਂਗਪ੍ਰਥਾਨਕੀਰੀਵਾਤ ਸਕੂਲ ਵਿੱਚ ਇੱਕ 18 ਸਾਲਾ ਲੜਕਾ ਬੰਦੂਕ ਲੈ ਕੇ ਦਾਖਲ ਹੋਇਆ ਸੀ।

ਘਟਨਾ ਦੀ ਜਾਣਕਾਰੀ ਮਿਲਦੇ ਹੀ ਹਥਿਆਰਬੰਦ ਪੁਲਿਸ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਸਨ। ਸੈਂਕੜੇ ਬੱਚੇ ਸਕੂਲ ਵਿੱਚੋਂ ਭੱਜਣ ਵਿੱਚ ਕਾਮਯਾਬ ਹੋ ਗਏ। ਕਈ ਅਧਿਆਪਕ ਅਤੇ ਵਿਦਿਆਰਥੀ ਇਮਾਰਤ ਦੇ ਅੰਦਰ ਫਸ ਗਏ ਸਨ ਅਤੇ ਹੁਣ ਉਨ੍ਹਾਂ ਨੂੰ ਬਾਹਰ ਕੱਢ ਲਿਆ ਗਿਆ ਹੈ। ਹਾਟ ਯਾਈ ਜ਼ਿਲ੍ਹੇ ਦੇ ਅਧਿਕਾਰੀਆਂ ਨੇ ਕਿਹਾ ਕਿ ਹਿਰਾਸਤ ਵਿੱਚ ਲਏ ਗਏ ਬੰਦੂਕਧਾਰੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਗੋਲੀਬਾਰੀ ਤੋਂ ਬਚ ਨਿਕਲਣ ਵਾਲੇ ਇੱਕ ਸੁਰੱਖਿਆ ਗਾਰਡ ਨੇ ਕਿਹਾ ਕਿ ਬੰਦੂਕਧਾਰੀ ਨੇ ਸਕੂਲ ਦੇ ਹੈੱਡਮਾਸਟਰ ਨੂੰ ਗੋਲੀ ਮਾਰ ਦਿੱਤੀ ਹੈ। ਇੱਕ ਹੋਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸ ਘਟਨਾ ਵਿੱਚ ਘੱਟੋ-ਘੱਟ 3 ਲੋਕ ਜ਼ਖਮੀ ਹੋਏ ਹਨ।

# ਬਠਿੰਡਾ ਅਦਾਲਤ ਨੇ ਬਲਾਤਕਾਰ ਦੇ ਦੋਸ਼ੀ ਥਾਣੇਦਾਰ ਗੁਰਵਿੰਦਰ ਸਿੰਘ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ

ਬਠਿੰਡਾ : ਬਠਿੰਡਾ ਦੀ ਜ਼ਿਲ੍ਹਾ ਅਦਾਲਤ ਨੇ ਸੀ.ਆਈ.ਏ. ਦੇ ਥਾਣੇਦਾਰ ਗੁਰਵਿੰਦਰ ਸਿੰਘ ਨੂੰ ਬਲਾਤਕਾਰ ਦੇ ਇੱਕ ਮਾਮਲੇ ਵਿੱਚ ਬੁੱਧਵਾਰ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਹੈ । ਇਹ ਮਾਮਲਾ ਮਈ 2021 ਦਾ ਹੈ, ਜਿਸ ਦੀ ਸੁਣਵਾਈ ਪਿਛਲੇ ਚਾਰ ਸਾਲਾਂ ਤੋਂ ਚੱਲ ਰਹੀ ਸੀ। ਮੁੱਖ ਗਵਾਹ ਨੇ ਦੱਸਿਆ ਕਿ ਮਈ 2021 ਵਿੱਚ ਥਾਣੇਦਾਰ ਗੁਰਵਿੰਦਰ ਸਿੰਘ ਨੇ ਪੀੜਤ ਔਰਤ ਦੇ ਬੇਟੇ ਵਿਰੁੱਧ ਥਾਣਾ ਕੈਂਟ ਵਿੱਚ ਨਸ਼ਾ ਤਸਕਰੀ ਦਾ ਕੇਸ ਦਰਜ ਕੀਤਾ ਸੀ । ਇਸ ਤੋਂ ਬਾਅਦ ਉਸ ਨੇ ਔਰਤ 'ਤੇ ਸਰੀਰਕ ਸਬੰਧ ਬਣਾਉਣ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ।


ਗਵਾਹ ਅਨੁਸਾਰ ਥਾਣੇਦਾਰ ਨੇ ਪਹਿਲਾਂ 10 ਮਈ ਨੂੰ ਆਪਣੀ ਗੱਡੀ ਵਿੱਚ ਔਰਤ ਨਾਲ ਬਲਾਤਕਾਰ ਕੀਤਾ। ਅਗਲੇ ਦਿਨ ਰਾਤ ਨੂੰ ਉਹ ਔਰਤ ਦੇ ਘਰ ਪਹੁੰਚਿਆ ਅਤੇ ਜ਼ਬਰਦਸਤੀ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ। ਔਰਤ ਦੇ ਸ਼ੋਰ ਮਚਾਉਣ 'ਤੇ ਉਸ ਦੇ ਪਰਿਵਾਰ ਵਾਲਿਆਂ ਅਤੇ ਪਿੰਡ ਵਾਸੀਆਂ ਨੇ ਥਾਣੇਦਾਰ ਨੂੰ ਮੌਕੇ 'ਤੇ ਹੀ ਫੜ ਲਿਆ ਅਤੇ ਥਾਣਾ ਨਥਾਣਾ ਪੁਲਿਸ ਦੇ ਹਵਾਲੇ ਕਰ ਦਿੱਤਾ।

# ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਗਈ ਜਾਨ

## 3 ਦਿਨ ਪਹਿਲਾਂ ਹੀ ਮਿਲਿਆ ਸੀ ਵਰਕ ਪਰਮਿਟ



ਕੈਨੇਡਾ ਦੇ ਬਰੰਪਟਨ ਤੋਂ ਬਹੁਤ ਹੀ ਮੰਦਭਾਗੀ ਖਬਰ ਸਾਹਮਣੇ ਆਈ ਹੈ ਜਿਥੇ ਪੰਜਾਬੀ ਨੌਜਵਾਨ ਦੀ ਜਾਨ ਚਲੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਮੋਗਾ ਦੇ ਪਿੰਡ ਤਖਾਣਵਧ ਦੇ ਨੌਜਵਾਨ ਦੀ ਦਿਲਦਾ ਦੌਰਾ ਪੈਣ ਕਰਕੇ ਜਾਨ ਚਲੀ ਗਈ ਹੈ। ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਦੱਸ ਦੇਈਏ ਕਿ ਮ੍ਰਿਤਕ ਦੀ ਪਛਾਣ ਸੁਖਜਿੰਦਰ ਸਿੰਘ ਵਜੋਂ ਹੋਈ ਹੈ ਤੇ ਉਸ ਸੁਨਹਿਰੀ ਭਵਿੱਖ ਦੀ ਆਸ ਲਏ ਤਿੰਨ ਸਾਲ ਪਹਿਲਾਂ ਕੈਨੇਡਾ ਗਿਆ ਸੀ ਤੇ ਅਜੇ 3 ਦਿਨ ਪਹਿਲਾਂ ਹੀ ਉਸ ਨੂੰ ਵਰਕ ਪਰਮਿਟ ਮਿਲਿਆ ਸੀ। ਇਹ ਵੀ ਖਬਰ ਹੈ ਕਿ ਕੈਨੇਡਾ ਤੋਂ ਪਿੰਡ ਮੁੜਨ ਤੋਂ 8 ਦਿਨ ਪਹਿਲਾਂ ਹੀ ਮੁੰਡੇ ਦੇ ਸਾਹ ਨਿਕਲ ਗਏ। ਮਾਪਿਆਂ ਦਾ ਹਾਲ ਨਹੀਂ ਦੇਖ ਹੁੰਦਾ। ਪਰਿਵਾਰਕ ਮੈਂਬਰਾਂ ਅਤੇ ਪਿੰਡ ਦੇ ਲੋਕਾਂ ਵਿਚ ਸੁਖਜਿੰਦਰ ਸਿੰਘ ਦੀ ਮੌਤ ਨੂੰ ਲੈ ਕੇ ਕਾਫੀ ਰੋਸ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਾਡੀਆਂ ਸਰਕਾਰਾਂ ਸਾਡੇ ਬੱਚਿਆਂ ਨੂੰ ਪੰਜਾਬ ਵਿੱਚ ਰੁਜ਼ਗਾਰ ਦੇਣ ਤਾਂ ਸਾਡੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਜਾਣ ਦੀ ਕੀ ਲੋੜ ਹੈ। ਪਰਿਵਾਰ ਮੁਤਾਬਕ ਉਹ ਬੜੀ ਮੁਸ਼ਕਿਲ ਨਾਲ ਆਪਣੇ ਪੁੱਤ ਦੀ ਲਾਸ਼ ਨੂੰ ਪਿੰਡ ਲੈ ਕੇ ਆਏ ਤੇ ਅੱਜ ਪਿੰਡ ਤਖਾਣਵੱਧ ਵਿਖੇ ਸੁਖਜਿੰਦਰ ਸਿੰਘ ਦਾ ਸਸਕਾਰ ਕਰ ਦਿੱਤਾ ਗਿਆ।









# ਅਮਰੀਕਾ 'ਚ ਚੱਲਦੀ ਸੜਕ 'ਤੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ



ਅਮਰੀਕਾ ਦੇ ਜਾਰਜੀਆ ਰਾਜ ਵਿੱਚ ਇੱਕ ਛੋਟੇ ਜਹਾਜ਼ ਨੇ ਇੱਕ ਵਿਅਸਤ ਸੜਕ 'ਤੇ ਐਮਰਜੈਂਸੀ ਲੈਂਡਿੰਗ ਕੀਤੀ ਅਤੇ ਕਈ ਵਾਹਨਾਂ ਨਾਲ ਟਕਰਾ ਗਿਆ। ਇਹ ਹਾਦਸਾ ਗੇਨਸਵਿਲੇ ਸ਼ਹਿਰ ਵਿੱਚ ਵਾਪਰਿਆ ਹੈ। ਪਾਇਲਟ ਨੂੰ ਸੜਕ ਕਿਨਾਰੇ ਲੈਂਡਿੰਗ ਕਰਨੀ ਪਈ। ਤਕਨੀਕੀ ਖਰਾਬੀ ਕਾਰਨ ਜਹਾਜ਼ ਹੁਣ ਹਵਾਈ ਅੱਡੇ 'ਤੇ ਨਹੀਂ ਪਹੁੰਚ ਸਕਿਆ।

ਪੁਲਿਸ ਅਤੇ ਅਧਿਕਾਰੀਆਂ ਦੇ ਅਨੁਸਾਰ, ਇਹ ਜਹਾਜ਼, ਇੱਕ ਸਿੰਗਲ-ਇੰਜਣ ਸਿਖਲਾਈ ਜਹਾਜ਼, ਇੱਕ ਹਾਕਰ ਬੀਚਕ੍ਰਾਫਟ ਭਓ-36 ਮਾਡਲ ਸੀ, ਜੋ ਲੀ ਗਿਲਮੌਰ ਮੈਮੋਰੀਅਲ ਹਵਾਈ ਅੱਡੇ ਤੋਂ ਉਡਾਣ ਭਰ ਰਿਹਾ ਸੀ ਅਤੇ ਕੈਂਟਨ ਦੇ ਚੈਰੋਕੀ ਕਾਉਂਟੀ ਖੇਤਰੀ ਹਵਾਈ ਅੱਡੇ ਵੱਲ ਜਾ ਰਿਹਾ ਸੀ। ਉਡਾਣ ਭਰਨ ਤੋਂ ਕੁਝ ਮਿੰਟਾਂ ਬਾਅਦ, ਪਾਇਲਟ ਨੂੰ ਇੰਜਣ ਵਿੱਚ ਸਮੱਸਿਆ ਦਾ ਪਤਾ ਲੱਗਾ। ਉਸਨੇ ਹਵਾਈ ਅੱਡੇ 'ਤੇ ਵਾਪਸ ਜਾਣ ਦੀ ਕੋਸ਼ਿਸ਼ ਕੀਤੀ, ਪਰ ਇੰਜਣ ਦੀ ਸ਼ਕਤੀ ਘੱਟ ਹੋਣ ਕਾਰਨ ਹਵਾਈ ਅੱਡੇ 'ਤੇ ਨਹੀਂ ਪਹੁੰਚ ਸਕਿਆ। ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (ਐਨਟੀਐਸਬੀ) ਨੇ ਕਿਹਾ ਕਿ ਪਾਇਲਟ ਨੂੰ ਬ੍ਰਾਊਨਜ਼ ਬ੍ਰਿਜ ਰੋਡ ਅਤੇ ਪਰਲ ਨਿਕਸ ਪਾਰਕਵੇਅ ਦੇ ਚੌਰਾਹੇ 'ਤੇ ਐਮਰਜੈਂਸੀ ਲੈਂਡਿੰਗ ਕਰਨ ਲਈ ਮਜਬੂਰ ਹੋਣਾ ਪਿਆ। ਲੈਂਡਿੰਗ ਦੌਰਾਨ, ਜਹਾਜ਼ ਸੜਕ 'ਤੇ ਉਤਰਿਆ, ਪਰ ਕੰਟਰੋਲ ਗੁਆਉਣ ਕਾਰਨ ਇਹ ਕਈ ਵਾਹਨਾਂ ਨਾਲ ਟਕਰਾ ਗਿਆ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਜਹਾਜ਼ ਸੜਕ 'ਤੇ ਤੇਜ਼ੀ ਨਾਲ ਆਉਂਦਾ ਹੈ ਅਤੇ ਫਿਰ ਕਾਰਾਂ ਨਾਲ ਟਕਰਾਉਂਦਾ ਹੋਇਆ ਅੱਗੇ ਵਧਦਾ ਹੈ।

ਲੈਂਡਿੰਗ ਤੋਂ ਬਾਅਦ, ਜਹਾਜ਼ ਦਾ ਸੱਜਾ ਵਿੰਗ ਇੱਕ ਵਾਹਨ ਨਾਲ ਟਕਰਾ ਗਿਆ, ਜਿਸ ਕਾਰਨ ਜਹਾਜ਼ ਦਾ ਬਾਲਣ ਟੈਂਕ ਢਿੱਲਾ ਹੋ ਗਿਆ ਅਤੇ ਇੱਕ ਸ਼ੂਝ ਦੇ ਪਿਛਲੇ ਹਿੱਸੇ ਵਿੱਚ ਵੜ ਗਿਆ, ਜਿਸ ਨਾਲ ਜਹਾਜ਼ ਅਤੇ ਵਾਹਨ ਦੋਵਾਂ ਨੂੰ ਭਾਰੀ ਨੁਕਸਾਨ ਪਹੁੰਚਿਆ।

# ਕੈਨੇਡਾ 'ਚ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰਨ ਵਾਲਿਆਂ ਨੂੰ ਚਿਤਾਵਨੀ!

## 45000 ਪੰਜਾਬੀਆਂ ਨੂੰ ਫਰੌਡ ਐਲਾਨ ਸਕਦੈ ਕੈਨੇਡਾ ?

ਟੋਰਾਂਟੋ : ਟਰੰਪ ਸਰਕਾਰ ਦੀ ਰੀਸ ਕਰਦਿਆਂ ਕੈਨੇਡਾ ਦੇ ਇੰਮੀਗ੍ਰੇਸ਼ਨ ਵਾਲਿਆਂ ਨੇ ਵੀ ਹਜ਼ਾਰਾਂ ਪ੍ਰਵਾਸੀਆਂ ਨੂੰ ਸੈਲਫ਼ ਡਿਪੋਰਟ ਕਰਨ ਦੀ ਵਿਉਂਤਬੰਦੀ ਕੀਤੀ ਹੈ ਪਰ ਇਹ ਵਿਉਂਤਬੰਦੀ ਸਫ਼ਲ ਹੋਵੇਗੀ ਜਾਂ ਨਹੀਂ ਯਕੀਨੀ ਤੌਰ 'ਤੇ ਕੁਝ ਵੀ ਕਹਿਣਾ ਮੁਸ਼ਕਲ ਹੈ, ਆਉ ਚਲਦੇ ਪੰਜਾਬੀਆਂ ਦੇ ਭਵਿੱਖ ਨਾਲ ਸਬੰਧਤ ਅਹਿਮ ਮਸਲੇ 'ਤੇ ਚਾਨਣਾ ਪਾਉਂਦੀ ਰਿਪੋਰਟ ਵੱਲ, ਕੈਨੇਡਾ ਦੀ ਪੀ.ਆਰ. ਹਾਸਲ ਕਰਨ ਵਿਚ ਅਸਫ਼ਲ ਪੰਜਾਬੀ ਨੌਜਵਾਨਾਂ ਨੂੰ ਨਵੇਂ ਸਿਰੇ ਤੋਂ ਚਿਤਾਵਨੀ ਜਾਰੀ ਕਰਦਿਆਂ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੇ ਕਿਹਾ ਹੈ ਕਿ ਅਣਅਧਿਕਾਰਤ ਤੌਰ 'ਤੇ ਕੰਮ ਕਰਨ ਦੇ ਗੰਭੀਰ ਸਿੱਟੇ ਭੁਗਤਣੇ ਹੋਣਗੇ ਅਤੇ ਫ਼ਰੌਡ ਹੋਣ ਦਾ ਪੱਕਾ ਠੱਪਾ ਮੱਥੇ 'ਤੇ ਲੱਗ ਜਾਵੇਗਾ। ਜੀ ਹਾਂ, ਬਗੈਰ ਇੰਮੀਗ੍ਰੇਸ਼ਨ ਸਟੇਟਸ ਤੋਂ ਕੈਨੇਡਾ ਵਿਚ ਮੌਜੂਦ ਪ੍ਰਵਾਸੀਆਂ ਵਿਚੋਂ ਮੁਢਲੇ ਤੌਰ 'ਤੇ 45 ਤੋਂ 50 ਹਜ਼ਾਰ ਨੂੰ ਸੈਲਫ਼ ਡਿਪੋਰਟ ਕਰਨ ਦੇ ਟੀਚੇ ਤਹਿਤ ਨਵੀਂ ਮੁਹਿੰਮ ਆਰੰਭੀ ਗਈ ਹੈ।




ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਜਿਥੇ ਡਰਾਵਾ ਦਿਤਾ ਜਾ ਰਿਹਾ ਹੈ, ਉਥੇ ਹੀ ਭਵਿੱਖ ਵਿਚ ਕੈਨੇਡਾ ਦਾ ਰਾਹ ਖੁੱਲ੍ਹਾ ਰੱਖਣ ਦੇ ਲੁਭਾਉਣੇ ਵਾਅਦੇ ਵੀ ਕੀਤੇ ਜਾ ਰਹੇ ਹਨ। ਇੰਮੀਗ੍ਰੇਸ਼ਨ ਵਾਲਿਆਂ ਨੇ ਖੁਦ ਨੂੰ ਪ੍ਰਵਾਸੀਆਂ ਦੇ ਦੁਖ-ਦਰਦ ਦਾ ਸਾਥੀ ਦਸਦਿਆਂ ਕਿਹਾ ਹੈ ਕਿ ਗੈਰਕਾਨੂੰਨੀ ਤੌਰ 'ਤੇ ਕੰਮ ਕਰਦਿਆਂ ਜਿਥੇ ਬੰਧੂਆ ਮਜ਼ਦੂਰਾਂ ਵਾਂਗ ਕੰਮ ਕਰਨਾ ਪੈਂਦਾ ਹੈ, ਉਥੇ ਹੀ ਕਈ ਮਾਮਲਿਆਂ ਵਿਚ ਇੰਪਲੌਇਰ ਤਨਖਾਹਾਂ ਨੱਪ ਲੈਂਦੇ ਹਨ। ਸਿਰਫ਼ ਐਨਾ ਹੀ ਨਹੀਂ ਇੰਪਲੌਇਰਜ਼ ਵੱਲੋਂ ਆਪਣੇ ਮੁਲਾਜ਼ਮਾਂ ਦੀ ਕੁੱਟਮਾਰ ਵੀ ਕੀਤੀ ਜਾਂਦੀ ਹੈ। ਦੂਜੇ ਪਾਸੇ ਭਾਰਤ ਸਰਕਾਰ ਨੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਯੂ.ਕੇ. ਸਣੇ ਵੱਖ-ਵੱਖ ਮੁਲਕਾਂ ਤੋਂ ਫਰੌਡ ਦਾ ਠੱਪਾ ਲਾ ਕੇ ਡਿਪੋਰਟ ਕੀਤੇ ਵਿਦਿਆਰਥੀਆਂ ਦੀ ਅੰਕੜੇ ਜਾਰੀ ਕਰ ਦਿਤੇ। ਸਭ ਤੋਂ ਵੱਧ 170 ਵਿਦਿਆਰਥੀ ਯੂ.ਕੇ. ਤੋਂ ਡਿਪੋਰਟ ਹੋਏ ਜਦਕਿ 114 ਭਾਰਤੀ ਨੌਜਵਾਨਾਂ ਨੂੰ ਆਸਟ੍ਰੇਲੀਆ ਨੇ ਕੱਢ ਦਿਤਾ। ਇਸੇ ਤਰ੍ਹਾਂ ਅਮਰੀਕਾ ਨੇ 45 ਵਿਦਿਆਰਥੀਆਂ ਨੂੰ ਡਿਪੋਰਟ ਕੀਤਾ ਜਦਕਿ ਰੂਸ ਨੇ 82 ਭਾਰਤੀ ਨੌਜਵਾਨ ਕੱਢੇ। ਸਿਰਫ ਐਨਾ ਹੀ ਨਹੀਂ, ਅਮਰੀਕਾ ਨੇ 62 ਭਾਰਤੀ ਵਿਦਿਆਰਥੀਆਂ ਨੂੰ ਹਵਾਈ ਅੱਡੇ ਤੋਂ ਹੀ ਪੁੱਠਾ ਮੋੜ ਦਿਤਾ ਅਤੇ ਸਾਰੀਆਂ ਉਮੀਦਾਂ ਮਿੱਟੀ ਵਿਚ ਰੁਲ ਗਈਆਂ। ਭਾਰਤ ਸਰਕਾਰ ਦੇ ਅੰਕੜਿਆਂ ਮੁਤਾਬਕ ਅਮਰੀਕਾ ਅਤੇ ਕੈਨੇਡਾ ਵਿਚ ਹਿੰਸਕ ਹਮਲਿਆਂ ਦੌਰਾਨ 26 ਵਿਦਿਆਰਥੀਆਂ ਦੀ ਮੌਤ ਹੋਈ ਜਦਕਿ ਆਸਟ੍ਰੇਲੀਆ ਵਿਚ ਤਿੰਨ ਭਾਰਤੀਆ ਨੂੰ ਜਾਨ ਗਵਾਉਣੀ ਪਈ। ਇਸ ਤੋਂ ਇਲਾਵਾ ਯੂ.ਕੇ., ਚੀਨ, ਡੈਨਮਾਰਕ, ਜਰਮਨੀ ਅਤੇ ਗ੍ਰੇਨਾਡਾ ਵਿਚ ਇਕ-ਇਕ ਭਾਰਤੀ ਨਾਗਰਿਕ ਨੂੰ ਨਿਸ਼ਾਨਾ ਬਣਾਇਆ ਗਿਆ। ਇਕੱਲੇ ਕੈਨੇਡਾ ਵਿਚ 2018 ਤੋਂ 2025 ਦਰਮਿਆਨ 17 ਭਾਰਤੀ ਵਿਦਿਆਰਥੀ ਹਿੰਸਕ ਹਮਲਿਆਂ ਦਾ ਨਿਸ਼ਾਨਾ ਬਣੇ ਜਿਨ੍ਹਾਂ ਵਿਚ 21 ਸਾਲ ਦੀ ਹਰਸਿਮਰਤ ਰੰਧਾਵਾ, ਹਿਮਾਂਸ਼ੀ ਖੁਰਾਣਾ ਅਤੇ ਸ਼ਿਵਾਂਕ ਅਵਸਥੀ ਦੇ ਨਾਂ ਸ਼ਾਮਲ ਹਨ। ਇਹ ਤਿੰਨੋ ਜਣੇ 2025 ਦੌਰਾਨ ਗੋਲੀਆਂ ਦਾ ਨਿਸ਼ਾਨਾ ਬਣੇ। ਇਕ ਹੋਰ ਹੈਰਾਨਕੁੰਨ ਰਿਪੋਰਟ ਕਹਿੰਦੀ ਹੈ ਕਿ 2025 ਦੌਰਾਨ ਦੁਨੀਆਂ ਦੇ 190 ਮੁਲਕਾਂ ਵਿਚ ਭਾਰਤੀ ਵਿਦਿਆਰਥੀਆਂ ਉਤੇ ਹਮਲਿਆਂ ਦੀਆਂ 350 ਤੋਂ ਵੱਧ ਸ਼ਿਕਾਇਤਾਂ ਸਾਹਮਣੇ ਆਈਆਂ ਜਿਨ੍ਹਾਂ ਵਿਚ ਨਸਲੀ ਵਿਤਕਰਾ ਵੀ ਸ਼ਾਮਲ ਹੈ। ਇਥੋਂ ਤੱਕ ਕਿ ਕਈ ਯੂਨੀਵਰਸਿਟੀਜ਼ ਉਤੇ ਵੀ ਵਿਦਿਆਰਥੀਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਦੋਸ਼ ਲੱਗੇ। ਮਾਸਕੋ ਦੀ ਇਕ ਮੈਡੀਕਲ ਯੂਨੀਵਰਸਿਟੀ ਵਿਚ ਪੜ੍ਹ ਚੁੱਕੇ ਭਾਰਤੀ ਵਿਦਿਆਰਥੀ ਨੇ ਦੱਸਿਆ ਕਿ ਕਈ ਮੌਕਿਆਂ 'ਤੇ ਹਾਲਾਤ ਬੇਹੱਦ ਗੰਭੀਰ ਬਣ ਗਏ। ਇਕ ਵਾਰ ਹੋਸਟਲ ਦੀ ਰਸੋਈ ਵਿਚ ਮਾਮੂਲੀ ਝਗੜੇ ਮਗਰੋਂ ਕੁਝ ਵਿਦੇਸ਼ੀ ਵਿਦਿਆਥੀਆਂ ਨੇ ਛੁਰੇ ਕੱਢ ਲਏ ਅਤੇ ਭਾਰਤੀ ਵਿਦਿਆਰਥੀਆਂ ਉਤੇ ਵਾਰ ਕਰਨ ਦੇ ਯਤਨ ਕੀਤੇ। ਫੌਰਨ ਮੈਡੀਕਲ ਗ੍ਰੇਜੁਏਟਸ ਨਾਲ ਸਬੰਧਤ ਜਥੇਬੰਦੀਆਂ ਦਾ ਕਹਿਣਾ ਹੈ ਕਿ ਰੂਸ ਵਿਚ ਭਾਰਤੀ ਵਿਦਿਆਰਥਲੀਆਂ ਨਾਲ ਅਕਸਰ ਨਸਲੀ ਵਿਤਕਰਾ ਹੁੰਦਾ ਹੈ।

# ਪੰਜਾਬ ਐਸ.ਸੀ ਕਮਿਸ਼ਨ ਵੱਲੋਂ ਪ੍ਰਤਾਪ ਸਿੰਘ ਬਾਜਵਾ ਤਲਬ



ਚੰਡੀਗੜ੍ਹ: ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਬਾਰੇ ਕੀਤੀ ਗਈ ਟਿੱਪਣੀ ਦਾ ਸੂ-ਮੋਟੋ ਨੋਟਿਸ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀਓ ਖਿਲਾਫ ਗ਼ਲਤ ਸ਼ਬਦਾਬਲੀ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਐਸਐਸਪੀ ਅੰਮ੍ਰਿਤਸਰ ਤੋਂ ਡੀਐਸਪੀ /ਐਸਪੀ ਪੱਧਰ ਦੇ ਅਧਿਕਾਰੀ ਰਾਹੀਂ 11 ਫਰਵਰੀ 2026 ਨੂੰ ਬਾਅਦ ਦੁਪਹਿਰ 3 ਵਜੇ ਰਿਪੋਰਟ ਤਲਬ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸਦੇ ਨਾਲ ਹੀ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਇਸ ਵਾਇਰਲ ਵੀਡੀਓ ਸਬੰਧੀ ਸਪੱਸ਼ਟੀਕਰਨ ਦੇਣ ਲਈ 11 ਫਰਵਰੀ 2026 ਨੂੰ 3 ਵਜੇ ਤਲਬ ਕੀਤਾ ਗਿਆ ਹੈ।

ਦੱਸ ਦਈਏ ਕਿ ਪਿਛਲੇ ਦਿਨੀ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇੱਕ ਸਿਆਸੀ ਰੈਲੀ 'ਚ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ 'ਤੇ ਇੱਕ ਟਿੱਪਣੀ ਕੀਤੀ ਸੀ ਜਿਸ ਨੂੰ 'ਆਪ' ਨੇ ਦਲਿਤ ਵਰਗ 'ਤੇ ਹਮਲਾ ਦੱਸਿਆ। ਆਮ ਆਦਮੀ ਪਾਰਟੀ ਦੇ ਆਗੂਆਂ ਦਾ ਕਹਿਣਾ ਸੀ ਕਿ ਬਾਜਵਾ ਨੇ ਕੈਬਨਿਟ ਮੰਤਰੀ ਈ.ਟੀ.ਓ ਦੇ ਪਰਿਵਾਰਕ ਕਿੱਤੇ ਬਾਰੇ ਅਸੱਭਿਅਕ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਸੰਬੰਧੀ ਵਾਇਰਲ ਹੋ ਰਹੀਆਂ ਵੀਡੀਓਜ਼ ਦੇ ਮੱਦੇਨਜ਼ਰ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਦਾ ਕਹਿਣਾ ਹੈ ਕਿ ਅਨੁਸੂਚਿਤ ਜਾਤੀਆਂ ਦਾ ਅਪਮਾਨ ਸਹਿਣ ਨਹੀਂ ਕੀਤਾ ਜਾਵੇਗਾ।

# ਮਥੁਰਾ 'ਚ ਦਿਲ ਦਹਿਲਾਉਣ ਵਾਲੀ ਘਟਨਾ!

## ਤਿੰਨ ਮਾਸੂਮਾਂ ਸਣੇ ਇਕੋ ਪਰਿਵਾਰ ਦੇ ਪੰਜ ਜੀਆਂ ਨੇ ਕੀਤੀ ਖ਼ੁਦਕੁਸ਼ੀ



ਉਤਰ ਪ੍ਰਦੇਸ਼ : ਮਥੁਰਾ ਵਿੱਚ ਇੱਕ ਪਰਿਵਾਰ ਦੇ ਪੰਜ ਲੋਕਾਂ ਨੇ ਖ਼ੁਦਕੁਸ਼ੀ ਕਰ ਲਈ। ਮਰਨ ਵਾਲਿਆਂ ਵਿੱਚ ਪਤੀ, ਪਤਨੀ ਅਤੇ ਤਿੰਨ ਬੱਚੇ ਸ਼ਾਮਲ ਹਨ। ਸ਼ੁਰੂਆਤੀ ਜਾਣਕਾਰੀ ਅਨੁਸਾਰ ਪਰਿਵਾਰ ਨੇ ਦੁੱਧ ਵਿੱਚ ਜ਼ਹਿਰ ਮਿਲਾ ਕੇ ਪੀ ਲਿਆ। ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਪਰਿਵਾਰਕ ਮੈਂਬਰ ਸਵੇਰੇ ਦੇਰ ਤੱਕ ਨਹੀਂ ਉੱਠੇ ਅਤੇ ਗੁਆਂਢੀਆਂ ਨੇ ਦਰਵਾਜ਼ਾ ਖੜਕਾਇਆ, ਪਰ ਕੋਈ ਜਵਾਬ ਨਹੀਂ ਮਿਲਿਆ।

ਇਸ ਤੋਂ ਬਾਅਦ ਸ਼ੱਕ ਦੇ ਆਧਾਰ 'ਤੇ ਪੁਲਿਸ ਨੂੰ ਸੂਚਨਾ ਦਿੱਤੀ ਗਈ। ਜਦੋਂ ਪੁਲਿਸ ਨੇ ਦਰਵਾਜ਼ਾ ਖੋਲ੍ਹ ਕੇ ਅੰਦਰ ਦੇਖਿਆ ਤਾਂ ਪੰਜਾਂ ਦੀਆਂ ਲਾਸ਼ਾਂ ਪਈਆਂ ਸਨ। ਲਾਸ਼ਾਂ ਦੇ ਕੋਲ ਦੁੱਧ ਦੇ ਗਲਾਸ ਮਿਲੇ ਹਨ। ਇਸ ਦੇ ਨਾਲ ਹੀ ਰਸੋਈ ਦੀ ਕੰਧ 'ਤੇ ਸੁਸਾਈਡ ਨੋਟ ਲਿਖਿਆ ਹੋਇਆ ਹੈ। ਇਸ ਵਿੱਚ ਲਿਖਿਆ ਹੈ, "ਮੈਂ ਮਨੀਸ਼ ਅਤੇ ਸੀਮਾ ਆਪਣੀ ਮਰਜ਼ੀ ਨਾਲ ਮਰ ਰਹੇ ਹਾਂ।" ਇਹ ਮਾਮਲਾ ਮਹਾਵਨ ਥਾਣਾ ਖੇਤਰ ਦੇ ਖੱਪਰਪੁਰ ਪਿੰਡ ਦਾ ਹੈ। ਪੁਲਿਸ ਦਾ ਕਹਿਣਾ ਹੈ ਕਿ ਖ਼ੁਦਕੁਸ਼ੀ ਦੇ ਪਿੱਛੇ ਦਾ ਕਾਰਨ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ। ਫਿਲਹਾਲ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਮ੍ਰਿਤਕਾਂ ਦੀ ਪਛਾਣ ਮਨੀਸ਼ (35), ਉਸਦੀ ਪਤਨੀ ਸੀਮਾ (32), ਦੋ ਸਾਲਾ ਪੁੱਤਰ ਪ੍ਰਤੀਕ ਅਤੇ ਦੋ ਧੀਆਂ ਹਨੀ (5) ਅਤੇ ਪ੍ਰਿਯਾਂਸ਼ੀ (4) ਵਜੋਂ ਹੋਈ ਹੈ। ਮਨੀਸ਼ ਖੇਤੀਬਾੜੀ ਕਰਦਾ ਸੀ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ। ਉਸ ਦੇ ਦੋ ਹੋਰ ਭਰਾ ਘਰ ਦੇ ਬਿਲਕੁਲ ਨਾਲ ਹੀ ਰਹਿੰਦੇ ਹਨ।

ਇਕ ਭਰਾ ਜੈਕਿਸ਼ਨ ਨੇ ਦੱਸਿਆ ਕਿ "ਸਵੇਰੇ ਪਤਾ ਲੱਗਿਆ ਕਿ ਮੇਰੇ ਭਰਾ ਨੇ ਪਰਿਵਾਰ ਸਮੇਤ ਖ਼ੁਦਕੁਸ਼ੀ ਕਰ ਲਈ ਹੈ। ਮੌਤ ਕਿਵੇਂ ਹੋਈ, ਇਸ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ। ਪੁਲਿਸ ਨੂੰ ਸੂਚਨਾ ਦਿੱਤੀ ਗਈ ਸੀ। ਪੁਲਿਸ ਮੌਕੇ 'ਤੇ ਪਹੁੰਚ ਕੇ ਜਾਂਚ ਕਰ ਰਹੀ ਹੈ।"

# ਮਸ਼ਹੂਰ ਪੰਜਾਬੀ ਗਾਇਕਾ ਨਸ਼ੀਲੇ ਪਦਾਰਥਾਂ ਸਣੇ ਗ੍ਰਿਫ਼ਤਾਰ

ਲੁਧਿਆਣਾ : ਪੰਜਾਬ ਪੁਲਿਸ ਵੱਲੋਂ 'ਗੈਂਗਸਟਰਾਂ ਖ਼ਿਲਾਫ਼ ਵਾਰ' ਨੂੰ ਹੋਰ ਤੇਜ਼ ਕਰਦੇ ਹੋਏ ਰਾਜ ਭਰ ਵਿੱਚ ਆਪ੍ਰੇਸ਼ਨ ਪ੍ਰਹਾਰ 2.0 ਜਾਰੀ ਹੈ। ਇਸੇ ਤਹਿਤ ਪੰਜਾਬ ਪੁਲਿਸ ਨੇ ਪੰਜਾਬੀ ਗਾਇਕਾ ਪਰਮਜੀਤ ਕੌਰ ਅਤੇ ਉਸਦੇ ਭਰਾ ਨੂੰ ਖੰਨਾ, ਲੁਧਿਆਣਾ ਵਿੱਚ ਨਸ਼ੀਲੇ ਪਦਾਰਥਾਂ ਸਮੇਤ ਫੜਿਆ ਹੈ। ਪਰਮਜੀਤ ਕੌਰ ਪੰਜਾਬੀ ਗਾਇਕਾ ਵੀ ਰਹੀ ਹੈ ਇਸਦੇ ਕਾਫ਼ੀ ਸੱਭਿਆਚਾਰਕ ਤੇ ਧਾਰਮਿਕ ਗੀਤ ਵੀ ਰਿਲੀਜ਼ ਹੋਏ ਸਨ। ਥਾਣਾ ਮੁਖੀ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਜਦੋਂ ਕੁਹਾੜਾ ਰੋਡ ਅਢਿਆਣਾ ਬੱਸ ਸਟੈਂਡ ਨੇੜੇ ਗਸ਼ਤ ਕੀਤੀ ਜਾ ਰਹੀ ਸੀ ਤਾਂ ਨੌਜਵਾਨ ਤੇ ਔਰਤ ਆਪਸ 'ਚ ਖੜ੍ਹੇ ਗੱਲ੍ਹਾਂ ਮਾਰ ਰਹੇ ਸਨ। ਪਰ ਜਿਵੇ ਇਹ ਉਨ੍ਹਾਂ ਪੁਲਸ ਪਾਰਟੀ ਨੂੰ ਦੇਖਿਆ ਉਹ ਘਬਰਾ ਕੇ ਬੱਸ ਅੱਡੇ ਅੰਦਰ ਵੜ ਕੇ ਬੈਠ ਗਏ, ਇਸ ਦੌਰਾਨ ਨੌਜਵਾਨ ਨੇ ਆਪਣੀ ਪੈਂਟ 'ਚੋਂ ਇਕ ਛੋਟਾ ਲਿਫ਼ਾਫ਼ਾ ਕੱਢਿਆ ਅਤੇ ਨਾਲ ਬੈਠੀ ਔਰਤ ਨੂੰ ਫੜਾ ਦਿੱਤਾ। ਇਸ ਨੂੰ ਉਸ ਨੇ ਪਿੱਛੇ ਸੁੱਟ ਦਿੱਤਾ। ਪੁਲਿਸ ਵੱਲੋਂ ਸ਼ੱਕ ਦੇ ਆਧਾਰ 'ਤੇ ਇਨ੍ਹਾਂ ਤੋਂ ਜਦੋਂ ਨਾਮ ਪੁੱਛਿਆ ਗਿਆ ਤਾਂ ਇਕ ਨੇ ਆਪਣਾ ਨਾਮ ਸਰਵਣ ਸਿੰਘ ਤੇ ਔਰਤ ਨੇ ਆਪਣਾ ਨਾਮ ਪਰਮਜੀਤ ਕੌਰ ਦੱਸਿਆ। ਪੁਲਸ ਨੂੰ ਲਿਫਾਫੇ 'ਚੋਂ 8 ਗ੍ਰਾਮ ਹੈਰੋਇਨ ਬਰਾਮਦ ਹੋਈ।

# ਨਸ਼ਿਆਂ ਦਾ ਮੁੱਖ ਕਾਰਨ ਬੇਰੁਜ਼ਗਾਰੀ, ਸਿਰਫ਼ ਜਾਗਰੂਕਤਾ ਕਾਫ਼ੀ ਨਹੀਂ ਹੁਣ ਠੋਸ ਕਾਰਵਾਈ ਦੀ ਲੋੜ: ਰਾਣਾ ਗੁਰਜੀਤ ਸਿੰਘ



ਜਲੰਧਰ: ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਨਸ਼ਿਆਂ ਦੀ ਤਸਕਰੀ ਦੇ ਮੁੱਦੇ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਨੇ ਇਸ ਮੁੱਦੇ 'ਤੇ ਚਰਚਾ ਲਈ ਰਾਜਪਾਲ ਦੇ ਸੱਦੇ ਦਾ ਸਵਾਗਤ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸਿਰਫ਼ ਜਾਗਰੂਕਤਾ ਮੁਹਿੰਮਾਂ ਚਲਾਉਣ ਨਾਲ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲਣ ਵਿੱਚ ਮਦਦ ਨਹੀਂ ਮਿਲ ਸਕਦੀ। ਠੋਸ ਕਾਰਵਾਈ ਦੀ ਲੋੜ ਹੈ। ਇਸ ਮੁੱਦੇ 'ਤੇ ਰਾਜਨੀਤੀ ਖੇਡੀ ਜਾ ਰਹੀ ਹੈ ਅਤੇ ਹੱਲ ਲੱਭਣ ਲਈ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਰਾਜਪਾਲ ਅਤੇ ਪੰਜਾਬ ਸਰਕਾਰ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਹਾਕਿਆਂ ਤੋਂ ਹੋ ਰਹੀ ਹੈ। ਇਸ ਵਿੱਚ ਕੋਈ ਕਮੀ ਨਹੀਂ ਆਈ ਹੈ। ਕਿਉਂਕਿ ਪੰਜਾਬ ਦਾ 50 ਕਿਲੋਮੀਟਰ ਦਾ ਸਰਹੱਦੀ ਖੇਤਰ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ, ਇਸ ਲਈ ਕੇਂਦਰ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਜਾਗਰੂਕਤਾ ਮੁਹਿੰਮਾਂ ਜਾਂ ਰੈਲੀਆਂ ਦਾ ਆਯੋਜਨ ਕਰਨ ਦੀ ਬਜਾਏ, ਰਾਜਪਾਲ ਨੂੰ ਕੇਂਦਰ ਸਰਕਾਰ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਉਹ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਠੋਸ ਕਦਮ ਚੁੱਕੇ। ਰਾਣਾ ਨੇ ਕਿਹਾ ਕਿ 2014 ਤੋਂ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੱਡੇ ਪੱਧਰ 'ਤੇ ਹੋ ਰਹੀ ਹੈ। ਪਾਕਿਸਤਾਨ ਤੋਂ ਡਰੋਨ ਲਗਾਤਾਰ 50 ਕਿਲੋਮੀਟਰ ਦੇ ਖੇਤਰ ਵਿੱਚ ਆ ਰਹੇ ਹਨ। ਡਰੋਨਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਸਪਲਾਈ ਆਮ ਹੋ ਗਈ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਡਰੋਨ ਤਸਕਰੀ ਸਰਹੱਦ ਪਾਰੋਂ ਲਗਾਤਾਰ ਹੋ ਰਹੀ ਹੈ, ਤਾਂ ਕੀ ਸੀਮਾ ਸੁਰੱਖਿਆ ਬਲ (BSF) ਆਪਣਾ ਕੰਮ ਸਹੀ ਢੰਗ ਨਾਲ ਕਰਨ ਵਿੱਚ ਅਸਫਲ ਰਿਹਾ ਹੈ? ਜੇਕਰ ਅਜਿਹਾ ਹੈ, ਤਾਂ ਇਸ ਲਈ ਕੌਣ ਜ਼ਿੰਮੇਵਾਰ ਹੈ? ਉਨ੍ਹਾਂ ਪੁੱਛਿਆ, ਡਰੋਨ ਸਿਰਫ਼ ਪੰਜਾਬ ਵਿੱਚ ਹੀ ਕਿਉਂ ਆ ਰਹੇ ਹਨ? ਉਹ ਰਾਜਸਥਾਨ ਜਾਂ ਗੁਜਰਾਤ ਦੀਆਂ ਸਰਹੱਦਾਂ 'ਤੇ ਕਿਉਂ ਨਹੀਂ ਜਾਂਦੇ? ਇਹ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕੇਂਦਰ ਵਿੱਚ ਭਾਜਪਾ ਸਰਕਾਰ ਦੀ ਅਸਫਲਤਾ ਹੈ, ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਵਿੱਚ ਅਸਮਰੱਥ ਹਨ। ਪਹਿਲਾਂ, 2012 ਵਿੱਚ ਅਕਾਲੀ ਦਲ-ਭਾਜਪਾ, ਫਿਰ 2017 ਵਿੱਚ ਕਾਂਗਰਸ, ਅਤੇ ਹੁਣ 2022 ਤੋਂ ਆਮ ਆਦਮੀ ਪਾਰਟੀ ਦਾ ਰਾਜ ਸੀ। ਇਸ ਦੇ ਬਾਵਜੂਦ, ਨਸ਼ਿਆਂ ਦੀ ਵਰਤੋਂ ਅਤੇ ਤਸਕਰੀ ਵਿੱਚ ਕੋਈ ਕਮੀ ਨਹੀਂ ਆਈ ਹੈ। ਸਾਰੀਆਂ ਸਰਕਾਰਾਂ ਸਿਰਫ਼ ਵਾਅਦੇ ਕਰਦੀਆਂ ਰਹੀਆਂ ਹਨ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਨਸ਼ਿਆਂ ਦੀ ਤਸਕਰੀ ਅਤੇ ਨਸ਼ਿਆਂ ਦੀ ਵਰਤੋਂ ਵਿੱਚ ਵਾਧੇ ਦੇ ਮੁੱਖ ਕਾਰਨ ਬੇਰੁਜ਼ਗਾਰੀ ਅਤੇ ਖੇਤੀ ਦੀਆਂ ਸਮੱਸਿਆਵਾਂ ਹਨ। ਨੌਜਵਾਨ ਬੇਰੁਜ਼ਗਾਰ ਹਨ। ਪੰਜਾਬ ਨੂੰ ਉਦਯੋਗ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿੱਚ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਕੇਂਦਰ ਸਰਕਾਰ ਤੋਂ ਇੱਕ ਵੱਡੇ ਪੈਕੇਜ ਦੀ ਲੋੜ ਹੈ, ਤਾਂ ਜੋ ਹੋਰ ਉਦਯੋਗ ਆ ਸਕਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਦਾਨ ਕਰ ਸਕਣ। ਸਰਕਾਰ ਨੂੰ ਸੂਬੇ ਵਿੱਚ ਰੁਜ਼ਗਾਰ ਪੈਦਾ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਨੇ ਨਸ਼ਿਆਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਪੰਜਾਬ ਸਰਕਾਰ ਦੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ 'ਤੇ ਵੀ ਚੁਟਕੀ ਲਈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾਉਣ ਦਾ ਦਿਖਾਵਾ ਸੀ। 'ਆਪ' ਸਰਕਾਰ ਨੇ ਕੁਝ ਮਹੀਨਿਆਂ ਵਿੱਚ ਨਸ਼ਿਆਂ ਦੀ ਲਤ ਨੂੰ ਖਤਮ ਕਰਨ ਦਾ ਵਾਅਦਾ ਕੀਤਾ ਸੀ, ਪਰ ਇਸ ਦੇ ਬਾਵਜੂਦ, ਨੌਜਵਾਨ ਅਜੇ ਵੀ ਨਸ਼ਿਆਂ ਦੀ ਦੁਰਵਰਤੋਂ ਨਾਲ ਮਰ ਰਹੇ ਹਨ। ਬਿਨਾਂ ਕਿਸੇ ਪਾਬੰਦੀ ਦੇ ਘਰਾਂ ਵਿੱਚ ਨਸ਼ੇ ਸਪਲਾਈ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਸਿਰਫ਼ ਮੁਹਿੰਮਾਂ ਦਿਖਾ ਕੇ, ਝੂਠੇ ਅੰਕੜੇ ਪੇਸ਼ ਕਰਕੇ ਅਤੇ ਛੋਟੇ-ਛੋਟੇ ਨਸ਼ਾ ਤਸਕਰਾਂ ਦੇ ਘਰਾਂ ਨੂੰ ਢਾਹ ਕੇ ਕੁਝ ਵੀ ਹਾਸਲ ਨਹੀਂ ਕਰੇਗੀ। ਜ਼ਮੀਨੀ ਪੱਧਰ 'ਤੇ ਕਾਰਵਾਈ ਦੀ ਲੋੜ ਹੈ। ਉਨ੍ਹਾਂ ਨੇ ਇਸ ਮੁੱਦੇ 'ਤੇ ਰਾਜਪਾਲ ਅਤੇ ਪੰਜਾਬ ਸਰਕਾਰ ਤੋਂ ਠੋਸ ਕਾਰਵਾਈ ਦੀ ਮੰਗ ਕੀਤੀ।

# ਕੈਨੇਡਾ 'ਚ ਭਾਰਤੀ ਮੂਲ ਦੇ ਨੌਜਵਾਨ ਦਾ ਗੋਲੀ ਮਾਰ ਕੇ ਕਤਲ



ਟੋਰਾਂਟੋ: ਕਰਨਾਟਕ ਦੇ ਨੇਲਮੰਗਲਾ ਦੇ ਰਹਿਣ ਵਾਲੇ 37 ਸਾਲਾ ਵਿਅਕਤੀ ਦਾ ਕੈਨੇਡਾ ਵਿੱਚ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨਾਲ ਉਸਦੇ ਪਰਿਵਾਰ ਅਤੇ ਕੰਨੜ ਭਾਈਚਾਰੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਮ੍ਰਿਤਕ ਦੀ ਪਛਾਣ ਚੰਦਨ ਕੁਮਾਰ ਵਜੋਂ ਹੋਈ ਹੈ। ਚੰਦਨ ਕੁਮਾਰ ਐਲ ਐਂਡ ਟੀ ਵਿੱਚ ਨੌਕਰੀ ਕਰਦਾ ਸੀ ਅਤੇ ਪਿਛਲੇ ਛੇ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਸੀ। ਰਿਸ਼ਤੇਦਾਰਾਂ ਦੇ ਅਨੁਸਾਰ, ਉਹ ਵਿਦੇਸ਼ ਵਿੱਚ ਕੰਨੜ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਕਤਲ ਦੇ ਪਿੱਛੇ ਦਾ ਮਨੋਰਥ ਫਿਲਹਾਲ ਅਸਪਸ਼ਟ ਹੈ, ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਟੋਰਾਂਟੋ ਪੁਲਿਸ ਸਰਵਿਸ ਨੇ ਦੱਸਿਆ ਸ਼ਨੀਵਾਰ ਦੁਪਹਿਰ 3:31 ਵਜੇ ਦੇ ਕਰੀਬ ਰੈਕਸਡੇਲ ਬੁਲੇਵਾਰਡ ਅਤੇ ਹਾਈਵੇਅ 27 ਦੇ ਨੇੜੇ ਇੱਕ ਪਾਰਕਿੰਗ ਵਿੱਚ ਗੋਲੀਬਾਰੀ ਦੀ ਸੂਚਨਾ ਮਿਲੀ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਦੇਖਿਆ ਕਿ ਚੰਦਨ ਕੁਮਾਰ ਨੂੰ ਗੋਲੀ ਲੱਗੀ ਹੋਈ ਸੀ। ਉਸਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਥੋੜ੍ਹੀ ਦੇਰ ਬਾਅਦ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹੋਮੀਸਾਈਡ ਐਂਡ ਮਿਸਿੰਗ ਪਰਸਨਜ਼ ਯੂਨਿਟ ਇਸ ਸਮੇਂ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਿਸ ਜਨਤਾ ਨੂੰ ਅਪੀਲ ਕਰ ਰਹੀ ਹੈ ਕਿ ਇਸ ਘਟਨਾ ਬਾਰੇ ਜਾਣਕਾਰੀ ਰੱਖਣ ਵਾਲਾ ਵਿਅਕਤੀ 416-808-7400 'ਤੇ ਜਾਂਚਕਰਤਾਵਾਂ ਨਾਲ ਸੰਪਰਕ ਕਰੇ ਜਾਂ ਕ੍ਰਾਈਮ ਸਟਾਪਰਜ਼ ਰਾਹੀਂ ਗੁਮਨਾਮ ਤੌਰ 'ਤੇ ਜਾਣਕਾਰੀ ਜਮ੍ਹਾਂ ਕਰਾਏ। ਨਾਲ ਹੀ ਕਰਨਾਟਕ ਵਿੱਚ ਚੰਦਨ ਕੁਮਾਰ ਦੇ ਪਰਿਵਾਰ ਨੇ ਦੱਸਿਆ ਕਿ ਉਸਨੂੰ ਉਸਦੀ ਕਾਰ ਵਿੱਚ ਬੈਠੇ ਹੋਏ ਗੋਲੀ ਮਾਰ ਦਿੱਤੀ ਗਈ ਸੀ। ਆਪਣੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ, ਪਰਿਵਾਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸਦੀ ਲਾਸ਼ ਨੂੰ ਅੰਤਿਮ ਸੰਸਕਾਰ ਲਈ ਜਲਦੀ ਤੋਂ ਜਲਦੀ ਭਾਰਤ ਵਾਪਸ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ। ਇਸ ਘਟਨਾ ਨੂੰ ਟੋਰਾਂਟੋ ਵਿੱਚ 2026 ਦੇ ਤੀਜੇ ਕਤਲ ਵਜੋਂ ਦਰਜ ਕੀਤਾ ਗਿਆ ਹੈ।

# ਪੰਜਾਬੀ ਮੂਲ ਦੇ ਟਰੱਕ ਡਰਾਈਵਰ ਸੁਖਵਿੰਦਰ ਸਿੱਧੂ ਨੇ 2023 ਦੇ ਹਾਦਸੇ ਲਈ ਆਪਣਾ ਗੁਨਾਹ ਕਬੂਲਿਆ



ਟੋਰਾਂਟੋ : ਪੰਜਾਬੀ ਮੂਲ ਦੇ ਕੈਨੇਡੀਅਨ ਟਰੱਕ ਡਰਾਈਵਰ ਸੁਖਵਿੰਦਰ ਸਿੱਧੂ ਨੇ ਅਗਸਤ 2023 ਵਿੱਚ ਹੋਏ ਉਸ ਹਾਦਸੇ ਵਿੱਚ ਆਪਣੀ ਭੂਮਿਕਾ ਕਬੂਲ ਕਰ ਲਈ ਹੈ, ਜਿਸ ਵਿੱਚ ਕੈਨੇਡੀਅਨ ਵਿੰਟਰ ਓਲੰਪਿਕ ਫਿਗਰ ਸਕੇਟਰ ਐਲੈਗਜ਼ੈਂਡਰਾ ਪਾਲ ਦੀ ਮੌਤ ਹੋ ਗਈ ਸੀ । ਇਹ ਹਾਦਸਾ ਓਂਟਾਰੀਓ ਦੇ ਮੈਲੈਨਕਥਨ ਟਾਊਨਸ਼ਿਪ ਵਿੱਚ ਵਾਪਰਿਆ ਸੀ।

ਸੁਖਵਿੰਦਰ ਸਿੱਧੂ ਨੇ ਮੰਗਲਵਾਰ ਨੂੰ ਵਰਚੁਅਲ ਕੋਰਟ ਵਿੱਚ ਖਤਰਨਾਕ ਡਰਾਈਵਿੰਗ ਕਾਰਨ ਮੌਤ ਅਤੇ ਖਤਰਨਾਕ ਡਰਾਈਵਿੰਗ ਕਾਰਨ ਸਰੀਰਕ ਨੁਕਸਾਨ ਦੇ ਦੋਸ਼ਾਂ ਨੂੰ ਕਬੂਲ ਕਰ ਲਿਆ । ਉਹ ਇੱਕ ਟਰਾਂਸਪੋਰਟ ਟਰੱਕ ਚਲਾ ਰਿਹਾ ਸੀ ਅਤੇ ਕੰਸਟਰਕਸ਼ਨ ਜ਼ੋਨ ਵਿੱਚ ਤੇਜ਼ ਰਫ਼ਤਾਰ ਨਾਲ ਗੁਜ਼ਰਦੇ ਹੋਏ ਕਈ ਖੜ੍ਹੀਆਂ ਗੱਡੀਆਂ ਨੂੰ ਟੱਕਰ ਮਾਰ ਦਿੱਤੀ, ਜਿਸ ਵਿੱਚ ਪੌਲ ਦੀ ਕਾਰ ਵੀ ਸ਼ਾਮਲ ਸੀ। ਐਲੈਗਜ਼ੈਂਡਰਾ ਪੌਲ ਨੇ 2014 ਸੋਚੀ ਵਿੰਟਰ ਓਲੰਪਿਕਸ ਵਿੱਚ ਆਈਸ ਡਾਂਸ ਵਿੱਚ ਕੈਨੇਡਾ ਦੀ ਨੁਮਾਇੰਦਗੀ ਕੀਤੀ ਸੀ। ਇਸ ਹਾਦਸੇ ਦੌਰਾਨ ਪਾਲ ਦੇ 10 ਮਹੀਨੇ ਦੇ ਛੋਟੇ ਬੇਟੇ ਨੂੰ ਗੰਭੀਰ ਸੱਟਾਂ ਲੱਗੀਆਂ ਸਨ ਅਤੇ ਕਈ ਹੋਰ ਵਿਅਕਤੀ ਵੀ ਜ਼ਖ਼ਮੀ ਹੋਏ ਸਨ। ਰਿਪੋਰਟਾਂ ਮੁਤਾਬਕ ਸਿੱਧੂ ਲਗਭਗ 26 ਘੰਟੇ ਲਗਾਤਾਰ ਡਰਾਈਵਿੰਗ ਕਰ ਰਿਹਾ ਸੀ ਅਤੇ ਜਿਸ ਸਮੇਂ ਇਹ ਹਾਦਸਾ ਵਾਪਰਿਆ ਉਸ ਸਮੇਂ ਟਰੱਕ ਦੀ ਸਪੀਡ ਲਗਭਗ 108 ਕਿਲੋਮੀਟਰ ਪ੍ਰਤੀ ਘੰਟਾ ਸੀ। ਇਸ ਮਾਮਲੇ 'ਚ ਸਜ਼ਾ ਸਬੰਧੀ ਸੁਣਵਾਈ ਮਈ ਮਹੀਨੇ ਵਿੱਚ ਹੋਵੇਗੀ। ਇਹ ਮਾਮਲਾ ਹਾਲ ਹੀ ਦੇ ਸਾਲਾਂ ਵਿੱਚ ਕੈਨੇਡਾ ਵਿੱਚ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਨਾਲ ਜੁੜੇ ਹਾਈ-ਪ੍ਰੋਫਾਈਲ ਮਾਮਲਿਆਂ ਵਿੱਚੋਂ ਇੱਕ ਹੈ । ਕੈਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਹਾਦਸਿਆਂ ਵਿੱਚੋਂ ਇੱਕ ਅਪ੍ਰੈਲ 2018 ਵਿੱਚ ਸਸਕੈਚੇਵਾਨ ਪ੍ਰਾਂਤ ਵਿੱਚ ਵਾਪਰਿਆ ਸੀ, ਜਿਸ ਵਿੱਚ ਜਸਕੀਰਤ ਸਿੰਘ ਸਿੱਧੂ ਵੱਲੋਂ ਚਲਾਏ ਟਰੱਕ ਨੇ ਜੂਨੀਅਰ ਆਈਸ ਹਾਕੀ ਟੀਮ ਹੰਬੋਲਟ ਬ੍ਰੌਂਕੋਜ਼ ਦੀ ਬੱਸ ਨੂੰ ਟੱਕਰ ਮਾਰ ਦਿੱਤੀ ਸੀ, ਜਿਸ ਵਿੱਚ 16 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖ਼ਮੀ ਹੋਏ ਸਨ । ਜਸਕੀਰਤ ਸਿੰਘ ਸਿੱਧੂ ਨੇ ਤਿੰਨ ਸਾਲ ਜੇਲ੍ਹ ਕੱਟੀ ਅਤੇ ਹੁਣ ਡਿਪੋਰਟੇਸ਼ਨ ਆਰਡਰ ਨੂੰ ਚੁਣੌਤੀ ਦੇ ਰਿਹਾ ਹੈ, ਪਰ ਹਾਲ ਹੀ ਵਿੱਚ ਉਸ ਦੀਆਂ ਅਰਜ਼ੀਆਂ ਰੱਦ ਕੀਤੀਆਂ ਗਈਆਂ ਹਨ ਅਤੇ ਡਿਪੋਰਟੇਸ਼ਨ ਨੇੜੇ ਆ ਗਈ ਹੈ।

# ਇਰਾਨ ਨੇ ਨੋਬਲ ਪੁਰਸਕਾਰ ਜੇਤੂ ਨਰਗੇਸ ਮੁਹੰਮਦੀ ਦੀ ਕੈਦ ਸੱਤ ਸਾਲ ਹੋਰ ਵਧਾਈ

ਦੁਬਈ : ਇਰਾਨ ਨੇ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਨਰਗੇਸ ਮੁਹੰਮਦੀ ਦੀ ਕੈਦ ਦੀ ਸਜ਼ਾ ਸੱਤ ਸਾਲ ਹੋਰ ਵਧਾ ਦਿਤੀ ਹੈ। ਉਨ੍ਹਾਂ ਵਲੋਂ ਭੁੱਖ ਹੜਤਾਲ ਸ਼ੁਰੂ ਕਰਨ ਤੋਂ ਬਾਅਦ ਇਹ ਸਜ਼ਾ ਸੁਣਾਈ ਗਈ ਹੈ। ਮੁਹੰਮਦੀ ਦੇ ਸਮਰਥਕਾਂ ਨੇ ਉਸ ਦੇ ਵਕੀਲ ਤੋਂ ਮਿਲੀ ਜਾਣਕਾਰੀ ਦਿਤੀ, ਜਿਸ ਨੇ ਮੁਹੰਮਦੀ ਨਾਲ ਗੱਲ ਕੀਤੀ। ਮੁਹੰਮਦੀ ਦੇ ਵਕੀਲ ਮੁਸਤਫਾ ਨੀਲੀ ਨੇ 'ਐਕਸ' ਉਤੇ ਸਜ਼ਾ ਦੀ ਪੁਸ਼ਟੀ ਕੀਤੀ। ਉਨ੍ਹਾਂ ਲਿਖਿਆ, "ਉਸ ਨੂੰ ਇਕੱਠ ਕਰਨ ਅਤੇ ਮਿਲੀਭੁਗਤ ਕਰਨ ਲਈ ਛੇ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਪ੍ਰਚਾਰ ਤੇ ਦੋ ਸਾਲ ਦੀ ਯਾਤਰਾ ਪਾਬੰਦੀ ਲਈ ਡੇਢ ਸਾਲ ਦੀ ਸਜ਼ਾ ਸੁਣਾਈ ਗਈ ਹੈ।" ਇਰਾਨ ਨੇ ਤੁਰੰਤ ਸਜ਼ਾ ਦੀ ਪੁਸ਼ਟੀ ਨਹੀਂ ਕੀਤੀ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਮੁਹੰਮਦੀ 2 ਫ਼ਰਵਰੀ ਤੋਂ ਭੁੱਖ ਹੜਤਾਲ ਉਤੇ ਹੈ।

# ਕੈਨੇਡੀਅਨ ਪੁਲਿਸ ਸਾਰਜੈਂਟ ਹਰਿੰਦਰ ਸੋਹੀ 6 ਮਹੀਨਿਆਂ ਲਈ ਡਿਮੋਟ!



ਓਨਟਾਰੀਓ : ਕੈਨੇਡਾ ਦੀ ਪੀਲ ਰੀਜਨਲ ਪੁਲਿਸ ਦੇ ਸਾਰਜੈਂਟ ਹਰਿੰਦਰ ਸੋਹੀ ਨੂੰ ਨਵੰਬਰ 2024 ਵਿਚ ਬਰੈਂਪਟਨ ਦੇ ਹਿੰਦੂ ਸਭਾ ਮੰਦਰ ਦੇ ਬਾਹਰ ਖਾਲਿਸਤਾਨ ਪੱਖੀ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਕਾਰਨ ਸਜ਼ਾ ਵਜੋਂ 6 ਮਹੀਨਿਆਂ ਲਈ ਡਿਮੋਟ ਕਰ ਦਿੱਤਾ ਗਿਆ ਹੈ। ਓਨਟਾਰੀਓ ਪੁਲਿਸ ਆਰਬਿਟਰੇਸ਼ਨ ਐਂਡ ਐਡਜੂਡੀਕੇਸ਼ਨ ਕਮਿਸ਼ਨ ਨੇ ਫੈਸਲਾ ਸੁਣਾਇਆ ਹੈ ਕਿ ਸੋਹੀ ਨੂੰ 6 ਮਹੀਨਿਆਂ ਲਈ ਫਸਟ ਕਲਾਸ ਕਾਂਸਟੇਬਲ ਦੇ ਰੈਂਕ 'ਤੇ ਰੱਖਿਆ ਜਾਵੇਗਾ। ਇਸ ਮਿਆਦ ਤੋਂ ਬਾਅਦ, ਉਹ ਦੁਬਾਰਾ ਆਪਣੇ ਪੁਰਾਣੇ ਰੈਂਕ ਅਤੇ ਪੂਰੀ ਤਨਖਾਹ 'ਤੇ ਵਾਪਸ ਆ ਜਾਵੇਗਾ। ਜਾਂਚ ਵਿਚ ਪਾਇਆ ਗਿਆ ਕਿ ਅਧਿਕਾਰੀ ਦਾ ਅਜਿਹਾ ਵਿਵਹਾਰ ਪੁਲਿਸ ਦੀ ਪੇਸ਼ੇਵਰਤਾ ਅਤੇ ਜਨਤਕ ਭਰੋਸੇ ਨੂੰ ਠੇਸ ਪਹੁੰਚਾਉਣ ਵਾਲਾ ਸੀ। ਇਹ ਵੀ ਸਾਹਮਣੇ ਆਇਆ ਕਿ ਸੋਹੀ ਇਸ ਘਟਨਾ ਤੋਂ ਦੋ ਹਫ਼ਤੇ ਪਹਿਲਾਂ ਟੋਰਾਂਟੋ ਵਿਚ ਹੋਏ ਇੱਕ ਹੋਰ ਪ੍ਰਦਰਸ਼ਨ ਵਿਚ ਵੀ ਸਰਗਰਮ ਸੀ। ਹਿੰਦੂ ਭਾਈਚਾਰੇ ਨੇ ਇਸ ਫੈਸਲੇ ਨੂੰ ਬਹੁਤ ਨਰਮ ਦੱਸਦਿਆਂ ਇਸ ਦੀ ਸਖ਼ਤ ਨਿੰਦਾ ਕੀਤੀ ਹੈ। ਕੈਨੇਡੀਅਨ ਆਰਗੇਨਾਈਜ਼ੇਸ਼ਨ ਫਾਰ ਹਿੰਦੂ ਹੈਰੀਟੇਜ ਐਜੂਕੇਸ਼ਨ ਨੇ ਕਿਹਾ ਕਿ ਸੋਹੀ ਨੂੰ ਦਿੱਤੀ ਗਈ ਇਹ ਮਾਮੂਲੀ ਸਜ਼ਾ ਭਾਈਚਾਰੇ ਦੇ ਮੂੰਹ 'ਤੇ ਚਪੇੜ ਵਾਂਗ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਅਜਿਹੇ ਵਿਵਹਾਰ ਲਈ ਅਧਿਕਾਰੀ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਣਾ ਚਾਹੀਦਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਹੋਇਆ ਇਹ ਪ੍ਰਦਰਸ਼ਨ ਹਿੰਸਕ ਹੋ ਗਿਆ ਸੀ ਅਤੇ ਇਸ ਵਿਚ ਕੁਝ ਲੋਕਾਂ ਨੇ ਮੰਦਰ ਦੇ ਅੰਦਰ ਦਾਖਲ ਹੋ ਕੇ ਵੀ ਹਮਲਾ ਕੀਤਾ ਸੀ, ਜਿਸ ਕਾਰਨ ਕੈਨੇਡਾ ਵਿਚ ਹਿੰਦੂ ਭਾਈਚਾਰੇ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।









# ਅਕਾਲੀ-ਭਾਜਪਾ ਦੇ ਸੰਭਾਵਿਤ ਗੱਠਜੋੜ ਦੀਆਂ ਖ਼ਬਰਾਂ ਤੋਂ ਕਾਂਗਰਸੀ ਆਗੂ ਘਬਰਾਏ : ਸੁਨੀਲ ਜਾਖੜ




ਚੰਡੀਗੜ੍ਹ : ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿ ਭਾਰਤ ਸਰਕਾਰ ਅਤੇ ਅਮਰੀਕਾ ਦੌਰਾਨ ਹੋਏ ਵਪਾਰ ਸਮਝੌਤੇ ਨਾਲ ਪੰਜਾਬ ਨੂੰ ਕੋਈ ਵੀ ਖਤਰਾ ਨਾ ਹੋਣ ਦੀ ਗੱਲ ਆਖੀ। ਉਨ੍ਹਾਂ ਕਿਹਾ ਪੰਜਾਬ ਦੀਆਂ ਕਣਕ, ਝੋਨਾ, ਮੱਕੀ, ਗੰਨੇ ਸਮੇਤ ਸਾਰੀਆਂ ਫ਼ਸਲਾਂ ਨੂੰ ਇਸ ਸਮਝੌਤੇ ਤੋਂ ਬਾਹਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਨਾਲ ਉਦਯੋਗਾਂ ਨੂੰ ਬਹੁਤ ਫਾਇਦਾ ਹੋਵੇਗਾ। ਖਾਸ ਕਰਕੇ ਲੁਧਿਆਣਾ ਦੀ ਹੌਜਰੀ ਉਦਯੋਗ ਅਤੇ ਸਾਡੇ ਸਪੋਰਟਸ ਉਦਯੋਗ ਨੂੰ ਬਹੁਤ ਵੱਡਾ ਹੁਲਾਰਾ ਮਿਲੇਗਾ। ਇਸ ਦੇ ਨਾਲ ਹੀ ਐਮ.ਐਸ.ਐਮ.ਈ. ਨੂੰ ਸਭ ਤੋਂ ਵੱਡਾ ਹੁਲਾਰਾ ਮਿਲਣ ਵਾਲਾ ਹੈ। ਸੁਨੀਲ ਜਾਖੜ ਨੇ ਮੋਗਾ ਵਿੱਚ ਪ੍ਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਇਸ ਘਟਨਾ ਨੂੰ ਪੂਰੀ ਤਰ੍ਹਾਂ ਪੰਜਾਬੀ ਸੱਭਿਆਚਾਰ ਅਤੇ ਗੁਰੂਆਂ ਦੁਆਰਾ ਦਰਸਾਏ ਮਾਰਗ ਦੇ ਵਿਰੁੱਧ ਦੱਸਿਆ। ਜਾਖੜ ਨੇ ਕਿਹਾ ਕਿ ਪੰਜਾਬ ਹਮੇਸ਼ਾ ਭਾਈਚਾਰਾ, ਆਪਸੀ ਸਤਿਕਾਰ ਅਤੇ ਸਮਾਵੇਸ਼ ਲਈ ਜਾਣਿਆ ਜਾਂਦਾ ਹੈ। ਇਸ ਲਈ, ਕਿਸੇ ਵੀ ਭਾਈਚਾਰੇ ਨੂੰ ਡਰਾਉਣ ਜਾਂ ਨਿਸ਼ਾਨਾ ਬਣਾਉਣ ਦੀਆਂ ਕੋਸ਼ਿਸ਼ਾਂ ਬਹੁਤ ਚਿੰਤਾਜਨਕ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਮੁੜ ਗਠਜੋੜ ਹੋਣ ਦੀਆਂ ਚੱਲ ਰਹੀਆਂ ਚਰਚਾਵਾਂ ਦਰਮਿਆਨ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਾਂਗਰਸ ਪਾਰਟੀ 'ਤੇ ਤਿੱਖਾ ਸਿਆਸੀ ਹਮਲਾ ਬੋਲਦਿਆਂ ਕਿਹਾ ਕਿ ਇਸ ਸੰਭਾਵਿਤ ਗਠਜੋੜ ਦੀਆਂ ਖ਼ਬਰਾਂ ਨੇ ਕਾਂਗਰਸੀ ਖੇਮੇ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਸੁਨੀਲ ਜਾਖੜ ਨੇ ਵਿਅੰਗ ਕਰਦਿਆਂ ਕਿਹਾ ਕਿ ਪਹਿਲਾਂ ਤਾਂ ਕਾਂਗਰਸੀਆਂ ਨੂੰ ਸਿਰਫ਼ ਜਾਖੜ ਦਾ ਹੀ 'ਭੂਤ' ਵਿਖਾਈ ਦਿੰਦਾ ਸੀ ਪਰ ਅੱਜਕੱਲ੍ਹ ਉਨ੍ਹਾਂ ਨੂੰ ਦੋ ਭੂਤ ਵਿਖਾਈ ਦੇਣ ਲੱਗ ਪਏ ਹਨ। ਉਨ੍ਹਾਂ ਮੁਤਾਬਕ ਕਾਂਗਰਸੀ ਆਗੂ ਇਸ ਸੋਚ ਵਿੱਚ ਡੁੱਬੇ ਹੋਏ ਹਨ ਕਿ ਜੇਕਰ ਇਹ ਦੋਵੇਂ ਪਾਰਟੀਆਂ (ਅਕਾਲੀ ਦਲ ਅਤੇ ਭਾਜਪਾ) ਮੁੜ ਇਕੱਠੀਆਂ ਆ ਗਈਆਂ ਤਾਂ ਉਨ੍ਹਾਂ ਦਾ ਕੀ ਬਣੇਗਾ। ਸੁਨੀਲ ਜਾਖੜ ਨੇ ਅੱਗੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਇੰਨੇ ਘਬਰਾਏ ਹੋਏ ਹਨ ਕਿ ਉਨ੍ਹਾਂ ਨੂੰ ਰਾਤਾਂ ਨੂੰ ਵੀ ਇਸ ਗਠਜੋੜ ਦੇ ਹੀ ਸੁਫ਼ਨੇ ਆ ਰਹੇ ਹਨ।

# ਸਾਬਕਾ ਫੌਜ ਮੁਖੀ ਨਰਵਾਣੇ ਦੀ ਕਿਤਾਬ ਰਿਲੀਜ਼ ਤੋਂ ਪਹਿਲਾਂ ਹੀ ਵਿਵਾਦਾਂ 'ਚ!

## ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਕੀਤਾ ਮਾਮਲਾ ਦਰਜ




ਨਵੀ ਦਿੱਲੀ : ਸਾਬਕਾ ਫੌਜ ਮੁਖੀ ਮਨੋਜ ਮੁਕੰਦ ਨਰਵਾਨੇ ਦੀ ਕਿਤਾਬ ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦਾਂ 'ਚ ਘਿਰ ਗਈ ਹੈ। ਨਰਵਾਨੇ ਦੀ ਕਿਤਾਬ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਹੈ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਕੇਸ ਦਰਜ ਕੀਤਾ ਹੈ। ਇਹ ਐਫਆਈਆਰ ਪ੍ਰੀ-ਪ੍ਰਿੰਟ ਕਾਪੀ ਲੀਕ ਕਰਨ ਲਈ ਦਰਜ ਕੀਤੀ ਗਈ ਹੈ। ਦਿੱਲੀ ਪੁਲਿਸ ਨੇ "ਫੋਰ ਸਟਾਰਸ ਆਫ਼ ਡੈਸਟੀਨੀ" ਨਾਮਕ ਕਿਤਾਬ ਦੀ ਪ੍ਰੀ-ਪ੍ਰਿੰਟ ਕਾਪੀ ਦਾ ਸੋਸ਼ਲ ਮੀਡੀਆ ਅਤੇ ਕੁਝ ਨਿਊਜ਼ ਫੋਰਮਾਂ 'ਤੇ ਸਾਹਮਣੇ ਆਈ ਜਾਣਕਾਰੀ ਦਾ ਨੋਟਿਸ ਲਿਆ ਹੈ। ਇਹ ਦੱਸਿਆ ਗਿਆ ਹੈ ਕਿ ਕਿਤਾਬ ਨੂੰ ਅਜੇ ਤੱਕ ਸਬੰਧਤ ਅਧਿਕਾਰੀਆਂ ਤੋਂ ਪ੍ਰਕਾਸ਼ਨ ਲਈ ਲੋੜੀਂਦੀ ਪ੍ਰਵਾਨਗੀ ਨਹੀਂ ਮਿਲੀ ਹੈ। ਇੱਕ ਜਾਂਚ ਤੋਂ ਪਤਾ ਲੱਗਿਆ ਕਿ ਇਸੇ ਨਾਮ ਦੀ ਇੱਕ ਟਾਈਪਸੈੱਟ ਕਿਤਾਬ ਦੀ PDF ਕਈ ਵੈੱਬਸਾਈਟਾਂ 'ਤੇ ਉਪਲੱਬਧ ਹੈ। ਕੁਝ ਔਨਲਾਈਨ ਮਾਰਕੀਟਿੰਗ ਪਲੇਟਫਾਰਮ ਕਿਤਾਬ ਦੇ ਕਵਰ ਨੂੰ ਵੀ ਪ੍ਰਦਰਸ਼ਿਤ ਕਰ ਰਹੇ ਸਨ, ਜਿਵੇਂ ਕਿ ਇਹ ਵਿਕਰੀ ਲਈ ਤਿਆਰ ਹੋਵੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਦਿੱਲੀ ਪੁਲਿਸ ਨੇ ਇਸ ਕਥਿਤ ਲੀਕ ਜਾਂ ਸ਼ੱਕੀ ਅਣਅਧਿਕਾਰਤ ਪ੍ਰਕਾਸ਼ਨ ਦੇ ਸਬੰਧ ਵਿੱਚ ਵਿਸ਼ੇਸ਼ ਸੈੱਲ ਕੋਲ ਕੇਸ ਦਰਜ ਕੀਤਾ ਹੈ। ਓਧਰ ਪੁਲਿਸ ਦਾ ਕਹਿਣਾ ਹੈ ਕਿ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ PDF ਨੂੰ ਕਿਸਨੇ ਅਤੇ ਕਿਵੇਂ ਔਨਲਾਈਨ ਅਪਲੋਡ ਕੀਤਾ। ਨਰਵਾਨੇ ਦੀ ਕਿਤਾਬ ਦਾ ਜ਼ਿਕਰ ਉਦੋਂ ਹੋਇਆ ਜਦੋਂ ਰਾਹੁਲ ਗਾਂਧੀ ਸੰਸਦ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਬਹਿਸ ਦੌਰਾਨ ਬੋਲ ਰਹੇ ਸਨ। ਰਾਹੁਲ ਗਾਂਧੀ ਨੇ ਚੀਨੀ ਘੁਸਪੈਠ ਅਤੇ ਜਨਰਲ ਨਰਵਾਨੇ ਦੀ ਕਿਤਾਬ ਦਾ ਹਵਾਲਾ ਦਿੰਦੇ ਹੋਏ ਸੰਸਦ ਵਿੱਚ ਮੋਦੀ ਸਰਕਾਰ 'ਤੇ ਹਮਲਾ ਬੋਲਿਆ। ਰਾਹੁਲ ਕਿਤਾਬ ਦੀ ਇੱਕ ਕਾਪੀ ਲੈ ਕੇ ਪਹੁੰਚੇ ਅਤੇ ਇਸ ਦੇ ਇੱਕ ਅੰਸ਼ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਕਿ ਜਦੋਂ ਚੀਨੀ ਟੈਂਕ ਭਾਰਤੀ ਸਰਹੱਦ ਵੱਲ ਵਧ ਰਹੇ ਸਨ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਜ਼ਿੰਮੇਵਾਰੀ ਨੂੰ ਨਜ਼ਰਅੰਦਾਜ਼ ਕੀਤਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਹ ਸਦਨ ਵਿੱਚ ਆਉਂਦੇ ਹਨ ਤਾਂ ਉਹ ਪ੍ਰਧਾਨ ਮੰਤਰੀ ਮੋਦੀ ਨੂੰ ਇਹ ਕਿਤਾਬ ਭੇਟ ਕਰਨਗੇ। ਨਰਵਾਨੇ ਦੀ ਕਿਤਾਬ "ਫੋਰ ਸਟਾਰਸ ਆਫ ਡੈਸਟੀਨੀ" ਅਜੇ ਪ੍ਰਕਾਸ਼ਿਤ ਨਹੀਂ ਹੋਈ ਹੈ।

# ਗਾਇਕ ਮਾਸਟਰ ਸਲੀਮ ਦੇ ਮੈਨੇਜਰ ਨੂੰ ਵਟਸਐਪ ਕਾਲ ਰਾਹੀਂ ਮਿਲੀ ਧਮਕੀ, ਕਿਹਾ "ਤੁਹਾਡੇ ਦਿਨ..."



ਚੰਡੀਗੜ੍ਹ : ਬਾਲੀਵੁੱਡ ਅਤੇ ਸੂਫੀ ਗਾਇਕੀ ਦੀ ਦੁਨੀਆ ਵਿੱਚ ਆਪਣੀ ਪਛਾਣ ਰੱਖਣ ਵਾਲੇ ਗਾਇਕ ਮਾਸਟਰ ਸਲੀਮ ਦੇ ਮੈਨੇਜਰ ਜੋਸ਼ ਨੂੰ ਵਟਸਐਪ ਕਾਲ ਰਾਹੀਂ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਧਮਕੀ ਦੇਣ ਵਾਲੇ ਨੇ ਕਾਲ 'ਤੇ ਕਿਹਾ—"ਤੇਰੇ ਦਿਨ ਥੋੜ੍ਹੇ ਹੀ ਰਹਿ ਗਏ ਹਨ।" ਮੈਨੇਜਰ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਜਾਣਕਾਰੀ ਅਨੁਸਾਰ, ਮੈਨੇਜਰ ਨੂੰ ਇੱਕ ਅਣਪਛਾਤੇ ਨੰਬਰ ਤੋਂ ਵਟਸਐਪ ਕਾਲ ਆਈ। ਕਾਲ ਚੁੱਕਣ 'ਤੇ ਸਾਹਮਣੇ ਵਾਲੇ ਨੇ ਧਮਕੀ ਭਰੇ ਲਹਿਜੇ ਵਿੱਚ ਜਾਨੋਂ ਮਾਰਨ ਦੀ ਗੱਲ ਕਹੀ। ਪਹਿਲਾਂ ਤਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ, ਪਰ ਦੁਬਾਰਾ ਕਾਲ ਆਉਣ ਅਤੇ ਸ਼ੱਕੀ ਗਤੀਵਿਧੀਆਂ ਤੋਂ ਬਾਅਦ ਮਾਮਲਾ ਪੁਲਿਸ ਤੱਕ ਪਹੁੰਚਾਇਆ ਗਿਆ। ਕਾਲ ਕਰਨ ਵਾਲੇ ਨੇ ਕਿਸੇ ਤਰ੍ਹਾਂ ਦੀ ਕੋਈ ਮੰਗ ਨਹੀਂ ਰੱਖੀ, ਸਗੋਂ ਸਿੱਧੇ ਤੌਰ 'ਤੇ ਧਮਕੀ ਦਿੱਤੀ। ਇਸ ਕਾਰਨ ਪਰਿਵਾਰ ਅਤੇ ਕਰੀਬੀ ਲੋਕ ਵੀ ਚਿੰਤਤ ਹਨ।

ਮੈਨੇਜਰ ਜੋਸ਼ ਨੇ ਪੁਲਿਸ ਨੂੰ ਦੱਸਿਆ ਕਿ 28 ਜਨਵਰੀ ਦੀ ਸ਼ਾਮ ਨੂੰ ਜਦੋਂ ਉਹ ਘਰ ਸਨ, ਤਦ ਉਨ੍ਹਾਂ ਨੂੰ ਇੱਕ ਅਣਪਛਾਤੇ ਨੰਬਰ ਤੋਂ ਵਟਸਐਪ ਕਾਲ ਆਈ ਸੀ। ਕਾਲ ਚੁੱਕਣ 'ਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ, ਜਿਸ ਨੂੰ ਉਨ੍ਹਾਂ ਨੇ ਸ਼ੁਰੂਆਤ ਵਿੱਚ ਨਜ਼ਰਅੰਦਾਜ਼ ਕਰ ਦਿੱਤਾ ਸੀ।

ਪੰਜ ਦਿਨਾਂ ਬਾਅਦ ਉਨ੍ਹਾਂ ਨੂੰ ਫਿਰ ਉਸੇ ਨੰਬਰ ਤੋਂ ਦੁਬਾਰਾ ਕਾਲ ਆਈ। ਇਸ ਵਾਰ ਉਨ੍ਹਾਂ ਨੇ ਕਾਲ ਨਹੀਂ ਚੁੱਕੀ। ਇਸ ਤੋਂ ਤੁਰੰਤ ਬਾਅਦ, ਧਮਕੀ ਦੇਣ ਵਾਲੇ ਵਿਅਕਤੀ ਨੇ ਉਨ੍ਹਾਂ ਦੇ ਮੋਬਾਈਲ 'ਤੇ ਉਨ੍ਹਾਂ ਦੀਆਂ ਗੱਡੀਆਂ ਦੀਆਂ ਤਸਵੀਰਾਂ ਵਟਸਐਪ ਰਾਹੀਂ ਭੇਜੀਆਂ। ਵਟਸਐਪ 'ਤੇ ਧਮਕੀਆਂ ਮਿਲਣ ਤੋਂ ਬਾਅਦ, ਜੋਸ਼ ਨੇ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਲ ਡਿਟੇਲ ਰਿਕਾਰਡ (ਸੀ.ਡੀ.ਆਰ.) ਖੰਗਾਲੇ ਜਾ ਰਹੇ ਹਨ ਅਤੇ ਵਟਸਐਪ ਕਾਲ ਦੀ ਤਕਨੀਕੀ ਜਾਣਕਾਰੀ ਜੁਟਾਈ ਜਾ ਰਹੀ ਹੈ। ਅਣਪਛਾਤੇ ਨੰਬਰ ਦੀ ਪਛਾਣ ਕਰਕੇ ਮੁਲਜ਼ਮ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਭਾਰਤ-ਅਮਰੀਕਾ ਵਪਾਰ ਸਮਝੌਤੇ 'ਚ ਬਦਲਾਅ

## ਵ੍ਹਾਈਟ ਹਾਊਸ ਨੇ ਅਮਰੀਕੀ ਦਾਲਾਂ ਨੂੰ ਸੂਚੀ 'ਚੋਂ ਹਟਾਇਆ



ਭਾਰਤ ਅਤੇ ਅਮਰੀਕਾ ਵਿਚਕਾਰ ਹਾਲ ਹੀ ਵਿੱਚ ਹੋਏ ਅੰਤਰਿਮ ਵਪਾਰ ਸਮਝੌਤੇ ਸੰਬੰਧੀ ਵੱਡੀ ਖ਼ਬਰ ਸਾਹਮਣੇ ਆਈ ਹੈ। ਇਸ ਵਪਾਰ ਸਮਝੌਤੇ ਵਿੱਚ ਇੱਕ ਮੁੱਖ ਵੇਰਵਾ ਹੁਣ ਬਦਲ ਦਿੱਤਾ ਗਿਆ ਹੈ। ਕੁਝ ਦਾਲਾਂ ਪਹਿਲਾਂ ਜਾਰੀ ਕੀਤੀ ਗਈ ਤੱਥ ਸ਼ੀਟ ਵਿੱਚ ਸ਼ਾਮਿਲ ਕੀਤੀਆਂ ਗਈਆਂ ਸਨ, ਪਰ ਹੁਣ ਉਨ੍ਹਾਂ ਨੂੰ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਹੈ। ਵ੍ਹਾਈਟ ਹਾਊਸ ਦੇ ਇੱਕ ਬਿਆਨ ਨੇ ਇਸਦੀ ਪੁਸ਼ਟੀ ਕੀਤੀ ਹੈ। ਇਸਦਾ ਮਤਲਬ ਹੈ ਕਿ ਭਾਰਤ 'ਤੇ ਅਮਰੀਕੀ ਦਾਲਾਂ ਦੀ ਦਰਾਮਦ ਡਿਊਟੀ ਵਿੱਚ ਬਦਲਾਅ ਅਜੇ ਸਪੱਸ਼ਟ ਨਹੀਂ ਹਨ।

ਦੱਸ ਦੇਈਏ ਕਿ ਵ੍ਹਾਈਟ ਹਾਊਸ ਵੱਲੋਂ ਜਾਰੀ ਕੀਤੀ ਗਈ ਪਹਿਲੀ ਫੈਕਟ ਸ਼ੀਟ ਵਿੱਚ ਕਿਹਾ ਗਿਆ ਸੀ ਕਿ ਭਾਰਤ ਸਾਰੇ ਅਮਰੀਕੀ ਉਦਯੋਗਿਕ ਸਮਾਨ ਅਤੇ ਕੁਝ ਭੋਜਨ ਅਤੇ ਖੇਤੀਬਾੜੀ ਉਤਪਾਦਾਂ 'ਤੇ ਆਯਾਤ ਡਿਊਟੀਆਂ ਘਟਾਏਗਾ ਜਾਂ ਹਟਾਏਗਾ। ਇਨ੍ਹਾਂ ਵਿੱਚ ਸੁੱਕੇ ਅਨਾਜ, ਲਾਲ ਜਵਾਰ, ਰੁੱਖਾਂ ਦੇ ਗਿਰੀਦਾਰ, ਫਲ
ਅਤੇ ਗਿਰੀਦਾਰ, ਕੁਝ ਦਾਲਾਂ, ਸੋਇਆਬੀਨ ਤੇਲ, ਸ਼ਰਾਬ ਅਤੇ ਵਾਈਨ ਸ਼ਾਮਿਲ ਸਨ। ਇਸ ਸੰਦਰਭ ਵਿੱਚ, ਵ੍ਹਾਈਟ ਹਾਊਸ ਨੇ ਹੁਣ ਆਪਣੀ ਪਹਿਲੀ ਤੱਥ ਸ਼ੀਟ ਨੂੰ ਸੋਧਿਆ ਹੈ। ਇਸ ਵਿੱਚ ਸ਼ਾਮਿਲ ਦਾਲਾਂ ਨੂੰ ਹਟਾ ਦਿੱਤਾ ਗਿਆ ਹੈ। ਇਸਦਾ ਮਤਲਬ ਹੈ ਕਿ ਹੁਣ ਇਹ ਸਪੱਸ਼ਟ ਨਹੀਂ ਹੈ ਕਿ ਭਾਰਤ ਅਮਰੀਕੀ ਦਾਲਾਂ 'ਤੇ ਕੋਈ ਟੈਰਿਫ ਘਟਾਏਗਾ ਜਾਂ ਨਹੀਂ।

ਪੂਰੇ ਮਾਮਲੇ ਨੂੰ ਇਸ ਤਰ੍ਹਾਂ ਸਮਝੋ

ਭਾਰਤ ਅਤੇ ਅਮਰੀਕਾ ਇੱਕ ਅੰਤਰਿਮ ਸਮਝੌਤੇ 'ਤੇ ਸਹਿਮਤ ਹੋਏ ਹਨ।

ਅਮਰੀਕਾ ਚਾਹੁੰਦਾ ਹੈ ਕਿ ਭਾਰਤ ਆਪਣੇ ਸਾਮਾਨਾਂ 'ਤੇ ਘੱਟ ਟੈਕਸ ਲਗਾਏ ਤਾਂ ਜੋ ਅਮਰੀਕੀ ਉਤਪਾਦਾਂ ਨੂੰ ਭਾਰਤ ਵਿੱਚ ਹੋਰ ਆਸਾਨੀ ਨਾਲ ਵੇਚਿਆ ਜਾ ਸਕੇ।

ਸ਼ੁਰੂ ਵਿੱਚ, ਵ੍ਹਾਈਟ ਹਾਊਸ ਨੇ ਕਿਹਾ ਸੀ ਕਿ ਦਾਲਾਂ ਵੀ ਸ਼ਾਮਿਲ ਸਨ।

ਇਹ ਹੁਣ ਬਦਲ ਗਿਆ ਹੈ, ਅਤੇ ਤੱਥ ਸ਼ੀਟ ਵਿੱਚੋਂ ਦਾਲਾਂ ਦਾ ਜ਼ਿਕਰ ਹਟਾ ਦਿੱਤਾ ਗਿਆ ਹੈ।

ਭਾਰਤ ਅਮਰੀਕਾ ਤੋਂ ਵੱਡੀ ਮਾਤਰਾ ਵਿੱਚ ਦਾਲਾਂ ਦੀ ਦਰਾਮਦ ਕਰਦਾ ਹੈ।

ਜੇਕਰ ਭਾਰਤ ਟੈਕਸ ਨਹੀਂ ਘਟਾਉਂਦਾ, ਤਾਂ ਅਮਰੀਕਾ ਨੂੰ ਦਾਲਾਂ ਦੀ ਬਰਾਮਦ ਮਹਿੰਗੀ ਰਹਿ ਸਕਦੀ ਹੈ।

# ਮੋਹਾਲੀ ਦੇ ਕਈ ਸਕੂਲਾਂ ਨੂੰ ਮਿਲੀ ਬੰਬ ਦੀ ਧਮਕੀ

## ਬੱਚਿਆਂ ਨੂੰ ਭੇਜਿਆ ਵਾਪਸ, ਅਲਰਟ 'ਤੇ ਪੁਲਿਸ ਤੇ ਸੁਰੱਖਿਆ ਏਜੰਸੀਆਂ



ਚੰਡੀਗੜ੍ਹ : ਮੋਹਾਲੀ ਵਿੱਚ ਕਰੀਬ 10 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਹ ਧਮਕੀ ਸਕੂਲਾਂ ਨੂੰ ਈ-ਮੇਲ ਰਾਹੀਂ ਪ੍ਰਾਪਤ ਹੋਈ। ਸੂਚਨਾ ਮਿਲਦੇ ਹੀ ਸਬੰਧਤ ਸਕੂਲ ਪ੍ਰਬੰਧਕ ਸੁਚੇਤ ਹੋ ਗਏ ਅਤੇ ਸਾਵਧਾਨੀ ਵਜੋਂ ਸਾਰੇ ਸਕੂਲਾਂ ਵਿੱਚ ਛੁੱਟੀ ਕਰ ਦਿੱਤੀ ਗਈ। ਇਸ ਸਬੰਧ ਵਿੱਚ ਮਾਪਿਆਂ ਨੂੰ ਮੈਸੇਜ ਭੇਜ ਕੇ ਜਾਣਕਾਰੀ ਦਿੱਤੀ ਗਈ। ਉੱਥੇ ਹੀ ਸਵੇਰੇ ਸਕੂਲ ਪਹੁੰਚੇ ਕਈ ਬੱਚਿਆਂ ਨੂੰ ਗੇਟ ਤੋਂ ਹੀ ਵਾਪਸ ਭੇਜ ਦਿੱਤਾ ਗਿਆ। ਸਕੂਲ ਪ੍ਰਸ਼ਾਸ਼ਨ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਪ੍ਰਾਪਤ ਹੋਈ ਈ-ਮੇਲ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਵਿਦਿਆਰਥੀਆਂ ਨੂੰ ਵਾਪਸ ਭੇਜ ਰਹੇ ਹਾਂ। ਬੱਸ ਰਾਹੀਂ ਆਉਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸਬੰਧਤ ਬੱਸਾਂ ਰਾਹੀਂ ਹੀ ਭੇਜਿਆ ਜਾਵੇਗਾ। ਨਿੱਜੀ ਵਾਹਨਾਂ ਰਾਹੀਂ ਆਉਣ ਵਾਲੇ ਮਾਪਿਆਂ ਨੂੰ ਬੇਨਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਜਿੰਨੀ ਜਲਦੀ ਹੋ ਸਕੇ ਵਾਪਸ ਲੈ ਜਾਣ।

ਮਿਲੀ ਜਾਣਕਾਰੀ ਅਨੁਸਾਰ ਸਵੇਰੇ ਲਗਭਗ 7.30 ਵਜੇ ਭੇਜੀ ਗਈ ਈ-ਮੇਲ ਵਿੱਚ ਕਿਹਾ ਗਿਆ ਹੈ ਕਿ ਦੁਪਹਿਰ 1.11 ਵਜੇ ਬੰਬ ਧਮਾਕਾ ਹੋਵੇਗਾ। ਸਵੇਰੇ 8:50 ਵਜੇ ਸਕੂਲਾਂ ਦੇ ਖੁੱਲ੍ਹਣੇ ਸਨ। ਪਰ ਧਮਕੀ ਭਰੀ ਈ-ਮੇਲ ਮਿਲਣ 'ਤੇ, ਪੁਲਿਸ ਨੂੰ ਤੁਰੰਤ ਸੂਚਿਤ ਕੀਤਾ ਗਿਆ। ਅਤੇ ਸਕੂਲਾਂ 'ਚ ਛੁੱਟੀ ਕਰ ਦਿੱਤੀ ਗਈ। ਦੱਸ ਦਈਏ ਕਿ ਧਮਕੀ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਅਲਰਟ ਮੋਡ ਵਿੱਚ ਆ ਗਈਆਂ ਹਨ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸਕੂਲ ਕੰਪਲੈਕਸਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

ਡੀਐਸਪੀ ਸਿਟੀ ਹਰਸਿਮਰਨ ਬਲ ਖੁਦ ਲਰਨਿੰਗ ਪਾਥ ਸਕੂਲ ਪਹੁੰਚੇ, ਜਦਕਿ ਡੀਐਸਪੀ ਸਿਟੀ-1 ਪ੍ਰਿਥਵੀ ਚਾਹਲ ਪੈਰਾਗਾਨ ਸਕੂਲ ਪਹੁੰਚੇ। ਪੁਲਿਸ ਨੇ ਸਾਰੇ ਸਕੂਲਾਂ ਨੂੰ ਸੀਲ ਕਰ ਦਿੱਤਾ ਅਤੇ ਅੰਦਰ ਜਾਂਚ ਕੀਤੀ ਜਾ ਰਹੀ ਹੈ। ਕਿਸੇ ਨੂੰ ਵੀ ਗੇਟ ਤੋਂ ਅੱਗੇ ਨਹੀਂ ਜਾਣ ਦਿੱਤਾ ਜਾ ਰਿਹਾ। ਇਸ ਤੋਂ ਪਹਿਲਾ 28 ਜਨਵਰੀ ਨੂੰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਤੋਂ ਪਹਿਲਾਂ, ਚੰਡੀਗੜ੍ਹ ਦੇ 30 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਸਨ।

# ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਸੰਸਦ 'ਚ ਹੰਗਾਮਾ: ਲੋਕ ਸਭਾ ਦੀ ਕਾਰਵਾਈ ਮੁਲਤਵੀ



ਵੀਰਵਾਰ ਨੂੰ ਲੋਕ ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਭਾਰਤ ਅਤੇ ਅਮਰੀਕਾ ਵਿਚਾਲੇ ਹੋਏ ਅੰਤਰਿਮ ਵਪਾਰ ਸਮਝੌਤੇ ਨੂੰ ਲੈ ਕੇ ਵਿਰੋਧੀ ਧਿਰ ਨੇ ਜ਼ਬਰਦਸਤ ਹੰਗਾਮਾ ਕੀਤਾ। ਜਿਵੇਂ ਹੀ ਪ੍ਰਸ਼ਨ ਕਾਲ ਸ਼ੁਰੂ ਹੋਇਆ, ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਕਈ ਮੈਂਬਰ ਸਦਨ ਦੇ ਵਿਚਾਲੇ (ਵੈੱਲ) ਤੱਕ ਪਹੁੰਚ ਗਏ ਅਤੇ 'ਵਪਾਰ ਸਮਝੌਤਾ ਵਾਪਸ ਲਓ' ਦੇ ਨਾਅਰੇ ਲਾਏ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਇਸ ਸਮਝੌਤੇ ਵਿੱਚ ਖੇਤੀਬਾੜੀ ਸੈਕਟਰ ਨੂੰ ਲੈ ਕੇ ਦਿੱਤੀਆਂ ਗਈਆਂ ਛੋਟਾਂ ਭਾਰਤੀ ਕਿਸਾਨਾਂ ਦੇ ਹਿੱਤ ਵਿੱਚ ਨਹੀਂ ਹਨ। ਇਸ ਦੇ ਨਾਲ ਹੀ ਨਵੇਂ ਲੇਬਰ ਕੋਡ ਨੂੰ ਵਾਪਸ ਲੈਣ ਦੀ ਮੰਗ ਵੀ ਚੁੱਕੀ ਗਈ।

ਸਦਨ ਦੀ ਪ੍ਰਧਾਨਗੀ ਕਰ ਰਹੇ ਕ੍ਰਿਸ਼ਨਾ ਪ੍ਰਸਾਦ ਤੇਨੇਤੀ ਨੇ ਪ੍ਰਦਰਸ਼ਨ ਕਰ ਰਹੇ ਮੈਂਬਰਾਂ ਨੂੰ ਵਾਰ-ਵਾਰ ਆਪਣੀਆਂ ਸੀਟਾਂ 'ਤੇ ਜਾਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਦਨ ਦੇ ਅੰਦਰ ਤਖ਼ਤੀਆਂ ਦਿਖਾਉਣਾ ਨਿਯਮਾਂ ਦੇ ਖ਼ਿਲਾਫ਼ ਹੈ। ਭਾਰੀ ਸ਼ੋਰ-ਸ਼ਰਾਬੇ ਕਾਰਨ ਸਿਰਫ਼ ਸੱਤ ਮਿੰਟ ਹੀ ਕਾਰਵਾਈ ਚੱਲ ਸਕੀ, ਜਿਸ ਦੌਰਾਨ ਸਿਰਫ਼ ਇੱਕ ਸਵਾਲ ਹੀ ਲਿਆ ਜਾ ਸਕਿਆ। ਹੰਗਾਮਾ ਵਧਦਾ ਦੇਖ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ।



# FEMA ਉਲੰਘਣਾ ਮਾਮਲਾ: ਕੈਪਟਨ ਅਮਰਿੰਦਰ ਸਿੰਘ ਨੂੰ ED ਨੇ ਭੇਜਿਆ ਸੰਮਨ



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਐਂਨਫੋਰਸਮੈਂਟ ਡਾਇਰੈਕਟੋਰੇਟ (ED) ਦੇ ਜਲੰਧਰ ਦਫ਼ਤਰ ਨੇ ਉਨ੍ਹਾਂ ਨੂੰ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ (FEMA) ਦੀ ਕਥਿਤ ਉਲੰਘਣਾ ਦੇ ਮਾਮਲੇ ਵਿੱਚ ਭਲਕੇ ਯਾਨੀ 12 ਫਰਵਰੀ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਹਾਲਾਂਕਿ, ਕੈਪਟਨ ਅਮਰਿੰਦਰ ਸਿੰਘ ਦੇ ਪੇਸ਼ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ ਕਿਉਂਕਿ ਉਹ ਗੋਡੇ ਦੀ ਸਰਜਰੀ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਹਨ। ਦੂਜੇ ਪਾਸੇ, ED ਦੇ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜੇ ਤੱਕ ਪੇਸ਼ੀ ਤੋਂ ਛੋਟ ਸਬੰਧੀ ਕੋਈ ਅਰਜ਼ੀ ਪ੍ਰਾਪਤ ਨਹੀਂ ਹੋਈ ਹੈ।

ਇਹ ਮਾਮਲਾ ਕੈਪਟਨ ਦੇ ਪੁੱਤਰ ਰਣਇੰਦਰ ਸਿੰਘ ਨਾਲ ਜੁੜੀ ਪੁਰਾਣੀ ਜਾਂਚ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਰਣਇੰਦਰ ਸਿੰਘ ਤੋਂ ਪਹਿਲਾਂ ਵੀ ਸਵਿਟਜ਼ਰਲੈਂਡ ਵਿੱਚ ਫੰਡਾਂ ਦੀ ਕਥਿਤ ਹੇਰਾਫੇਰੀ ਅਤੇ 'ਜੈਕਾਰੰਡਾ ਟਰਸਟ' ਦੇ ਗਠਨ ਨੂੰ ਲੈ ਕੇ ਪੁੱਛਗਿੱਛ ਹੋ ਚੁੱਕੀ ਹੈ। ਇਨਕਮ ਟੈਕਸ ਵਿਭਾਗ ਦੀ ਜਾਂਚ ਮੁਤਾਬਕ ਵਿਦੇਸ਼ਾਂ ਵਿੱਚ ਕੁਝ ਅਜਿਹੀਆਂ ਜਾਇਦਾਦਾਂ ਬਣਾਈਆਂ ਗਈਆਂ ਸਨ ਜਿਨ੍ਹਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। ਸਿਆਸੀ ਹਲਕਿਆਂ ਵਿੱਚ ਇਸ ਕਾਰਵਾਈ ਨੇ ਹਲਚਲ ਮਚਾ ਦਿੱਤੀ ਹੈ, ਕਿਉਂਕਿ ਕੈਪਟਨ ਪਿਛਲੇ ਕੁਝ ਦਿਨਾਂ ਤੋਂ ਸਿਆਸੀ ਤੌਰ 'ਤੇ ਕਾਫ਼ੀ ਸਰਗਰਮ ਸਨ ਅਤੇ ਭਾਜਪਾ-ਅਕਾਲੀ ਦਲ ਦੇ ਗਠਜੋੜ ਦੇ ਪੱਖ ਵਿੱਚ ਖੁੱਲ੍ਹ ਕੇ ਬੋਲ ਰਹੇ ਸਨ।

# 'ਮੁੱਖ ਮੰਤਰੀ ਸਿਹਤ ਯੋਜਨਾ' ਬਾਰੇ ਪੰਜਾਬ ਵਿਰੋਧੀ ਤਾਕਤਾਂ ਦੇ ਕੂੜ ਪ੍ਰਚਾਰ 'ਤੇ ਭਰੋਸਾ ਨਾ ਕਰੋ, ਮੁੱਖ ਮੰਤਰੀ ਵੱਲੋਂ ਸਮੂਹ ਪੰਜਾਬੀਆਂ ਨੂੰ ਅਪੀਲ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਸੂਬਾ ਸਰਕਾਰ ਵੱਲੋਂ ਹਰੇਕ ਪਰਿਵਾਰ ਲਈ ਸ਼ੁਰੂ ਕੀਤੀ 'ਮੁੱਖ ਮੰਤਰੀ ਸਿਹਤ ਯੋਜਨਾ' ਬਾਰੇ ਪੰਜਾਬ ਵਿਰੋਧੀ ਤਾਕਤਾਂ ਦੁਆਰਾ ਕੀਤੇ ਜਾ ਰਹੇ ਕੂੜ ਪ੍ਰਚਾਰ ਤੋਂ ਗੁੰਮਰਾਹ ਨਾ ਹੋਣ।

ਇਕ ਵੀਡੀਓ ਸੰਦੇਸ਼ ਰਾਹੀਂ ਲੋਕਾਂ ਨੂੰ ਮੁਖ਼ਾਤਬ ਹੁੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਲੋਕ ਭਲਾਈ ਵਾਲੀ ਇਸ ਪ੍ਰਮੁੱਖ ਸਕੀਮ ਦੀ ਸ਼ੁਰੂਆਤ ਕੀਤੀ ਹੈ ਤਾਂ ਕਿ ਪੰਜਾਬ ਦੇ ਹਰੇਕ ਨਾਗਰਿਕ ਖਾਸ ਤੌਰ ਉਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਕੈਸ਼ਲੈੱਸ ਇਲਾਜ ਕਰਵਾਉਣ ਤੱਕ ਸਿੱਧੀ ਪਹੁੰਚ ਹੋ ਸਕੇ।" ਇਸ ਪਹਿਲਕਦਮੀ ਬਾਰੇ ਦੱਸਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, "ਲੋਕਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਸ਼ੁਰੂ ਕੀਤੀ ਹੈ, ਜੋ ਕਿ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਜਿਸ ਦੇ ਤਹਿਤ ਪੰਜਾਬ ਦਾ ਹਰ ਪਰਿਵਾਰ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਕਰਵਾਉਣ ਦਾ ਹੱਕਦਾਰ ਹੈ।"

ਇਸ ਨੂੰ ਇਤਿਹਾਸਕ ਪ੍ਰਾਪਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ, "ਇਹ ਬਹੁਤ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਵਿਆਪਕ ਪੱਧਰ 'ਤੇ ਮੁਫ਼ਤ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਬਣ ਗਿਆ ਹੈ। ਇਹ ਸਕੀਮ ਲੋਕਾਂ 'ਤੇ



ਵਿੱਤੀ ਬੋਝ ਨੂੰ ਕਾਫ਼ੀ ਘਟਾਏਗੀ ਅਤੇ ਨਾਲ ਹੀ ਮਿਆਰੀ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਯਕੀਨੀ ਬਣਾਏਗੀ।"ਇਸ ਸਕੀਮ ਤਹਿਤ ਰਜਿਸਟਰ ਹੋਣ ਬਾਰੇ ਜਾਣਕਾਰੀ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਕੈਸ਼ਲੈੱਸ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਸਾਰੇ ਸਰਕਾਰੀ ਕਰਮਚਾਰੀ, ਪੈਨਸ਼ਨਰ ਅਤੇ ਹੋਰ ਨਾਗਰਿਕ ਸਿਹਤ ਕਾਰਡ ਲਈ ਯੋਗ ਹਨ ਅਤੇ ਇਹ ਸਿਹਤ ਕਾਰਡ ਸੁਵਿਧਾ ਕੇਂਦਰਾਂ ਅਤੇ ਕਾਮਨ ਸਰਵਿਸ ਸੈਂਟਰਾਂ ਤੋਂ ਜਾਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਵਰਤੋਂ ਕਰਕੇ ਆਨਲਾਈਨ ਰਜਿਸਟ੍ਰੇਸ਼ਨ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।"ਲੋਕਾਂ ਵੱਲੋਂ ਮਿਲ ਰਹੇ ਹੁੰਗਾਰੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਪੰਜਾਬ ਦੇ ਲੋਕਾਂ ਨੇ ਭਰਵਾਂ ਸਵਾਗਤ ਕੀਤਾ ਹੈ ਅਤੇ ਲੋਕ ਇਸ ਸਕੀਮ ਦਾ ਲਾਭ ਲੈਣ ਲਈ ਵੱਡੀ ਗਿਣਤੀ ਵਿੱਚ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨੇ ਉਨ੍ਹਾਂ ਪਰਿਵਾਰਾਂ ਨੂੰ ਵੱਡੀ ਰਾਹਤ ਪਹੁੰਚਾਈ ਹੈ, ਜਿਨ੍ਹਾਂ ਨੂੰ ਪਹਿਲਾਂ ਬਿਮਾਰੀ ਦੇ ਇਲਾਜ ਦਾ ਭਾਰੀ ਖ਼ਰਚਾ ਆਪਣੀਆਂ ਜੇਬਾਂ ਵਿੱਚੋਂ ਅਦਾ ਕਰਨਾ ਪੈਂਦਾ ਸੀ।

ਮੁੱਖ ਮੰਤਰੀ ਨੇ ਗੁੰਮਰਾਹਕੁੰਨ ਜਾਣਕਾਰੀ ਫੈਲਾਉਣ ਵਿਰੁੱਧ ਚੇਤਾਵਨੀ ਦਿੰਦਿਆਂ ਕਿਹਾ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ, ਜੋ ਨਹੀਂ ਚਾਹੁੰਦੀਆਂ ਕਿ ਸੂਬੇ ਦੇ ਲੋਕਾਂ ਨੂੰ ਅਜਿਹੀਆਂ ਸਹੂਲਤਾਂ ਦਾ ਲਾਭ ਮਿਲੇ, ਜਾਣ-ਬੁੱਝ ਕੇ ਇਸ ਪ੍ਰਮੁੱਖ ਯੋਜਨਾ ਬਾਰੇ ਝੂਠ ਫੈਲਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਰੋਧੀਆਂ ਵੱਲੋਂ ਯੋਜਨਾ ਨੂੰ ਲੈ ਕੇ ਕੀਤੀ ਜਾ ਰਹੀ ਬੇਹੂਦਾ ਬਿਆਨਬਾਜ਼ੀ ਲੋਕਾਂ ਨੂੰ ਇਸ ਯੋਜਨਾ ਪ੍ਰਤੀ ਸਿਰਫ਼ ਨਿਰਾਸ਼ ਕਰਨ ਦੇ ਇਰਾਦੇ ਨਾਲ ਹੈ, ਜੋ ਕਿ ਪੂਰੀ ਤਰ੍ਹਾਂ ਗੈਰ-ਵਾਜਬ ਅਤੇ ਅਣਉਚਿਤ ਹੈ।

ਹਸਪਤਾਲਾਂ ਨੂੰ ਪੈਨਲ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਨੂੰ ਸਪੱਸ਼ਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸੂਬਾ ਸਰਕਾਰ ਨੇ ਇਸ ਯੋਜਨਾ ਤਹਿਤ ਵੱਧ ਤੋਂ ਵੱਧ ਨਿੱਜੀ ਹਸਪਤਾਲਾਂ ਨੂੰ ਸੂਚੀਬੱਧ ਕੀਤਾ ਹੈ ਅਤੇ ਇਸ ਯੋਜਨਾ ਤਹਿਤ ਸਰਕਾਰ ਵੱਲੋਂ ਲਗਭਗ 2,600 ਬਿਮਾਰੀਆਂ ਅਤੇ ਇਲਾਜ ਸੇਵਾਵਾਂ ਲਈ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ।

# ਲੋਕ ਸਭਾ 'ਚ ਗਰਜੀ ਹਰਸਿਮਰਤ ਕੌਰ ਬਾਦਲ, ਪੰਜਾਬ ਨਾਲ ਹੋਏ ਵਿਤਕਰੇ ਦਾ ਚੁੱਕਿਆ ਮੁੱਦਾ

ਹਰਸਿਮਰਤ ਕੌਰ ਬਾਦਲ ਨੇ ਅੱਜ ਲੋਕ ਸਭਾ ਵਿਚ ਪੰਜਾਬ ਨਾਲ ਹੋਏ ਵਿਤਕਰੇ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਮੈਨੂੰ ਸੰਸਦ ਵਿਚ ਲਗਭਗ 15 ਸਾਲ ਹੋ ਗਏ ਹਨ ਤੇ ਇਨ੍ਹਾਂ ਸਾਲਾਂ ਦੌਰਾਨ ਬਜਟ ਵਿਚ ਕੋਈ ਵੱਡਾ ਐਲਾਨ ਪੰਜਾਬ ਲਈ ਨਹੀਂ ਕੀਤਾ ਗਿਆ ਤੇ ਨਾ ਹੀ ਪੰਜਾਬ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਇਹੋ ਜਿਹੇ ਗੁਰੂ ਹਨ ਜਿਨ੍ਹਾਂ ਨੇ ਦਬੇ, ਕੁਚਲੇ ਤੇ ਪੱਛੜਿਆਂ ਦੀ ਆਵਾਜ਼ ਬਣ ਕੇ ਉਨ੍ਹਾਂ ਨੂੰ ਉਪਰ ਚੁੱਕਣ ਵਾਸਤੇ ਪੂਰਾ ਯੋਗਦਾਨ ਪਾਇਆ। ਜਦੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਜਯੰਤੀ ਵਾਲੇ ਦਿਨ ਬਜਟ ਪੇਸ਼ ਹੋਇਆ ਤਾਂ ਜ਼ਾਹਿਰ ਹੈ ਕਿ ਦਬੇ, ਕੁਚਲੇ ਤੇ ਪੱਛੜੇ ਵਰਗਾਂ ਨੂੰ ਬਹੁਤ ਉਮੀਦਾਂ ਸਨ ਕਿ ਇਸ ਜਯੰਤੀ ਉਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਕੁਝ ਨਾ ਕੁਝ ਵੱਡਾ ਐਲਾਨ ਕੀਤਾ ਜਾਵੇਗਾ ਪਰ ਅਜਿਹਾ ਨਹੀਂ ਹੋਇਆ।

ਬਜਟ 2026-27 'ਚ ਪੰਜਾਬ ਲਈ ਕੁਝ ਨਹੀਂ ਦਿੱਤਾ ਗਿਆ। ਪੰਜਾਬ ਦੇ ਕਿਸਾਨਾਂ, ਇੰਡਸਟਰੀਆਂ ਲਈ ਕੋਈ ਐਲਾਨ ਨਹੀਂ ਕੀਤਾ ਗਿਆ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਹੜ੍ਹ ਪੀੜਤਾਂ ਨੂੰ ਉਨ੍ਹਾਂ ਦਾ ਬਣਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਦੇਸ਼ ਨੂੰ ਜਦੋਂ ਵੀ ਲੋੜ ਹੁੰਦੀ ਹੈ ਪੰਜਾਬ ਸਭ ਤੋਂ



ਅੱਗੇ ਹੁੰਦਾ ਹੈ। ਇਸ ਲਈ ਬਜਟ 'ਚ ਪੰਜਾਬ ਨੂੰ ਵੀ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਲ 2025-26 ਵਿਚ ਸੂਬੇ ਦੀ ਆਰਥਿਕਤਾ ਨੂੰ ਤੇਜ਼ੀ ਕਰਨ ਜਾਂ ਖੇਤੀਬਾੜੀ ਤੇ ਕਿਸਾਨਾਂ ਦੀ ਮੁਸ਼ਕਲ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਕੋਈ ਵੀ ਉਪਾਅ ਨਹੀਂ ਕੀਤਾ ਗਿਆ। ਨਾਲ ਹੀ ਉਨ੍ਹਾਂ ਨੇ ਕਿਸਾਨਾਂ ਲਈ ਹੜ੍ਹ ਮੁਆਵਜ਼ਾ ਜਾਰੀ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਗਾਰੰਟੀ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਰਥਿਕਤਾ ਮੁੜ ਸੁਰਜੀਤ ਕਰਨ ਲਈ ਉਨ੍ਹਾਂ ਨੇ ਕੇਂਦਰ ਤੋਂ ਵਿਸ਼ੇਸ਼ ਪੈਕੇਜ ਤੋਂ ਮੰਗ ਕੀਤੀ ਹੈ ਨਾਲ ਹੀ ਉਨ੍ਹਾਂ ਨੇ ਸੂਬੇ ਵਿਚ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਨਸ਼ਾ ਛੁਡਾਓ ਫੰਡ ਬਣਾਉਣ ਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਟੂਰਿਜ਼ਮ ਸਰਕਟ ਬਣਾਉਣ ਦੀ ਮੰਗ ਕੀਤੀ।

# ਅੰਮ੍ਰਿਤਪਾਲ ਪੈਰੋਲ ਪਟੀਸ਼ਨ: ਲੋਕ ਸਭਾ 'ਚ ਸੰਸਦ ਮੈਂਬਰ ਦੀ ਵਰਚੁਅਲ ਪੇਸ਼ੀ ਦਾ ਕੋਈ ਪ੍ਰਬੰਧ ਨਹੀਂ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਹੋਈ। ਅਦਾਲਤ ਨੂੰ ਸੂਚਿਤ ਕੀਤਾ ਗਿਆ ਕਿ ਲੋਕ ਸਭਾ ਦੇ ਨਿਯਮ ਕਿਸੇ ਸੰਸਦ ਮੈਂਬਰ ਨੂੰ ਵਰਚੁਅਲ ਢੰਗ ਰਾਹੀਂ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੰਦੇ। ਇਸ ਬਾਰੇ ਬੈਂਚ ਨੇ ਸਪੱਸ਼ਟ ਕੀਤਾ ਕਿ ਉਹ ਇਸ ਮਾਮਲੇ ਵਿੱਚ ਕੋਈ ਅੰਤਰਿਮ ਰਾਹਤ ਨਹੀਂ ਦੇ ਸਕਦਾ ਕਿਉਂਕਿ ਇਹ ਅਸਲ ਵਿੱਚ ਪਟੀਸ਼ਨ ਦਾ ਖੁਦ ਫੈਸਲਾ ਕਰਨ ਦੇ ਬਰਾਬਰ ਹੋਵੇਗਾ।

ਅੰਮ੍ਰਿਤਪਾਲ ਸਿੰਘ ਦੀ ਨਵੀਂ ਪਟੀਸ਼ਨ ਵਿੱਚ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਉਸ ਹੁਕਮ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ, ਜਿਸ ਰਾਹੀਂ ਸੰਸਦ ਦੇ ਚੱਲ ਰਹੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦੀ ਅਸਥਾਈ ਰਿਹਾਈ ਜਾਂ ਪੈਰੋਲ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਗਿਆ ਸੀ। ਲੋਕ ਸਭਾ ਸਪੀਕਰ ਵੱਲੋਂ ਪੇਸ਼ ਹੋਏ ਭਾਰਤ ਦੇ ਐਡੀਸ਼ਨਲ ਸਾਲੀਸਿਟਰ ਜਨਰਲ ਸਤਿਆ ਪਾਲ ਜੈਨ ਨੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੂੰ ਦੱਸਿਆ ਕਿ ਲੋਕ ਸਭਾ ਦੀ ਕਾਰਵਾਈ ਅਤੇ ਕੰਮਕਾਜ ਦੇ ਨਿਯਮਾਂ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਹੈ ਜੋ ਕਿਸੇ ਮੈਂਬਰ ਨੂੰ ਵਰਚੁਅਲ ਢੰਗ ਨਾਲ ਪੇਸ਼ ਹੋਣ ਜਾਂ ਹਿੱਸਾ ਲੈਣ ਦੀ ਇਜਾਜ਼ਤ ਦਿੰਦੀ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਸੰਵਿਧਾਨਕ ਲੋੜਾਂ, ਜਿਸ ਵਿੱਚ ਦਲ-ਬਦਲੀ ਵਿਰੋਧੀ ਕਾਨੂੰਨ ਅਧੀਨ ਸ਼ਾਮਲ ਲੋੜਾਂ ਵੀ ਹਨ, ਸਦਨ ਦੇ ਅੰਦਰ ਸਰੀਰਕ ਮੌਜੂਦਗੀ ਅਤੇ ਵੋਟਿੰਗ ਦੀ ਮੰਗ ਕਰਦੀਆਂ ਹਨ, ਜਿਸ ਲਈ ਕੁਝ ਫੈਸਲਿਆਂ ਲਈ ਮੌਜੂਦ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਅਤੇ ਵੋਟਿੰਗ ਦੀ ਲੋੜ ਹੁੰਦੀ ਹੈ। ਇਹ ਸਪੱਸ਼ਟੀਕਰਨ ਬੈਂਚ ਵੱਲੋਂ ਇਹ ਪੁੱਛੇ ਜਾਣ ਤੋਂ ਬਾਅਦ ਦਿੱਤਾ ਗਿਆ ਸੀ ਕਿ ਕੀ ਕੋਈ ਅਜਿਹਾ



ਨਿਯਮ ਹੈ ਜੋ ਹਿਰਾਸਤ ਵਿੱਚ ਲਏ ਗਏ ਸੰਸਦ ਮੈਂਬਰ ਨੂੰ ਵਰਚੁਅਲ ਤੌਰ 'ਤੇ ਹਿੱਸਾ ਲੈਣ ਦੇ ਯੋਗ ਬਣਾਉਂਦਾ ਹੋਵੇ, ਖਾਸ ਕਰਕੇ ਜਦੋਂ ਜੇਲ੍ਹਾਂ ਅਦਾਲਤੀ ਕਾਰਵਾਈਆਂ ਲਈ ਵੀਡੀਓ-ਕਾਨਫਰੰਸਿੰਗ ਸਹੂਲਤਾਂ ਨਾਲ ਲੈਸ ਹਨ। ਬੈਂਚ ਨੇ ਸ਼ੁਰੂਆਤ ਵਿੱਚ ਪਟੀਸ਼ਨ ਦੇ ਸੁਣਵਾਈ ਯੋਗ ਹੋਣ ਬਾਰੇ ਵੀ ਦਲੀਲਾਂ ਸੁਣੀਆਂ। ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਇਸ ਪੜਾਅ 'ਤੇ ਕੋਈ ਅੰਤਰਿਮ ਨਿਰਦੇਸ਼ ਪਾਸ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅਸਥਾਈ ਰਿਹਾਈ ਦੀ ਇਜਾਜ਼ਤ ਦੇਣਾ ਅਸਲ ਵਿੱਚ ਰਿੱਟ ਪਟੀਸ਼ਨ ਵਿੱਚ ਮੰਗੀ ਗਈ ਅੰਤਿਮ ਰਾਹਤ ਦੇਣ ਦੇ ਬਰਾਬਰ ਹੋਵੇਗਾ।

ਸਪੀਕਰ ਵੱਲੋਂ 9 ਫਰਵਰੀ ਦੀ ਤਾਰੀਖ਼ ਵਾਲਾ ਇੱਕ ਪੱਤਰ, ਜੋ ਅੰਮ੍ਰਿਤਪਾਲ ਸਿੰਘ ਨੂੰ ਸੰਬੋਧਿਤ ਸੀ, ਵੀ ਅਦਾਲਤ ਸਾਹਮਣੇ ਰੱਖਿਆ ਗਿਆ। ਇਸ ਪੱਤਰ ਵਿੱਚ ਕਿਹਾ ਗਿਆ ਸੀ ਕਿ ਸਦਨ ਵਿੱਚ ਉਨ੍ਹਾਂ ਦੀ ਗੈਰ-ਹਾਜ਼ਰੀ 37 ਦਿਨਾਂ ਤੱਕ ਵਧ ਗਈ ਹੈ। ਇਸ ਵਿੱਚ ਅੱਗੇ ਦੱਸਿਆ ਗਿਆ ਕਿ ਹਾਲਾਤ ਅਨੁਸਾਰ ਜਦੋਂ ਕੋਈ ਮੈਂਬਰ ਹਿਰਾਸਤ ਵਿੱਚ ਹੁੰਦਾ ਹੈ, ਤਾਂ ਉਹ ਸਦਨ ਦੀ ਬੈਠਕ ਵਿੱਚ "ਸਿਰਫ ਸਮਰੱਥ ਅਦਾਲਤ ਦੀ ਇਜਾਜ਼ਤ ਨਾਲ" ਹੀ ਸ਼ਾਮਲ ਹੋ ਸਕਦਾ ਹੈ। ਧਿਰਾਂ ਨੂੰ ਸੁਣਨ ਤੋਂ ਬਾਅਦ, ਬੈਂਚ ਨੇ ਪੰਜਾਬ ਰਾਜ ਨੂੰ ਆਪਣਾ ਜਵਾਬ ਦਾਖਲ ਕਰਨ ਲਈ 10 ਦਿਨਾਂ ਦਾ ਸਮਾਂ ਦਿੱਤਾ ਹੈ। ਅੰਮ੍ਰਿਤਪਾਲ ਸਿੰਘ, ਜੋ ਇਸ ਵੇਲੇ ਕੌਮੀ ਸੁਰੱਖਿਆ ਐਕਟ (ਸ਼ਅ) ਅਧੀਨ ਨਜ਼ਰਬੰਦ ਹੈ, ਨੇ ਭਾਰਤ ਸਰਕਾਰ, ਪੰਜਾਬ ਰਾਜ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਵੀ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਐੱਨ.ਐੱਸ.ਏ. ਦੀ ਧਾਰਾ 15 ਦੇ ਤਹਿਤ ਅਸਥਾਈ ਰਿਹਾਈ ਦਿੱਤੀ ਜਾਵੇ ਤਾਂ ਜੋ ਉਹ 28 ਜਨਵਰੀ ਤੋਂ 13 ਫਰਵਰੀ ਅਤੇ 9 ਮਾਰਚ ਤੋਂ 2 ਅਪ੍ਰੈਲ ਤੱਕ ਬੁਲਾਏ ਗਏ ਬਜਟ ਸੈਸ਼ਨ ਵਿੱਚ ਸ਼ਾਮਲ ਹੋ ਸਕਣ।

# ਦਿੱਲੀ ਸਰਕਾਰ ਵੱਲੋਂ ਪ੍ਰੋ.ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਰੱਦ ਕਰਨ 'ਤੇ ਐਡਵੋਕੇਟ ਧਾਮੀ ਨੇ ਕੀਤਾ ਇਤਰਾਜ਼

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਮੁੜ ਰੱਦ ਕਰਨ ਦੇ ਫੈਸਲੇ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਕਈ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਸਜ਼ਾ ਸਮੀਖਿਆ ਬੋਰਡ ਵੱਲੋਂ ਰੱਦ ਕੀਤੀ ਗਈ ਸੀ ਅਤੇ ਹੁਣ ਭਾਜਪਾ ਦੀ ਸਰਕਾਰ ਵੀ ਉਸੇ ਰਸਤੇ 'ਤੇ ਚੱਲਦਿਆਂ ਸਿੱਖ ਭਾਵਨਾਵਾਂ ਦੇ ਵਿਰੁੱਧ ਫੈਸਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਵੱਲੋਂ ਕਈ ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਦਕਿ 33 ਸਾਲ ਤੋਂ ਸਜ਼ਾ ਭੁਗਤ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਮਾਨਵੀ ਅਧਿਕਾਰਾਂ ਦਾ ਉਲੰਘਣ ਹੈ, ਜਿਸ ਨਾਲ ਸਿੱਖ ਜਗਤ ਅੰਦਰ ਨਿਰਾਸ਼ਾ ਪੈਦਾ ਹੋ ਰਹੀ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਇਕ ਪਾਸੇ ਸਿੱਖ ਹਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ, ਪਰ ਸਿੱਖਾਂ ਨਾਲ ਸਬੰਧਤ ਮਾਮਲਿਆਂ ਵਿਚ ਸਰਕਾਰ ਦੀ ਪਹੁੰਚ ਉਸ ਦੇ ਦੋਹਰੇ ਚਿਹਰੇ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਹਮੇਸ਼ਾ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪ੍ਰੰਤੂ ਸਿੱਖਾਂ ਪ੍ਰਤੀ ਸਰਕਾਰਾਂ ਦੀ ਨਕਾਰਾਤਮਕ ਪਹੁੰਚ ਨੇ ਹਮੇਸ਼ਾ ਨਿਰਾਸ਼ਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਆਪਣੀ ਸਜ਼ਾ ਤੋਂ ਵਧੇਰੇ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਫੈਸਲੇ ਵਿਚ ਇਨਸਾਫ਼ ਕੀਤਾ ਜਾਵੇ ਅਤੇ ਉਨ੍ਹਾਂ ਦੀ ਤੁਰੰਤ ਰਿਹਾਈ ਕਰਨ ਦੇ ਆਦੇਸ਼ ਦਿੱਤੇ ਜਾਣ।

# MLA ਹਰਮੀਤ ਪਠਾਨਮਾਜਰਾ ਦੇ ਫੇਸਬੁੱਕ ਪੇਜ ਬਲਾਕ ਕੀਤੇ ਜਾਣ ਦੇ ਮਾਮਲੇ 'ਚ ਹਾਈ ਕੋਰਟ ਸਖ਼ਤ



ਚੰਡੀਗੜ੍ਹ: ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੇ ਫੇਸਬੁੱਕ ਪੇਜ ਨੂੰ ਬਲਾਕ ਕੀਤੇ ਜਾਣ ਦੇ ਮਾਮਲੇ ਵਿੱਚ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਅਹਿਮ ਸੁਣਵਾਈ ਹੋਈ। ਅਦਾਲਤ ਨੇ ਇਸ ਮਾਮਲੇ 'ਤੇ ਸਖ਼ਤ ਰੁਖ ਅਖ਼ਤਿਆਰ ਕਰਦਿਆਂ ਸਬੰਧਤ ਧਿਰਾਂ ਤੋਂ ਜਵਾਬ ਤਲਬ ਕੀਤਾ ਹੈ। ਅਦਾਲਤ ਨੇ ਪਠਾਨਮਾਜਰਾ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਪੰਜਾਬ ਸਰਕਾਰ, ਡੀਜੀਪੀ (DGP) ਪੰਜਾਬ, ਸਟੇਟ ਸਾਈਬਰ ਕ੍ਰਾਈਮ ਸੈੱਲ ਅਤੇ ਫੇਸਬੁੱਕ (Meta) ਨੂੰ ਨੋਟਿਸ ਜਾਰੀ ਕੀਤੇ ਹਨ। ਹਾਈਕੋਰਟ ਨੇ ਨੋਟਿਸ ਜਾਰੀ ਕਰਦਿਆਂ ਪੁੱਛਿਆ ਹੈ ਕਿ ਵਿਧਾਇਕ ਦਾ ਫੇਸਬੁੱਕ ਪੇਜ ਕਿਸ ਪ੍ਰਕਿਰਿਆ ਅਤੇ ਕਿਹੜੇ ਨਿਯਮਾਂ ਦੇ ਤਹਿਤ ਬਲਾਕ ਕੀਤਾ ਗਿਆ ਹੈ। ਅਦਾਲਤ ਨੇ ਸਰਕਾਰੀ ਪੱਖ ਅਤੇ ਸੋਸ਼ਲ ਮੀਡੀਆ ਕੰਪਨੀ ਨੂੰ ਸਪੱਸ਼ਟ ਕਰਨ ਲਈ ਕਿਹਾ ਹੈ ਕਿ ਕੀ ਇਸ ਕਾਰਵਾਈ ਦੌਰਾਨ ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਗਈ ਸੀ ਜਾਂ ਨਹੀਂ। ਅੱਜ ਦੀ ਕਾਰਵਾਈ ਤੋਂ ਬਾਅਦ ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 18 ਮਾਰਚ, 2026 ਲਈ ਤੈਅ ਕੀਤੀ ਹੈ।

# ਹਾਈ ਕੋਰਟ ਵੱਲੋਂ ਸਾਬਕਾ ਮੰਤਰੀ ਮਨਪ੍ਰੀਤ ਬਾਦਲ ਨੂੰ ਰੈਗੂਲਰ ਜ਼ਮਾਨਤ



ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਸਾਬਕਾ ਵਿੱਤ ਮੰਤਰੀ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਨੂੰ ਵੱਡੀ ਰਾਹਤ ਦਿੱਤੀ ਹੈ। ਹਾਈ ਕੋਰਟ ਨੇ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਬਠਿੰਡਾ ਵਿਕਾਸ ਅਥਾਰਿਟੀ ਦੇ ਤਤਕਾਲੀ ਪੀ ਸੀ ਐੱਸ ਅਧਿਕਾਰੀ ਬਿਕਰਮਜੀਤ ਸਿੰਘ ਅਤੇ ਅਥਾਰਿਟੀ ਦੇ ਸੁਪਰਡੈਂਟ ਪੰਕਜ ਕਾਲੀਆ ਨੂੰ ਰੈਗੂਲਰ ਜ਼ਮਾਨਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਰੇਂਜ ਬਠਿੰਡਾ ਨੇ ਮਨਪ੍ਰੀਤ ਬਾਦਲ ਤੇ ਹੋਰਨਾਂ ਖ਼ਿਲਾਫ਼ 23 ਸਤੰਬਰ 2023 ਨੂੰ ਮੁਕੱਦਮਾ ਦਰਜ ਕੀਤਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮਨਪ੍ਰੀਤ ਬਾਦਲ ਅਤੇ ਬਾਕੀ ਅਧਿਕਾਰੀਆਂ ਨੂੰ 16 ਅਕਤੂਬਰ 2023 ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਜਸਟਿਸ ਅਮਨ ਚੌਧਰੀ ਦੀ ਅਦਾਲਤ 'ਚ ਅੱਜ ਸੁਣਵਾਈ ਮੌਕੇ ਪੰਜਾਬ ਸਰਕਾਰ ਤਰਫ਼ੋਂ ਲਾਅ ਅਫ਼ਸਰ ਦੀਪਇੰਦਰ ਸਿੰਘ ਪੇਸ਼ ਹੋਏ ਅਤੇ ਇਸ ਮੌਕੇ ਕੇਸ ਦੇ ਤਫ਼ਤੀਸ਼ੀ ਅਫ਼ਸਰ ਡੀ ਐੱਸ ਪੀ ਕੁਲਵੰਤ ਸਿੰਘ ਲਹਿਰੀ ਵੀ ਹਾਜ਼ਰ ਸਨ। ਮਨਪ੍ਰੀਤ ਬਾਦਲ ਨੇ ਇਸ ਕੇਸ ਨੂੰ ਸਿਆਸੀ ਬਦਲਾਖੋਰੀ ਦਾ ਮਾਮਲਾ ਦੱਸਿਆ ਸੀ। ਹੁਣ ਮਾਮਲਾ ਹਾਈ ਕੋਰਟ 'ਚ ਲੰਮੇ ਸਮੇਂ ਤੋਂ ਪੈਂਡਿੰਗ ਹੋਣ ਕਰਕੇ ਵਿਜੀਲੈਂਸ ਇਸ ਮਾਮਲੇ 'ਚ ਹਾਲੇ ਤੱਕ ਅਦਾਲਤ 'ਚ ਚਲਾਨ ਵੀ ਪੇਸ਼ ਨਹੀਂ ਕਰ ਸਕੀ ਸੀ। ਹਾਈ ਕੋਰਟ ਵੱਲੋਂ ਮਨਪ੍ਰੀਤ ਬਾਦਲ ਤੇ ਹੋਰਨਾਂ ਨੂੰ ਰੈਗੂਲਰ ਜ਼ਮਾਨਤ ਦਿੱਤੇ ਜਾਣ ਨਾਲ ਹੁਣ ਵਿਜੀਲੈਂਸ ਲਈ ਵੀ ਚਲਾਨ ਪੇਸ਼ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਦੱਸਣਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਜਾਂਚ ਸ਼ੁਰੂ ਕੀਤੀ ਸੀ ਜੋ ਕਿ ਮਨਪ੍ਰੀਤ ਬਾਦਲ ਵੱਲੋਂ ਬਠਿੰਡਾ ਵਿਕਾਸ ਅਥਾਰਿਟੀ ਤੋਂ ਕਾਂਗਰਸੀ ਹਕੂਮਤ ਦੌਰਾਨ 1560 ਵਰਗ ਗਜ ਦੇ ਦੋ ਪਲਾਟ ਖ਼ਰੀਦੇ ਜਾਣ ਨਾਲ ਸਬੰਧਿਤ ਸੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
100% NATURAL PRODUCT
PRODUCT OF CANADA
NUTRA SELECT
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਸੱਤਾ ਦੀ ਤਾਲ :- ਨਾ ਮਿਲੇ ਸੁਰ ਮੇਰਾ ਤੁਮ੍ਹਾਰਾ..!



ਚਰਨਜੀਤ ਭੁੱਲਰ
ਦੀ ਵਿਸ਼ੇਸ਼ ਰਿਪੋਰਟ

ਚੰਡੀਗੜ੍ਹ : ਜਦੋਂ 'ਆਪ' ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ 'ਤੇ ਸਰਸਰੀ ਨਜ਼ਰ ਮਾਰਦੇ ਹਾਂ ਤਾਂ ਇੰਜ ਜਾਪਦਾ ਹੈ ਕਿ ਸੱਤਾ ਦੇ ਸੁਰ ਨੌਕਰਸ਼ਾਹੀ ਨਾਲ ਮਿਲ ਨਹੀਂ ਰਹੇ ਹਨ। ਚੋਣ ਵਰ੍ਹੇ ਦੌਰਾਨ ਵੀ ਸੂਬੇ 'ਚ ਆਈ ਏ ਐੱਸ ਅਫ਼ਸਰਾਂ ਦੀ ਮੁਅੱਤਲੀ ਦਾ ਦੌਰ ਜਾਰੀ ਹੈ। ਪੰਜਾਬ ਸਰਕਾਰ ਅਤੇ ਨੌਕਰਸ਼ਾਹੀ ਵਿਚਾਲੇ ਸਬੰਧਾਂ 'ਚ ਨਾ ਸੁਖਾਵਾਪਨ ਜਾਪਦਾ ਹੈ ਅਤੇ ਨਾ ਹੀ ਦੋਵੇਂ ਧਿਰਾਂ 'ਚ ਭਰੋਸੇਯੋਗਤਾ ਬਣ ਰਹੀ ਹੈ। ਪੰਜਾਬ ਸਰਕਾਰ ਨੇ ਲੰਘੇ ਕੱਲ੍ਹ ਦੋ ਆਈ ਏ ਐੱਸ ਅਫ਼ਸਰਾਂ ਨੂੰ ਮੁਅੱਤਲ ਕੀਤਾ ਹੈ। 'ਆਪ' ਸਰਕਾਰ ਹੁਣ ਤੱਕ ਪੰਜ ਆਈ ਏ ਐੱਸ ਅਫ਼ਸਰਾਂ ਅਤੇ 15 ਦੇ ਕਰੀਬ ਪੁਲੀਸ ਅਧਿਕਾਰੀਆਂ ਨੂੰ ਮੁਅੱਤਲ ਕਰ ਚੁੱਕੀ ਹੈ ਅਤੇ ਪੰਜਾਬੀ ਸੂਬਾ ਬਣਨ ਮਗਰੋਂ ਕਿਸੇ ਵੀ ਸਰਕਾਰ ਦੇ ਕਾਰਜਕਾਲ 'ਚ ਏਨੇ ਵੱਡੇ ਪੱਧਰ 'ਤੇ ਪਹਿਲੀ ਵਾਰ ਮੁਅੱਤਲੀ ਹੋਈ ਹੈ। ਇਸੇ ਤਰ੍ਹਾਂ ਲੰਘੇ ਚਾਰ ਸਾਲਾਂ ਦੌਰਾਨ ਕਰੀਬ 20 ਆਈ ਏ ਐੱਸ ਅਫ਼ਸਰਾਂ ਨੇ ਬਿਨਾਂ ਪੋਸਟਿੰਗ ਵਾਲਾ ਮੌਕਾ ਵੀ ਦੇਖਿਆ ਕਿਉਂਕਿ ਉਨ੍ਹਾਂ ਦੀ ਨੇਤਾਵਾਂ ਨਾਲ ਟਕਰਾਅ ਦੀ ਰਿਪੋਰਟ ਸਰਕਾਰ ਕੋਲ ਪੁੱਜੀ ਸੀ।

ਇੱਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਪਹਿਲੋਂ ਸਰਕਾਰਾਂ ਜਿਸ ਅਧਿਕਾਰੀ ਤੋਂ ਨਾਖ਼ੁਸ਼ ਹੁੰਦੀਆਂ ਸਨ, ਉਸ ਨੂੰ 'ਖੁੱਡੇ ਲਾਈਨ' ਲਾ ਦਿੰਦੀਆਂ ਸਨ। 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਹੁਣ ਤੱਕ 10 ਆਈ ਏ ਐੱਸ ਅਫ਼ਸਰ ਕੇਂਦਰ 'ਚ ਡੈਪੂਟੇਸ਼ਨ 'ਤੇ ਵੀ ਜਾ ਚੁੱਕੇ ਹਨ ਜਦੋਂ ਕਿ ਕਰੀਬ ਇੱਕ ਦਰਜਨ ਆਈ ਏ ਐੱਸ ਅਫ਼ਸਰਾਂ ਨੂੰ ਸਰਕਾਰ ਨੇ ਦਸੰਬਰ 2025 'ਚ ਏ ਸੀ ਆਰ 'ਚ ਡਾਊਨ ਗਰੇਡ ਦਿੱਤਾ ਹੈ। ਪਿਛਾਂਹ ਦੇਖੀਏ ਤਾਂ 'ਆਪ' ਸਰਕਾਰ ਦੇ ਪਹਿਲੇ ਵਰ੍ਹੇ ਦਾ ਕਾਰਜਕਾਲ ਸਮਾਪਤ ਹੋਣ ਵੇਲੇ ਪੀ ਸੀ ਐੱਸ ਅਫਸਰਜ਼ ਐਸੋਸੀਏਸ਼ਨ ਨੇ ਪੰਜ ਦਿਨਾਂ ਦੀ ਸਮੂਹਿਕ ਛੁੱਟੀ 'ਤੇ ਜਾਣ ਦਾ ਐਲਾਨ ਕੀਤਾ ਸੀ। ਬੇਸ਼ੱਕ ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਐਕਸ਼ਨ ਲੈਣ ਦੇ ਐਲਾਨ ਮਗਰੋਂ ਐਸੋਸੀਏਸ਼ਨ ਨੇ ਪੈਂਤੜਾ ਬਦਲ ਲਿਆ ਸੀ ਪ੍ਰੰਤੂ ਸੱਤਾ ਨਾਲ ਸਬੰਧਾਂ 'ਚ ਖਟਾਸ ਸ਼ੁਰੂ ਹੋ ਗਈ ਸੀ। ਉਨ੍ਹਾਂ ਦਿਨਾਂ 'ਚ ਹੀ ਵਿਜੀਲੈਂਸ ਬਿਊਰੋ ਨੇ 2008 ਬੈਚ ਦੀ ਇੱਕ ਮਹਿਲਾ ਅਧਿਕਾਰੀ ਖ਼ਿਲਾਫ਼ ਕੇਸ ਦਰਜ ਕੀਤਾ ਸੀ ਜਿਸ ਤੋਂ ਆਈ ਏ ਐੱਸ ਆਫ਼ੀਸਰਜ਼ ਐਸੋਸੀਏਸ਼ਨ ਵੀ ਅੰਦਰੋਂ ਅੰਦਰੀਂ ਨਰਾਜ਼ ਹੋ ਗਈ ਸੀ।

ਪੰਜਾਬ ਸਰਕਾਰ ਨੇ ਪਹਿਲੇ ਗੇੜ 'ਚ ਉਸ ਵਕਤ ਦੋ ਆਈ ਏ ਐੱਸ ਅਧਿਕਾਰੀ 31 ਅਗਸਤ 2023 ਨੂੰ ਮੁਅੱਤਲ ਕਰ ਦਿੱਤੇ ਸਨ ਜਦੋਂ ਕਿ ਚੋਣਾਂ ਤੋਂ ਪਹਿਲਾਂ ਪੰਚਾਇਤਾਂ ਨੂੰ ਭੰਗ ਕੀਤੇ ਜਾਣ ਦੇ ਮਾਮਲੇ 'ਤੇ ਹਾਈ ਕੋਰਟ ਚੋਂ ਸਰਕਾਰ ਨੂੰ ਨਮੋਸ਼ੀ ਝੱਲਣੀ ਪਈ ਸੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ ਕੇ ਤਿਵਾੜੀ ਅਤੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਨੂੰ ਮੁਅੱਤਲ ਕੀਤਾ ਗਿਆ ਸੀ। ਉਸ ਮਗਰੋਂ ਮੁਕਤਸਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ ਨੂੰ 17 ਫਰਵਰੀ 2025 ਨੂੰ ਮੁਅੱਤਲ ਕੀਤਾ ਗਿਆ। ਲੰਘੇ ਕੱਲ੍ਹ 2003 ਬੈਚ ਦੇ ਆਈ ਏ ਐੱਸ ਅਧਿਕਾਰੀ ਕੇ. ਕੇ. ਯਾਦਵ ਅਤੇ 2014 ਬੈਚ ਦੇ ਅਧਿਕਾਰੀ ਜਸਪ੍ਰੀਤ ਸਿੰਘ ਨੂੰ ਮੁਅੱਤਲ ਕੀਤਾ ਗਿਆ ਹੈ। 'ਆਪ' ਸਰਕਾਰ ਵੱਲੋਂ ਕੀਤੀ ਮੁਅੱਤਲੀ ਦੇ ਕਾਰਨ ਕੁੱਝ ਵੀ ਰਹੇ ਹੋਣ ਪ੍ਰੰਤੂ ਸਰਕਾਰ ਦੀ ਉੱਚ ਅਫ਼ਸਰਾਂ ਪ੍ਰਤੀ ਇਸ ਪਹੁੰਚ ਨੇ ਨੌਕਰਸ਼ਾਹੀ ਤੇ ਸੱਤਾ ਵਿਚਾਲੇ ਇੱਕ ਪਾੜਾ ਬਣਾ ਦਿੱਤਾ। ਪ੍ਰਸ਼ਾਸਨਿਕ ਹਲਕਿਆਂ 'ਚ ਸਰਕਾਰ ਦੀ ਨੌਕਰਸ਼ਾਹੀ ਪ੍ਰਤੀ ਇਸ ਬੇਰੁਖ਼ੀ ਦੀ ਕਾਫ਼ੀ ਚਰਚਾ ਹੈ।

ਦੇਖਿਆ ਜਾਵੇ ਤਾਂ ਨਵੀਂ ਅਤੇ ਅਹਿਮ ਪੋਸਟਿੰਗ ਲੈਣ ਲਈ




ਹੁਣ ਆਈ ਏ ਐੱਸ ਅਫ਼ਸਰ ਕਿਧਰੇ ਵੀ ਤਰਲੋਮੱਛੀ ਹੁੰਦੇ ਨਜ਼ਰ ਨਹੀਂ ਆ ਰਹੇ ਹਨ। ਵਿਰੋਧੀ ਸਿਆਸੀ ਧਿਰਾਂ ਨੂੰ ਸਰਕਾਰ ਦਾ ਇਹ ਪੈਂਤੜਾ ਵੀ ਰਾਸ ਆ ਰਿਹਾ ਹੈ। ਪੰਜਾਬ ਸਰਕਾਰ ਨੇ ਪਿਛਲੇ ਸਾਲ ਦੋ ਪੀ ਸੀ ਐੱਸ ਅਧਿਕਾਰੀਆਂ ਜੀ ਐੱਸ ਜੌਹਲ ਅਤੇ ਚਾਰੁਮਿਤਾ ਨੂੰ ਵੀ ਮੁਅੱਤਲ ਕਰ ਦਿੱਤਾ ਸੀ। ਮੁਅੱਤਲ ਕੀਤੇ ਪੁਲੀਸ ਅਧਿਕਾਰੀਆਂ 'ਚ ਐੱਸ ਪੀ ਐੱਸ ਪਰਮਾਰ, ਸਵਰਨਦੀਪ ਸਿੰਘ, ਮਨਿੰਦਰ ਸਿੰਘ, ਹਰਪ੍ਰੀਤ ਸਿੰਘ, ਲਖਬੀਰ ਸਿੰਘ, ਵਰਿੰਦਰ ਸਿੰਘ ਤੋਂ ਇਲਾਵਾ ਉਹ ਸੱਤ ਪੁਲੀਸ ਅਧਿਕਾਰੀ ਵੀ ਮੁਅੱਤਲ ਕੀਤੇ ਗਏ ਜਿਨ੍ਹਾਂ 'ਤੇ ਪ੍ਰਧਾਨ ਮੰਤਰੀ ਦੇ ਜਨਵਰੀ 2022 ਦੇ ਦੌਰੇ ਮੌਕੇ ਲਾਪਰਵਾਹੀ ਦੇ ਦੋਸ਼ ਸਨ। ਕਈ ਅਧਿਕਾਰੀ ਬਹਾਲ ਵੀ ਕਰ ਦਿੱਤੇ ਗਏ। ਕਰੀਬ ਪੰਜਾਹ ਪੁਲੀਸ ਅਧਿਕਾਰੀਆਂ ਨੂੰ ਨੌਕਰੀ ਤੋਂ ਵੀ ਬਰਖ਼ਾਸਤ ਕੀਤਾ ਗਿਆ ਹੈ।

**ਹਵਾ 'ਚ ਲਟਕਣ ਵਾਲੇ ਅਫ਼ਸਰ**

ਬਿਨਾਂ ਪੋਸਟਿੰਗ ਵਾਲਾ ਸਮਾਂ ਦੇਖਣ ਵਾਲੇ ਆਈ ਏ ਐੱਸ ਅਫ਼ਸਰਾਂ 'ਚ ਅਜੋਏ ਕੁਮਾਰ ਸਿਨਹਾ ਸ਼ਾਮਲ ਹਨ ਜੋ 31 ਜਨਵਰੀ ਨੂੰ ਬਿਨਾਂ ਮਹਿਕਮੇ ਤੋਂ ਹੀ ਸੇਵਾ ਮੁਕਤ ਹੋ ਗਏ ਹਨ। ਵਧੀਕ ਮੁੱਖ ਸਕੱਤਰ ਵਿਕਾਸ ਪ੍ਰਤਾਪ ਹੁਣ ਮੁੜ ਹਵਾ 'ਚ ਲਟਕ ਗਏ ਹਨ। ਗੁਰਕੀਰਤ ਕ੍ਰਿਪਾਲ ਸਿੰਘ ਕਰੀਬ 11 ਮਹੀਨੇ ਬਿਨਾਂ ਪੋਸਟਿੰਗ ਤੋਂ ਰਹੇ। ਇਸੇ ਤਰ੍ਹਾਂ ਦਲੀਪ ਕੁਮਾਰ, ਰਾਹੁਲ ਭੰਡਾਰੀ, ਸੁਮੀਰ ਗੁਰਜਰ, ਨੀਲਕੰਠ, ਅਜੋਏ ਸ਼ਰਮਾ, ਕੇ ਕੇ ਯਾਦਵ, ਬਸੰਤ ਗਰਗ, ਕੇ.ਪੀ ਬਰਾੜ, ਪੁਨੀਤ ਗੋਇਲ, ਨੀਲਿਮਾ, ਗਿਰੀਸ਼ ਦਿਆਲਨ, ਹਰਬੀਰ ਸਿੰਘ, ਅਮਿਤ ਤਲਵਾੜ, ਜਤਿੰਦਰ ਜੋਰਵਾਲ, ਜਸਪ੍ਰੀਤ ਸਿੰਘ, ਪਰਮਜੀਤ ਸਿੰਘ, ਪਰਮਵੀਰ ਸਿੰਘ ਅਤੇ ਰਾਜੀਵ ਗੁਪਤਾ ਵੀ ਸ਼ਾਮਲ ਹਨ।


**ਦਸ ਅਧਿਕਾਰੀ ਕੇਂਦਰ 'ਚ ਗਏ**

'ਆਪ' ਸਰਕਾਰ ਦੇ ਕਰੀਬ ਚਾਰ ਵਰ੍ਹਿਆਂ ਦੌਰਾਨ ਦਸ ਆਈ ਏ ਐੱਸ ਅਫ਼ਸਰ ਕੇਂਦਰੀ ਡੈਪੂਟੇਸ਼ਨ 'ਤੇ ਚਲੇ ਗਏ ਹਨ। ਇਸ ਤਰ੍ਹਾਂ ਕਈ ਹੋਰ ਅਧਿਕਾਰੀ ਕੇਂਦਰ ਦਾ ਰਾਹ ਤੱਕ ਰਹੇ ਹਨ। ਕੇਂਦਰੀ ਡੈਪੂਟੇਸ਼ਨ 'ਤੇ ਜਾਣ ਵਾਲੇ ਅਫ਼ਸਰਾਂ 'ਚ ਅਨੁਰਾਗ ਅਗਰਵਾਲ, ਰਜਤ ਅਗਰਵਾਲ, ਸੀਮਾ ਜੈਨ, ਰਾਕੇਸ਼ ਕੁਮਾਰ ਵਰਮਾ, ਸਰੁਤੀ ਸਿੰਘ, ਤਨੂੰ ਕਸ਼ਯਪ, ਸੁਮੀਤ ਜਾਰੰਗਲ, ਵਿਪਲ ਉੱਜਵਲ, ਈਸ਼ਾ ਕਾਲੀਆ ਅਤੇ ਕੁਮਾਰ ਸੌਰਵ ਰਾਜ ਸ਼ਾਮਲ ਹਨ।

**ਸਰਕਾਰੀ ਐਕਸ਼ਨ ਜਾਇਜ਼ ਹੈ : ਪੰਨੂ**


'ਆਪ' ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਇਨ੍ਹਾਂ ਮੁਅੱਤਲੀਆਂ ਨੂੰ ਜਾਇਜ਼ ਦੱਸਦੇ ਹੋਏ ਆਖਦੇ ਹਨ ਕਿ ਪੰਜਾਬ ਸਰਕਾਰ ਦਾ ਇਹ ਫ਼ਰਜ਼ ਹੈ ਕਿ ਕਰੱਪਟ ਪ੍ਰੈਕਟਿਸ ਕਰਨ ਵਾਲਿਆਂ ਅਤੇ ਕੰਮ 'ਚ ਅਣਗਹਿਲੀ ਵਰਤਣ ਵਾਲਿਆਂ ਖ਼ਿਲਾਫ਼ ਐਕਸ਼ਨ ਲਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਵੋਟਾਂ ਪਾ ਕੇ ਸਰਕਾਰ ਬਣਾਈ ਹੈ, ਉਨ੍ਹਾਂ ਪ੍ਰਤੀ ਸਰਕਾਰ ਦੀ ਜਵਾਬਦੇਹੀ ਹੈ।

# ਦੀਵੇ ਦੀ ਲੋਅ



"ਇੱਕ ਸੋਹਣੀ ਜਿਹੀ ਕੁੜੀ
ਨਾਲ ਉ
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ !
ਲੱਗੀ ਕੰਧ ਨਾਲ ਖੜ੍ਹੀ, ਜਾਂਦੀ ਰੋਈ ਸੀ ਬੜੀ !
ਠੰਡੇ ਹਾਉਕੇ ਭਰਕੇ,
ਮੇਹਣੇ ਦੁਨੀਆਂ ਦੇ ਝੱਲੇ, ਉਹ ਇੱਕ ਕੁੜੀ ਕਰਕੇ ...
ਪਹਿਲਾਂ ਦਾਈ ਕੋਲੋਂ ਬੱਚੀ, ਫਿਰ ਤਾਈ ਕੋਲੋਂ ਨੱਸ਼ੀ !
ਗੋਲੀ ਅਫੀਮ ਦੀ ਸੀ ਘੋਲੀ, ਵੇਖ ਮਾਂ ਭੀ ਨਾ ਬੋਲੀ !
ਪਈ ਵੇਖਦੀ ਸੀ ਮੈਨੂੰ, ਉਹ ਚੁੱਪ ਕਰਕੇ
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ...
ਦੇ ਦੇ ਗੁੜ ਵਾਲੇ ਕਾਹੜੇ, ਵੱਟ ਢਿੱਡ ਵਿੱਚ ਚਾੜ੍ਹੇ !
ਸਾਰੇ ਕੁੜੀ ਦੇ ਪੁਆੜੇ, ਮੈਂ ਕੱਢੇ ਬਹੁਤ ਹਾੜੇ !
ਸੁੱਟ ਦਿੱਤੀ ਰੂੜੀ ਉੱਤੇ, ਕੋਠੇ ਪੌੜੀ ਚੜ੍ਹਕੇ
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ
ਨਾ ਮੈਂ ਕੈਂਚੀਆਂ ਤੋਂ ਬਚੀ, ਨਾ ਮੈਂ ਸੰਖੀਏ ਤੋਂ ਬਚੀ !
ਜਿਸ ਘਰ ਮੈਂ ਵੜੀ, ਮੇਰੇ ਮੌਤ ਸਾਹਮਣੇ ਖੜ੍ਹੀ !
ਕੀਤੇ ਟੁਕੜੇ ਸੀ ਮੇਰੇ, ਕੁੱਖ ਨੂੰ ਖਰੋਚ ਕਰਕੇ !
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ !
ਮੇਹਣੇ ਦੁਨੀਆਂ ਦੇ ਝੱਲੇ, ਉਹ ਇੱਕ ਕੁੜੀ ਕਰਕੇ...
ਭੁੱਖਿਆਂ ਰੱਖਿਆ ਸੀ ਮੈਨੂੰ, ਰੱਬ ਕਰੇ ਡੋਬਾ ਪੈ ਜਾਏ ਤੈਨੂੰ
ਸਾਰੇ ਦੁੱਧ ਘਿਉ ਸੀ ਖਾਂਦੇ, ਸੁੱਕਾ ਰੱਖਿਆ ਸੀ ਮੈਨੂੰ !
ਅਸੀਂ ਲੈਣਾ ਕੀ ਹੈ ਤੈਥੋਂ, ਛੇਤੀ ਜੁਆਨ ਕਰਕੇ !
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ
ਮੇਹਣੇ ਦੁਨੀਆਂ ਦੇ ਝੱਲੇ ਉਹ, ਇੱਕ ਕੁੜੀ ਕਰਕੇ ! ਇੱਕ...
ਖਹਿੜਾ ਦਿਨ ਨੇ ਛੁਡਾਇਆ, ਮੈਂ ਨਾ ਰਾਤਾਂ ਵਾਲੀ ਰੋਈ !
ਮੈਨੂੰ ਲੱਭਿਆ ਨਾ ਹਾਸਾ, ਜਾਵਾਂ ਦੁੱਖਾਂ ਵਿੱਚ ਰੋਈ !
ਰੱਸ ਚੂਸਣਗੇ ਭੌਰੇ ਲੋਕੀਂ, ਜਦੋਂ ਜੰਮੀ ਕਿਸੇ ਦੇ ਹੀਰ ਬਣਕੇ !
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ
ਮੇਹਣੇ ਦੁਨੀਆਂ ਦੇ ਝੱਲੇ ਉਹ, ਇੱਕ ਕੁੜੀ ਕਰਕੇ ! ਇੱਕ ਸੋਹਣੀ...
ਲੰਘ ਸਮਾਜ ਦੇ ਤੁਫਾਨ ! ਫਿਰ ਹੋਈ ਸਾਂ ਜੁਆਨ !
ਸਾਰੇ ਦਿਸਣ ਹੈਵਾਨ ! ਮੈਂ ਦਿਨ ਰਾਤੀ ਪਰੇਸਾਨ !
ਸਾਰ ਭੁੱਖਾ ਸੀ ਜਹਾਨ ! ਕਿਸੇ ਸ਼੍ਰੇਣੀ ਦਿੱਤੀ ਮਰੋੜ !
ਮੱਚਿਆ ਸੀ ਸ਼ੋਰ (ਮੇਰਾ) ਚੱਲਿਆ ਨਾ ਜ਼ੋਰ, ਮਰਦੀ ਹਾਂ ਅੱਜ ਖੁਦਕੁਸ਼ੀ ਕਰਕੇ !
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ
ਮੇਹਣੇ ਦੁਨੀਆਂ ਦੇ ਝੱਲੇ ਉਹ, ਇੱਕ ਕੁੜੀ ਕਰਕੇ ! ਇੱਕ ਸੋਹਣੀ...
ਮੈਨੂੰ ਜ਼ਿੰਮੇਵਾਰ ਸੀ ਬਣਾਇਆ, ਹਿੱਸੇ ਗੋਹਾ ਕੂੜਾ ਮੇਰੇ ਆਇਆ
ਚਰਖੇ ਤ੍ਰਿੰਜਣਾਂ 'ਚ ਕੱਤੇ, ਜਦੋ ਰੂਪ ਸੀ ਸਵਾਇਆ।
ਮਸ਼ੀਨ ਦੁੱਖਾਂ ਵਾਲੀ ਗੇੜਾਂ, ਜਿੰਦ ਹੋਈ ਲੀਰੋ ਲੀਰ !
ਮੂਹਰੇ ਰੱਖ ਕੈਂਚੀ ਛੁਰੀ ਉਹੀ, ਮੌਤ ਵਾਲੀ ਧਰਕੇ !
ਇਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ
ਮੋਹਣੇ ਦੁਨੀਆਂ ਦੇ ਝੱਲੇ ਉਹ, ਇੱਕ ਕੁੜੀ ਕਰਕੇ ! ਇੱਕ ਸੋਹਣੀ...
ਨਾ ਗਲ ਵਿੱਚ ਮੇਰੇ ਹੀਰਾ, ਨਾ ਮੈਂ ਵੇਖ ਸਕੀ ਵੀਰਾ !
ਨਾ ਮੈਂ ਬੰਨ੍ਹ ਸਕੀਂ ਪਹੁੰਚੀਂ, ਕੌਣ ਭੈਣ ਆਖੂ ਵੀਰਾ !
ਫੁੱਲ ਬੂਟੇ ਤੋਂ ਮਰੋੜੇ, ਰਿਸ਼ਤੇ ਦੁਨੀਆਂ ਦੇ ਤੋੜੇ !
ਸੁੱਟ ਦਿੱਤਾ ਸੀ ਯਤੀਮ ਖਾਨੇ, ਉਨ੍ਹਾਂ ਮੈਨੂੰ ਚੁੱਪ ਕਰਕੇ !
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ
ਮੇਹਣੇ ਦੁਨੀਆਂ ਦੇ ਝੋਲੇ ਉਹ, ਇੱਕ ਕੁੜੀ ਕਰਕੇ ! ਇੱਕ ਸੋਹਣੀ...
ਨਾ ਕਿਸੇ ਦਹੀਂ ਨਾਲ ਸੀ ਨਹਾਇਆ, ਨਾ ਪਿੰਡੇ ਤੇਲ ਮੇਰੇ ਲਾਇਆ !
ਵੀਰ ਪੈਰੀਂ ਸ਼ਗਲੇ ਸੀ ਪਾਏ, ਗਲ ਹਾਰ ਘੁੰਗਰੂ ਸਜਾਏ !
ਵਿਹੜੇ ਘਰ ਖੁਸ਼ਰੇ ਨਚਾਏ, ਢੋਲ ਬਾਜੇ ਸੀ ਬਜਾਏ !
ਸਾਰਾ ਆਂਢ ਤੇ ਗੁਆਂਢ, ਬੈਠਾ ਹੋਇਆ ਮੇਹਰਬਾਨ !
ਮੈਂ ਨੰਗੇ ਪੈਰੀਂ ਵਿਹੜੇ ਵਿਚ ਆਈ, ਮੇਰੇ ਪੈਰੀਂ ਕਿਸੇ ਝਾਂਜਰ ਨਾ ਪਈ ਪਾਈ
ਨਾ ਮੈਨੂੰ ਦਿੱਤੀ ਕਿਸੇ ਨੇ ਵਧਾਈ, ਜਾਪੀ ਮੈਨੂੰ ਸਾਰੀ ਦੁਨੀਆਂ ਸੁਦਾਈ !
ਜੇ ਮੈਂ ਕਦੇ ਪਾਈ ਸੀ ਦੁਹਾਈ, ਤਾਂ ਕਹਿੰਦੇ ਬਹਿਜਾ ਚੁੱਪ ਕਰਕੇ
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ
ਮੇਹਣੇ ਦੁਨੀਆਂ ਦੇ ਝੋਲੇ ਉਹ, ਇੱਕ ਕੁੜੀ ਕਰਕੇ ! ਹਿੱਕ ਸੋਹਣੀ
ਨਾ ਮੁਖੜੇ ਤੇ ਹਾਸਾ, ਨਾ ਬੁੱਲਾਂ 'ਤੇ ਦੰਦਾਸਾ !
ਜੱਗ ਮੋੜੀ ਜਾਵੇ ਪਾਸਾ, ਸਾਰੇ ਵੇਖਦੇ ਤਮਾਸ਼ਾ !
'ਘੁੰਮਾਣਾ' ਐਵੇਂ ਕਰ ਨਾ ਇਕੱਠ, ਦਿੰਦੇ ਫੋਕਾ ਨੇ ਦਿਲਾਸਾ !
ਠੀਕ ਹੋਊਗਾ ਜਹਾਨ, ਜਦੋਂ ਉਹ "ਚੰਡੀ" ਬਣੀ ਖੜ੍ਹਕੇ !
ਇੱਕ ਸੋਹਣੀ ਜਿਹੀ ਕੁੜੀ, ਮੋੜ ਬੀਹੀ ਦਾ ਮੁੜੀ !
ਲੱਗੀ ਕੰਧ ਨਾਲ ਖੜ੍ਹੀ, ਜਾਂਦੀ ਰੋਈ ਸੀ ਬੜੀ !
ਠੰਡੇ ਹਾਉਕੇ ਭਰਕੇ,
ਮੋਹਣੇ ਦੁਨੀਆਂ ਦੇ ਝੋਲੇ, ਉਹ ਇੱਕ ਕੁੜੀ ਕਰਕੇ
ਇੱਕ ਸੋਹਣੀ ਜਿਹੀ ਕੁੜੀ...

# ਨਮਕ ਦੀ ਕਹਾਣੀ




ਆਓ ਜਾਣੀਏ ਉਸ ਨਮਕ ਦੀ ਕਹਾਣੀ, ਜਿਸ ਨੇ ਸਵਾਦ ਦੇ ਨਾਲ ਸਿਹਤ ਅਤੇ ਭਰੋਸਾ ਵੀ ਹਰ ਭਾਰਤੀ ਰਸੋਈ ਤੱਕ ਪਹੁੰਚਾਇਆ ਅਤੇ ਕਿਵੇਂ Tata Salt ਦੇਸ਼ ਦੇ ਕਰੋੜਾਂ ਘਰਾਂ ਦੀ ਪਹਿਲੀ ਪਸੰਦ ਬਣ ਗਿਆ।

ਭਾਰਤ ਦੀ ਰਸੋਈ ਵਿੱਚ ਭਰੋਸੇ ਦਾ ਨਾਮ ਬਣ ਚੁੱਕਾ Tata Salt ਦਰਅਸਲ ਇੱਕ ਵੱਡੀ ਸਮਾਜਿਕ ਅਤੇ ਉਦਯੋਗਿਕ ਪਹਿਲ ਦੀ ਕਹਾਣੀ ਹੈ।

ਇਸ ਦੀ ਸ਼ੁਰੂਆਤ 1983 ਵਿੱਚ ਹੋਈ, ਜਦੋਂ Tata Group ਦੀ ਕੰਪਨੀ Tata Chemicals ਨੇ ਦੇਸ਼ ਵਿੱਚ Iodine ਦੀ ਕਮੀ ਨਾਲ ਹੋਣ ਵਾਲੀਆਂ ਬਿਮਾਰੀਆਂ ਨੂੰ ਵੇਖਦੇ ਹੋਏ Iodized Salt ਆਮ ਲੋਕਾਂ ਤੱਕ ਪਹੁੰਚਾਉਣ ਦਾ ਫੈਸਲਾ ਕੀਤਾ।

ਉਸ ਸਮੇਂ ਭਾਰਤ ਦੇ ਕਈ ਹਿੱਸਿਆਂ ਵਿੱਚ Iodine ਦੀ ਘਾਟ ਕਾਰਨ Goiter (ਗਿੱਲ੍ਹੜ) ਅਤੇ ਬੱਚਿਆਂ ਦੇ ਮਾਨਸਿਕ ਵਿਕਾਸ ਨਾਲ ਜੁੜੀਆਂ ਸਮੱਸਿਆਵਾਂ ਆਮ ਸਨ।

ਗੁਜਰਾਤ ਦੇ ਮਿੱਠਾਪੁਰ ਸਥਿਤ Plant ਵਿੱਚ ਆਧੁਨਿਕ ਟੈਕਨਾਲੋਜੀ ਨਾਲ ਨਮਕ ਨੂੰ ਸਾਫ਼ ਕੀਤਾ ਗਿਆ ਅਤੇ ਉਸ ਵਿੱਚ ਨਿਯੰਤਰਿਤ ਮਾਤਰਾ ਵਿੱਚ ਆਇਓਡੀਨ ਮਿਲਾ ਕੇ ਬਜ਼ਾਰ ਵਿੱਚ ਲਾਂਚ ਕੀਤਾ ਗਿਆ। ਕੰਪਨੀ ਨੇ ਸਿਰਫ ਪ੍ਰੋਡਕਟ ਨਹੀਂ ਵੇਚਿਆ, ਸਗੋਂ ਦੇਸ਼ ਭਰ ਵਿੱਚ ਜਾਗਰੂਕਤਾ ਮੁਹਿੰਮ ਚਲਾ ਕੇ ਲੋਕਾਂ ਨੂੰ ਆਇਓਡਾਇਜਡ ਨਮਕ ਦੇ ਸਿਹਤ ਲਾਭ ਵੀ ਸਮਝਾਏ।

"ਦੇਸ਼ ਕਾ ਨਮਕ" ਵਰਗੇ ਸੰਦੇਸ਼ ਨੇ ਇਸ ਨੂੰ ਹਰ ਘਰ ਦਾ ਭਰੋਸੇਯੋਗ ਵਿਕਲਪ ਬਣਾ ਦਿੱਤਾ।

ਅੱਜ ਟਾਟਾ ਨਮਕ ਸਿਰਫ ਸਵਾਦ ਨਹੀਂ, ਸਗੋਂ ਸਿਹਤ, ਕਵਾਲਟੀ ਅਤੇ ਭਰੋਸੇ ਦੀ ਨਿਸ਼ਾਨੀ ਬਣ ਚੁੱਕਾ ਹੈ।

ਵਧੀਆ ਪੈਕਿੰਗ, ਸਖ਼ਤ ਕਵਾਲਟੀ ਕੰਟਰੋਲ ਅਤੇ ਦੇਸ਼ ਪੱਧਰੀ ਵੰਡ ਪ੍ਰਣਾਲੀ ਨੇ ਇਸ ਨੂੰ ਭਾਰਤ ਦਾ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਬਰੈਂਡਡ ਨਮਕ ਬਣਾ ਦਿੱਤਾ ਹੈ, ਜੋ ਹਰ ਰੋਜ਼ ਕਰੋੜਾਂ ਪਰਿਵਾਰਾਂ ਦੇ ਭੋਜਨ ਦਾ ਜ਼ਰੂਰੀ ਹਿੱਸਾ ਹੈ।

ਤੁਸੀਂ ਆਪਣੇ ਘਰ ਵਿੱਚ ਰੋਜ਼ ਖਾਣੇ ਲਈ ਕਿਹੜਾ ਨਮਕ ਵਰਤਦੇ ਹੋ ਅਤੇ ਕਿਉਂ.....?

ਸਤਨਾਮ ਦੂਹੇਵਾਲਾ







ਬੁੱਧ ਬਾਣ

# ਜ਼ਿੰਦਗੀ ਦੀ ਜੰਗ ਕੌਣ ਲੜੇਗਾ ?





ਬੁੱਧ ਸਿੰਘ ਨੀਲੋਂ
94643 70823

ਸ਼ਬਦ, ਵਾਕ, ਪੈਰਾ ਤੇ ਕਵਿਤਾ ਮਹਿਜ਼ ਸ਼ਬਦਾਂ ਦੀ ਚਿਣਾਈ ਨਹੀਂ ਹੁੰਦੀ। ਬਹੁਤ ਕੁੱਝ ਹੁੰਦਾ ਹੈ, ਕਵਿਤਾ ਦੀ ਦੇਹ ਅੰਦਰ। ਹਾਸੇ, ਠੱਠੇ, ਮਖੌਲ, ਖੁਸ਼ੀਆਂ, ਗ਼ਮੀਆਂ, ਗਿੱਧਾ, ਭੰਗੜਾ, ਗੀਤ ਸੰਗੀਤ, ਸੁਪਨੇ, ਉਮੰਗਾਂ ਤੇ ਕੱਚ ਦੀਆਂ ਵੰਗਾਂ। ਵੰਗਾਂ ਰੰਗ ਬਰੰਗੀਆਂ, ਕਦੇ ਚੜ੍ਹਦੀਆਂ ਤੇ ਕਦੇ ਟੁੱਟ ਦੀਆਂ। ਨਾ ਵੰਗਾਂ ਮੁਕਦੀਆਂ ਤੇ ਨਾ ਵੰਗਾਂ ਚੜ੍ਹਾਉਣ ਤੇ ਤੋੜਨ ਵਾਲੇ। ਵਕ਼ਤ ਬਦਲਦਾ, ਚਿਹਰੇ ਬਦਲਦੇ, ਬਾਹਾਂ ਬਦਲਦੀਆਂ ਤੇ ਸੁਪਨੇ ਬਦਲਦੇ, ਰੁੱਤਾਂ ਬਦਲਦੀਆਂ, ਹਾਸੇ ਬਦਲਦੇ, ਹਾਦਸੇ ਬਣਦੇ। ਹੰਝੂਆਂ ਦੇ ਦਰਿਆ ਵਗਦੇ। ਮਿੱਠੇ ਤੇ ਖਾਰੇ। ਤਾਅਨੇ ਮਿਹਣੇ ਰੰਗ ਰੂਪ ਬਦਲਦੇ। ਕਵਿਤਾਵਾਂ ਦੇ ਦਰਿਆ ਆਉਂਦੇ, ਬੜਾ ਕੁੱਝ ਨਾਲ ਲੈ ਜਾਂਦੇ ਤੇ ਬੜਾ ਕੁੱਝ ਨਵਾਂ ਸਿਰਜਦੇ ਹਨ। ਪੱਤਣ ਬਦਲਦੇ, ਨਵੇਂ ਰਾਹ ਤੇ ਰਸਤੇ ਬਣਾਉਂਦੇ ਹਨ। ਕੁੱਝ ਨਾਲ ਨਾਲ ਵਗਦੇ ਤੇ ਨਾਲੋਂ ਝੜਦੇ ਹਨ। ਜਿਹੜੇ ਅੜਦੇ ਤੇ ਲੜਦੇ, ਉਹ ਜਿਉਂਦੇ ਜਾਂ ਫਿਰ ਮਰਦੇ ਹਨ। ਉਹ ਕੋਈ ਸਮਝੌਤਾ ਨਾ ਕਰਦੇ। ਪਿਆਰ, ਜੰਗ ਤੇ ਸਿਆਸਤ ਵਿੱਚ ਸਭ ਕੁੱਝ ਜਾਇਜ਼ ਤੇ ਨਾਜਾਇਜ਼ ਹੁੰਦਾ ਹੈ। ਹਾਰਨ ਵਾਲੇ, ਝਾੜਨ ਵਾਲੇ, ਤਾਰਨ ਤੇ ਡੁਬਾਉਣ ਵਾਲੇ, ਬੁੱਕਲ ਦੇ ਸੱਪ ਬਣਦੇ ਹਨ। ਉਹ ਕਿਨਾਰੇ ਉਤੇ ਖੜ੍ਹ ਕੇ ਹੱਸਦੇ ਹਨ। ਨੱਚਦੇ ਤੇ ਟੱਪਦੇ ਗਾਉਂਦੇ ਕਦੇ ਗ਼ਮਾਂ ਦੇ ਤੇ ਕਦੇ ਖੁਸ਼ੀ ਦੇ ਗੀਤ। ਮਿੱਤ ਕਿਸੇ ਦੇ ਨਾ ਹੁੰਦੇ ਪੰਛੀ, ਪਰਦੇਸੀ ਤੇ ਸੁਆਸ। ਇਹ ਵਕਤ ਆਇਆ ਉਡ ਜਾਂਦੇ, ਲੰਮੀ ਉਡਾਰੀ ਭਰਦੇ ਵਾਪਸ ਨਾ ਪਰਤਦੇ। ਰਹਿ ਜਾਂਦੀਆਂ ਪਿਛੇ ਚੰਗੀਆਂ ਤੇ ਮੰਦੀਆਂ ਯਾਦਾਂ। ਕੁੱਝ ਯਾਦਾਂ ਤਾਂ ਯਾਦਗਾਰ ਬਣਦੀਆਂ। ਕਿਸੇ ਲਈ ਰੋਟੀ ਤੇ ਪਾਣੀ ਬਣਦੀਆਂ। ਮਦਾਰੀ ਆਉਂਦੇ, ਮਜਮਾਂ ਲਾਉਂਦੇ, ਤੁਰ ਗਿਆ ਦੀਆਂ ਵਾਰਾਂ ਗਾਉਂਦੇ। ਤਮਾਸ਼ਬੀਨ ਝੂਮਦੇ, ਖੀਸੇ ਖ਼ਾਲੀ ਕਰ, ਖ਼ਾਲੀ ਹੱਥ ਘਰਾਂ ਨੂੰ ਮੁੜਦੇ। ਉਹ ਕਦੇ ਉਂਝ ਨਾ ਜੁੜਦੇ। ਜਦੋਂ ਵੀ ਉਹ ਜੁੜਦੇ ਤਾਂ ਮਦਾਰੀ ਆਉਂਦੇ ਤੇ ਨਵਾਂ ਅਖਾੜਾ ਲਗਾਉਂਦੇ। ਤਮਾਸ਼ਾ ਦੇਖਣ ਆਇਆ ਨੂੰ ਭਰਮਾਉਂਦੇ। ਸੁਪਨੇ ਵਿਖਾਉਂਦੇ, ਆਉਣ ਵਾਲੀ ਕ੍ਰਾਂਤੀ ਦੇ ਸੋਹਿਲੇ ਗਾਉਂਦੇ। ਅਖਾੜੇ ਬਦਲਦੇ, ਮੱਲ ਬਦਲਦੇ। ਘੋਲ਼ ਹੁੰਦੇ, ਕੋਈ ਜਿੱਤ ਦਾ, ਕੋਈ ਹਾਰਦਾ। ਕੋਈ ਡਿੱਗਦਾ ਤੇ ਕੋਈ ਉੱਠਦਾ। ਤੁਰਦਾ ਨਵੇਂ ਦਿਸਹੱਦਿਆਂ ਵੱਲ ਨੂੰ। ਸਦੀਆਂ ਤੋਂ ਯੁੱਗਾਂ ਤੋਂ ਇਹੋ ਹੀ ਕੁੱਝ ਹੁੰਦਾ ਰਹਿੰਦਾ। ਮੈਦਾਨ ਬਦਲਦੇ ਖਿਡਾਰੀ ਬਦਲਦੇ ਤੇ ਦਰਸ਼ਕ ਬਦਲਦੇ। ਉਹਨਾਂ ਦੀ ਜ਼ਿੰਦਗੀ ਨਾ ਬਦਲਦੀ। ਪੀੜ੍ਹੀ ਦਰ ਪੀੜ੍ਹੀ ਉਹ ਆਪਣੇ ਸਿਰ ਦੀ ਪੰਡ ਆਪਣੇ ਪੁੱਤਰਾਂ ਦੇ ਸਿਰ ਉੱਤੇ ਧਰਦੇ ਤੇ ਮਰ ਜਾਂਦੇ। ਇਹ ਸਿਲਸਿਲਾ ਸਦੀਆਂ ਤੋਂ ਯੁੱਗਾਂ ਤੋਂ ਜਾਰੀ ਹੈ। ਨਾ ਹਨੇਰ ਮੁੱਕਦਾ ਹੈ ਤੇ ਨਾ ਸੁਪਨੇ ਮਰਦੇ ਹਨ। ਦੇਹਾਂ ਮਰਦੀਆਂ ਪਰ ਸੁਪਨੇ ਜਿਉਂਦੇ ਰਹਿੰਦੇ। ਸੁਪਨਿਆਂ ਨੂੰ ਸਾਕਾਰ ਕਰਨ ਲਈ ਸੰਘਰਸ਼ ਚੱਲਦਾ ਹੈ। ਸੁਪਨੇ ਪੂਰੇ ਨਾ ਹੁੰਦੇ ਤੇ ਦੇਹਾਂ ਪੂਰੀਆਂ ਹੋ ਜਾਂਦੀਆਂ। ਸੁਨੇਹੇ ਆਉਂਦੇ ਤੇ ਜਾਂਦੇ, ਉਹ ਪੂਰਾ ਹੋ ਗਿਆ। ਜੋਂ ਸਾਰੀ ਉਮਰ ਅਧੂਰਾ ਰਿਹਾ ਸੀ। ਦੇਹਾਂ ਆਉਂਦੀਆਂ ਸੋਗ ਮਨਾਉਂਦੀਆਂ। ਦੇਹ ਅੱਗ ਵਿੱਚ ਸੜਦੀ, ਨਵਾਂ ਸਫ਼ਰ ਤਹਿ ਕਰਦੀ। ਕੁੱਝ ਦਿਨ ਗੱਲਾਂ ਹੁੰਦੀਆਂ, ਹੌਲੀ ਹੌਲੀ ਗੱਲਾਂ ਬਾਤਾਂ ਮੁੱਕ ਜਾਂਦੀਆਂ। ਮੁੱਕਣ ਵਾਲ਼ੇ ਮੁੱਕ ਜਾਂਦੇ। ਜਿਉਂਦੇ ਜੀ ਨਾ ਮੁੱਕਣ ਵਾਲੀ ਲੰਮੀ ਜੰਗ ਲੜਦੇ। ਇਹ ਲੜਾਈ ਨਾ ਮੁੱਕਦੀ ਤੇ ਨਾ ਸੁਪਨੇ ਪੂਰੇ ਹੁੰਦੇ। ਘਰ ਮਕਾਨਾਂ ਤੇ ਦੁਕਾਨਾਂ ਵਿੱਚ ਬਦਲਦੇ। ਘਰਾਂ ਵਿੱਚੋਂ ਕਿਲਕਾਰੀਆਂ ਮਾਰਦੇ ਬੱਚੇ ਹੱਸਦੇ, ਨੱਚਦੇ ਤੇ ਗਾਉਂਦੇ ਜ਼ਿੰਦਗੀ ਦੇ ਗੀਤ। ਉਹਨਾਂ ਦੀ ਆਵਾਜ਼ ਨਾ ਸਾਨੂੰ ਸੁਣਦੀ ਤੇ ਨਾ ਉਹ ਗਾਉਣ ਤੋਂ ਹਟਦੇ। ਸੁਪਨੇ ਜਵਾਨ ਹੁੰਦੇ ਤੇ ਮਰ ਜਾਂਦੇ। ਕਵਿਤਾ ਦੇ ਦਲਾਲ, ਮੰਡੀ ਵਿੱਚ ਕਵਿਤਾ ਦਾ ਮੁੱਲ ਲਾਉਂਦੇ, ਵਪਾਰੀ ਖਰੀਦ ਦੇ। ਸੁਪਨੇ ਵੇਚਣ ਵਾਲੇ ਭਰੇ ਭਰਾਏ ਆਉਂਦੇ ਤੇ ਖਾਲੀ ਹੱਥ ਤੇ ਖ਼ਾਲੀ ਖੀਸਿਆਂ ਨੂੰ ਬੰਦ ਕਰ ਕੇ ਘਰਾਂ ਨੂੰ ਮੁੜਦੇ। ਉਹ ਨਾ ਸੋਚਦੇ ਤੇ ਨਾ ਸਮਝਦੇ ਤੇ ਅਗਲੀ ਬਾਰ ਸੁਪਨੇ ਸਾਕਾਰ ਹੋਣ ਦਾ ਭ੍ਰਮ ਲੈ ਕੇ ਪਰਤਦੇ। ਉਹ ਪੈਰਾਂ ਦੀਆਂ ਪਾਟੀਆਂ ਬਿਆਈਆਂ ਵਿੱਚ ਫਿਰ ਤੋਂ ਸੁਪਨੇ ਬੀਜਦੇ। ਉਹਨਾਂ ਨੂੰ ਖ਼ੂਨ ਨਾਲ ਸਿੰਜਦੇ। ਉਹਨਾਂ ਬੂਟਿਆਂ ਨੂੰ ਨਿਹਾਰਦੇ, ਉਹ ਬੂਟਿਆਂ ਨੂੰ ਕਦੇ ਸਰਕਾਰੀ ਬੂਟਾਂ ਨਾਲ ਮਸਲੇ ਜਾਂਦੇ। ਕਦੇ ਖੁਦ ਸੜ ਸੁਕ ਜਾਂਦੇ। ਬੂਟਿਆਂ ਨੂੰ ਬਚਾਉਣ ਲਈ ਉਹ ਇੱਕ ਥਾਂ ਤੋਂ ਦੂਜੇ ਥਾਂ ਉੱਤੇ ਜਾਂਦੇ। ਆਪਣੇ ਆਪ ਨੂੰ ਸੁਰੱਖਿਅਤ ਸਮਝਦੇ। ਅਚਾਨਕ ਉਡਣ ਤਸ਼ਕਰੀਆਂ ਆਉਂਦੀਆਂ। ਲ਼ਹੂ ਦਾ ਮੀਂਹ ਵਰ੍ਹਦਾ, ਕੋਈ ਦੂਰ ਖੜ੍ਹਾ ਖਚਰੀ ਹਾਸੀ ਹੱਸਦਾ। ਕਵੀ ਅਮਨ ਸ਼ਾਂਤੀ ਦੇ ਗੀਤ ਲਿਖਦਾ ਤੇ ਗਾਉਂਦਾ। ਕਵਿਤਾ ਦੇ ਦਲਾਲ ਮੰਡੀ ਵਿੱਚ ਆਉਂਦੇ। ਖੀਸਿਆਂ ਨੂੰ ਭਰਦੇ, ਤੁਰ ਜਾਂਦੇ, ਕੋਈ ਆਉਂਦਾ ਹੈ ਤੇ ਕੋਈ ਜਾ ਰਿਹਾ ਹੈ। ਇਸ ਆਉਣ ਤੇ ਜਾਣ ਦੇ ਵਿਚਕਾਰ ਜ਼ਿੰਦਗੀ ਤ੍ਰਿਸ਼ੰਕੂ ਵਾਂਗ ਲਟਕਦੀ ਹੈ। ਉਹ ਨਾ ਜਿਉਂਦੀ ਹੈ ਤੇ ਨਾ ਮਰਦੀ ਹੈ। ਸਾਹਮਣੇ ਮਜਮਾਂ ਲੱਗਿਆ ਹੋਇਆ ਹੈ, ਦਰਬਾਰੀ ਕਵੀ ਅੰਨ੍ਹੇ ਰਾਜੇ ਦੀ ਆਰਤੀ ਉਤਾਰਦੇ ਹੋਏ ਘਿਓ ਦੇ ਦੀਵੇ ਜਗਾਉਂਦੇ ਹਨ। ਦੀਵਿਆਂ ਵਿੱਚ ਤੇਲ ਨਹੀਂ, ਭੁੱਖੀਆਂ ਤਿਹਾਈਆਂ ਦੇਹਾਂ ਦਾ ਲ਼ਹੂ ਬਲਦਾ ਹੈ। ਦਰਸ਼ਕ ਤੇ ਸਰੋਤੇ ਝੂੰਮਦੇ ਹਨ। ਉਹਨਾਂ ਨੂੰ ਚੜ੍ਹ ਗਈ ਹੈ, ਸੋਮਰਸ ਦੀ ਗੰਧ। ਉਹਨਾਂ ਨੂੰ ਹੋਸ਼ ਨਹੀਂ। ਉਹ ਕਿਸ ਦੇ ਹੱਥਾਂ ਵਿੱਚ ਕਠਪੁੱਤਲੀਆਂ ਬਣ ਕੇ ਨੱਚਦੇ ਹਨ ਤੇ ਆਪਣੇ ਸੰਘ ਪਾੜਦੇ ਹਨ। ਭੇਸ ਬਦਲ ਕੇ ਆਏ ਲੁਟੇਰਿਆਂ ਦੇ ਸੋਹਿਲੇ ਗਾਉਂਦੇ ਤੇ ਆਪਣੇ ਹੱਥੀਂ ਆਪਣੇ ਮੂੰਹੋਂ ਆਪੋ ਆਪਣਾ ਕੀਰਤਨ ਸੋਹਿਲਾ ਪੜ੍ਹਦੇ, ਕੀਰਤਨ ਕਰਦੇ, ਆਪਣੀ ਅੰਤਿਮ ਅਰਦਾਸ ਪੜ੍ਹਦੇ ਹਨ। ਕਵਿਤਾ ਦੇ ਵਪਾਰੀ ਤੇ ਸ਼ਿਕਾਰੀ ਅਧਿਕਾਰੀਆਂ ਨਾਲ ਸੌਦਾ ਕਰਦੇ। ਬੁੱਕਲ ਵਿੱਚ ਗੁੜ ਭੰਨਦੇ। ਦੇਖਣ ਵਾਲੇ ਦੇਖਦੇ ਹੋਏ ਵੀ ਨਾ ਸਮਝਦੇ, ਉਹਨਾਂ ਦੀ ਬੁੱਕਲ ਵਿੱਚ ਲੁਕਾ ਕੇ ਰੱਖੇ ਉਹ ਗੀਤ ਜਿਹੜੇ ਦਰਬਾਰੀ ਕਵੀਆਂ ਨੇ ਆਦਰਸ਼ਵਾਦੀ ਤੇ ਜੁਝਾਰਵਾਦੀ ਰੰਗ ਵਿੱਚ ਰੰਗੇ ਸਨ। ਦਰਬਾਰ ਖੁੱਲ੍ਹਾ ਹੈ, ਸੋਮਰਸ ਤੇ ਭੰਗ ਦਾ ਭੰਡਾਰਾ ਵਰਤਾਇਆ ਜਾ ਰਿਹਾ ਹੈ। ਇਹ ਸਿਲਸਿਲਾ ਜਾਰੀ ਹੈ। ਕਦੋਂ ਤੱਕ ਚੱਲੇਗਾ ਇਹ ਦਰਬਾਰ? ਕਦੋਂ ਦੇਹਾਂ ਵਿੱਚ ਜਾਨ ਪਵੇਗੀ ਤੇ ਜ਼ਿੰਦਗੀ ਨੂੰ ਜਿਉਂਣ ਲਈ ਜੰਗ ਲੜਣਗੇ? ਜ਼ਿੰਦਗੀ ਦੀ ਹਾਲਤ ਭੰਡਾ ਭੰਡਾਰੀਆ ਕਿੰਨਾ ਕੁ ਭਾਰ ਵਰਗੀ ਬਣ ਗਈ ਹੈ। ਇੱਕ ਦੁੱਖ ਦੂਰ ਨਹੀਂ ਹੁੰਦਾ, ਦੂਜਾ ਆ ਜਾਂਦਾ ਹੈ। ਇਹ ਆਈ ਤੇ ਚਲਾਈ ਦਾ ਸਿਲਸਿਲਾ ਕਦੋਂ ਤੱਕ ਚੱਲੇਗਾ?

# ਅੰਤਿਮ ਸੰਸਕਾਰ



ਦੁਨੀਆ ਵਿੱਚ ਅੰਤਿਮ ਸੰਸਕਾਰ ਦੀਆਂ ਕਈ ਰਸਮਾਂ ਹੁੰਦੀਆਂ ਹਨ, ਪਰ ਇੰਡੋਨੇਸ਼ੀਆ ਦੀ ਇੱਕ ਰਸਮ ਬਹੁਤ ਅਜੀਬ ਲੱਗਦੀ ਹੈ।

ਏਥੇ ਲੋਕ ਆਪਣੇ ਮ*ਰੇ ਹੋਏ ਪਰਿਵਾਰਕ ਮੈਂਬਰਾਂ ਦੀ ਲਾ/*ਸ਼ ਕਬਰ ਤੋਂ ਬਾਹਰ ਕੱਢਦੇ ਹਨ। ਓਹਨਾਂ ਨੂੰ ਨਵਾਉਂਦੇ ਹਨ, ਸਾਫ਼ ਕਰਦੇ ਹਨ, ਨਵੇਂ ਕੱਪੜੇ ਪਹਿਨਾਉਂਦੇ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਓਹਨਾਂ ਨੂੰ ਸਿਗਰਟ ਵੀ ਪਿਆਉਂਦੇ ਹਨ।

ਇਹ ਅਜੀਬ ਰਸਮ ਟੋਰਾਜਾ ਕਬੀਲੇ ਵਿੱਚ ਨਿਭਾਈ ਜਾਂਦੀ ਹੈ। ਓਥੇ ਮ/*ਰੇ ਹੋਏ ਲੋਕਾਂ ਨੂੰ ਅੱਜ ਵੀ ਪਰਿਵਾਰ ਦਾ ਹਿੱਸਾ ਮੰਨਿਆ ਜਾਂਦਾ ਹੈ। ਖ਼ਾਸ ਤਿਉਹਾਰਾਂ ਮੌਕੇ ਓਹਨਾਂ ਨੂੰ "ਜ਼ਿਊਂਦੇ ਵਰਗਾ" ਸਜਾ ਕੇ ਸਨਮਾਨ ਦਿੱਤਾ ਜਾਂਦਾ ਹੈ।

ਕਿਸੇ ਨੂੰ ਇਹ ਪਿਆਰ ਦੀ ਉੱਚੀ ਮਿਸਾਲ ਲੱਗਦੀ ਹੈ, ਤੇ ਕਿਸੇ ਨੂੰ ਇਹ ਰਸਮ ਡਰਾਉਣੀ ਲੱਗਦੀ ਹੈ।

ਪਰ ਇੱਕ ਗੱਲ ਪੱਕੀ ਹੈ—ਇਹ ਅੰਤਿਮ ਸੰਸਕਾਰ ਨਹੀਂ, ਸਗੋਂ ਦੁਨੀਆ ਦੀਆਂ ਸਭ ਤੋਂ ਅਜੀਬ ਰਸਮਾਂ ਵਿੱਚੋਂ ਇੱਕ ਹੈ।

## ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ ਨੇ ਮਾਨਸਾ ਦੇ ਐਸ.ਐਸ.ਪੀ. ਦਫ਼ਤਰ ਅੱਗੇ ਦਿੱਤਾ ਧਰਨਾ



ਮਾਨਸਾ : ਸਿੱਧੂ ਮੂਸੇਵਾਲਾ ਪਿਤਾ ਬਲਕੌਰ ਸਿੰਘ ਅਤੇ ਮਾਤਾ ਚਰਨ ਕੌਰ ਨੇ ਅੱਜ ਮਾਨਸਾ ਵਿਖੇ ਐਸ.ਐਸ.ਪੀ. ਦਫ਼ਤਰ ਦੇ ਬਾਹਰ ਧਰਨਾ ਦਿੱਤਾ ਗਿਆ। ਉਨ੍ਹਾਂ ਵਲੋਂ ਗੀਤਕਾਰ ਬੰਟੀ ਬੈਂਸ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਮੌਕੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਮੈਂ ਪਿਛਲੇ ਛੇ ਮਹੀਨੇ ਤੋਂ ਐਸ.ਐਸ.ਪੀ. ਦਫ਼ਤਰ ਦੇ ਗੇੜੇ ਮਾਰ ਰਿਹਾ ਹਾਂ ਉਨ੍ਹਾਂ ਕਿਹਾ ਕਿ ਜੇ ਮੇਰੀ ਸ਼ਿਕਾਇਤ ਗਲਤ ਹੈ ਤਾਂ ਵਾਪਸ ਕਰ ਦਿਓ।

ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪੁੱਤ ਦੀ ਕਮਾਈ ਦਾ ਹਿਸਾਬ ਮੰਗ ਰਹੇ ਹਾਂ। ਉਨ੍ਹਾਂ ਕਿਹਾ ਅਸੀਂ ਜਨਵਰੀ 'ਚ ਧੋਖਾਧੜੀ ਨੂੰ ਲੈ ਕੇ ਸ਼ਿਕਾਇਤ ਦਿੱਤੀ ਸੀ, ਜਿਸ 'ਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਾਨੂੰ ਇਨਸਾਫ਼ ਨਾ ਮਿਲਿਆ ਤਾਂ ਅਸੀਂ ਪੱਕਾ ਮੋਰਚਾ ਲਗਾਵਾਂਗੇ।

# 350ਵਾਂ ਸ਼ਹੀਦੀ ਪੁਰਬ: ਪ੍ਰਵਾਸੀਆਂ, ਵੱਖ-ਵੱਖ ਸੰਸਥਾਵਾਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਅੰਮ੍ਰਿਤਸਰ-ਨਾਂਦੇੜ ਉਡਾਣ ਜਲਦ ਸ਼ੁਰੂ ਕਰਵਾਉਣ ਦੀ ਅਪੀਲ






ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਵਿਕਾਸ ਮੰਚ, ਗੁਰੂ ਰਾਮ ਦਾਸ ਫਾਊਂਡੇਸ਼ਨ (ਯੂਐਸਏ) ਅਤੇ ਸੇਵਾ ਟਰੱਸਟ ਯੂ.ਕੇ. ਨੇ ਸਾਂਝੇ ਤੌਰ ਫ਼#39;ਤੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੂੰ ਪੱਤਰ ਲਿਖ ਕੇ ਅੰਮ੍ਰਿਤਸਰ ਅਤੇ ਨਾਂਦੇੜ ਦਰਮਿਆਨ ਸਿੱਧੀ ਉਡਾਣ ਜਲਦ ਸ਼ੁਰੂ ਕਰਨ ਲਈ ਦਖਲ ਦੇਣ ਦੀ ਮੰਗ ਕੀਤੀ ਹੈ। ਇਸ ਸਾਂਝੇ ਪੱਤਰ ਨੂੰ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਕੈਨੇਡਾ ਤੋਂ ਮੰਚ ਦੇ ਓਵਰਸੀਜ਼ ਸਕੱਤਰ ਅਨੰਤਦੀਪ ਸਿੰਘ ਢਿੱਲੋਂ, ਅਮਰੀਕਾ ਤੋਂ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ, ਗੁਰੂ ਰਾਮਦਾਸ ਫਾਊਂਡੇਸ਼ਨ (ਅਮਰੀਕਾ) ਦੇ ਡਾਇਰੈਕਟਰ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਜੀ ਅਤੇ ਸੇਵਾ ਟਰੱਸਟ ਯੂਕੇ ਅਤੇ ਇੰਡੀਆ ਦੇ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਐਮਬੀਈ ਵੱਲੋਂ ਪੰਜਾਬ ਅਤੇ ਵਿਸ਼ਵ ਭਰ ਵਿੱਚ ਵੱਸਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਦੀ ਸਾਂਝੀ ਅਵਾਜ਼ ਦੀ ਤਰਜਮਾਨੀ ਕਰਦੇ ਹੋਏ ਜਾਰੀ ਕੀਤਾ ਗਿਆ ਹੈ।

ਪੱਤਰ ਵਿੱਚ ਇਨ੍ਹਾਂ ਸੰਸਥਾਵਾਂ ਨੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਹਵਾਈ ਸੰਪਰਕ ਵਿੱਚ ਹੋਏ ਮਹੱਤਵਪੂਰਨ ਸੁਧਾਰਾਂ ਲਈ ਧੰਨਵਾਦ ਪ੍ਰਗਟਾਇਆ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ-ਲੰਡਨ ਅਤੇ ਅੰਮ੍ਰਿਤਸਰ-ਬਰਮਿੰਘਮ ਵਰਗੇ ਅੰਤਰਰਾਸ਼ਟਰੀ ਰੂਟਾਂ ਦੇ ਲਗਾਤਾਰ ਚੱਲਣ ਅਤੇ 'ਉੜੇ ਦੇਸ਼ ਕਾ ਆਮ ਨਾਗਰਿਕ (ਉਡਾਣ)' ਸਕੀਮ ਤਹਿਤ ਘਰੇਲੂ ਉਡਾਣਾਂ ਦੇ ਵਿਸਤਾਰ ਦਾ ਜ਼ਿਕਰ ਕੀਤਾ। ਇਸ ਪੱਤਰ ਵਿੱਚ ਨਵੰਬਰ 2024 ਵਿੱਚ ਮਹਾਰਾਸ਼ਟਰ ਚੋਣ ਰੈਲੀ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਭਰੋਸੇ ਦਾ ਹਵਾਲਾ ਦਿੱਤਾ ਗਿਆ ਹੈ। ਉਸ ਸਮੇਂ ਪ੍ਰਧਾਨ ਮੰਤਰੀ ਮੋਦੀ ਨੇ ਜ਼ਿਕਰ ਕੀਤਾ ਸੀ ਕਿ ਜਿੱਥੇ ਨਾਂਦੇੜ-ਆਦਮਪੁਰ ਉਡਾਣਾਂ ਸ਼ੁਰੂ ਹੋ ਚੁੱਕੀਆਂ ਹਨ, ਉੱਥੇ ਹੀ ਸਿੱਖ ਸੰਗਤ ਜਲਦ ਹੀ ਨਾਂਦੇੜ ਅਤੇ ਅੰਮ੍ਰਿਤਸਰ ਵਿਚਕਾਰ ਸਿੱਧੀ ਉਡਾਣ ਲੈ ਸਕੇਗੀ। ਇਸ ਭਰੋਸੇ ਨੇ ਭਾਰਤ ਅਤੇ ਦੁਨੀਆ ਭਰ ਦੇ ਸ਼ਰਧਾਲੂਆਂ ਵਿੱਚ ਭਾਰੀ ਉਮੀਦ ਜਗਾਈ ਸੀ। ਇਹ ਪ੍ਰਸਤਾਵਿਤ ਉਡਾਣ ਡੂੰਘੀ ਅਧਿਆਤਮਿਕ ਮਹੱਤਤਾ ਰੱਖਦੀ ਹੈ, ਕਿਉਂਕਿ ਇਹ ਸਿੱਖ ਕੌਮ ਦੇ ਦੋ ਸਭ ਤੋਂ ਪਵਿੱਤਰ ਤਖ਼ਤ ਸਾਹਿਬਾਨ—ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ) ਅਤੇ ਤਖ਼ਤ ਸ੍ਰੀ ਅਬਚਲਨਗਰ ਹਜ਼ੂਰ ਸਾਹਿਬ (ਨਾਂਦੇੜ) ਨੂੰ ਜੋੜਦੀ ਹੈ। ਮੌਜੂਦਾ ਸਮੇਂ ਵਿੱਚ, ਸ਼ਰਧਾਲੂਆਂ, ਖਾਸ ਕਰਕੇ ਬਜ਼ੁਰਗਾਂ ਅਤੇ ਪਰਿਵਾਰਾਂ ਨੂੰ ਸਿੱਧੀ ਹਵਾਈ ਸੇਵਾ ਨਾ ਹੋਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਏਅਰ ਇੰਡੀਆ ਦੀ ਸਾਲ 2018 'ਚ ਸ਼ੁਰੂ ਹੋਈ ਸਿੱਧੀ ਉਡਾਣ ਸਾਲ 2021 ਚ ਨਾਂਦੇੜ ਦਾ ਹਵਾਈ ਅੱਡਾ ਬੰਦ ਹੋਣ ਕਰਕੇ ਰੱਦ ਕਰ ਦਿੱਤੀ ਗਈ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਦੇਸ਼ ਵਿਆਪੀ ਸਮਾਗਮਾਂ ਕਾਰਨ ਇਸ ਮੰਗ ਦੀ ਅਹਿਮੀਅਤ ਹੋਰ ਵੀ ਵੱਧ ਗਈ ਹੈ। ਇਸ ਵਰ੍ਹੇ ਦੌਰਾਨ ਪੰਜਾਬ ਆਉਣ ਵਾਲੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿਖੇ ਵੀ ਨਤਮਸਤਕ ਹੋਣਾ ਚਾਹੁੰਦੇ ਹਨ।

ਇਸ ਦੇ ਨਾਲ ਹੀ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਸਹਿਯੋਗੀ ਸੰਸਥਾਵਾਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼੍ਰੀ ਦੇਵਿੰਦਰ ਫੜਨਵੀਸ ਜੀ ਨੂੰ ਵੀ ਪੱਤਰ ਲਿਖ ਕੇ 350ਵੇਂ ਸ਼ਹੀਦੀ ਪੁਰਬ ਸਮਾਗਮਾਂ ਦੇ ਆਯੋਜਨ ਵਿੱਚ ਸੂਬਾ ਸਰਕਾਰ ਦੀ ਅਗਵਾਈ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਨੇ ਮਹਾਰਾਸ਼ਟਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨਾਲ ਰਸਮੀ ਗੱਲਬਾਤ ਕਰਕੇ ਇਸ ਰੂਟ ਨੂੰ ਜਲਦ ਸ਼ੁਰੂ ਕਰਵਾਉਣ ਵਿੱਚ ਸਹਿਯੋਗ ਦੇਣ। ਪੱਤਰ ਅਨੁਸਾਰ, ਜੇਕਰ ਸ਼ੁਰੂਆਤੀ ਤੌਰ 'ਤੇ ਇਹ ਉਡਾਣ 'ਉਡਾਨ' ਸਕੀਮ ਤਹਿਤ ਵੀ ਚਲਾਈ ਜਾਂਦੀ ਹੈ, ਤਾਂ ਇਸ ਨਾਲ ਸ਼ਰਧਾਲੂਆਂ ਨੂੰ ਵੱਡੀ ਰਾਹਤ ਮਿਲੇਗੀ, ਧਾਰਮਿਕ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ ਅਤੇ ਪੰਜਾਬ ਤੇ ਮਹਾਰਾਸ਼ਟਰ ਦਰਮਿਆਨ ਸੱਭਿਆਚਾਰਕ ਸਾਂਝ ਮਜ਼ਬੂਤ ਹੋਵੇਗੀ।

ਇਸ ਪੱਤਰ ਦੀਆਂ ਕਾਪੀਆਂ ਸ਼ਹਿਰੀ ਹਵਾਬਾਜ਼ੀ ਮੰਤਰਾਲੇ, ਏਅਰਪੋਰਟ ਅਥਾਰਟੀ ਆਫ ਇੰਡੀਆ ਅਤੇ ਘੱਟ ਗਿਣਤੀ ਕਮਿਸ਼ਨ ਨੂੰ ਵੀ ਭੇਜੀਆਂ ਗਈਆਂ ਹਨ ਤਾਂ ਜੋ ਇਸ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਸਲੇ ਲਈ ਸੰਸਥਾਗਤ ਸਮਰਥਨ ਪ੍ਰਾਪਤ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਸੰਸਥਾਵਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਾਹਿਬਾਨ ਦੇ ਨਾਲ-ਨਾਲ ਹੋਰ ਸਿੱਖ ਸੰਸਥਾਵਾਂ ਅਤੇ ਆਗੂਆਂ ਨੂੰ ਵੀ ਅਪੀਲ ਕੀਤੀ ਹੈ ਕਿ ਅੰਮ੍ਰਿਤਸਰ ਅਤੇ ਨਾਂਦੇੜ ਦਰਮਿਆਨ ਸਿੱਧੀ ਹਵਾਈ ਸੇਵਾ ਦੀ ਅਧਿਆਤਮਿਕ ਮਹੱਤਤਾ ਨੂੰ ਵੇਖਦੇ ਹੋਏ ਉਹ ਇਸ ਕਾਰਜ ਲਈ ਆਵਾਜ਼ ਬੁਲੰਦ ਕਰਨ।

# 'ਬੁਢਾਪਾ ਪੈੱਨਸ਼ਨ' ਲਈ ਕੈਨੇਡਾ 'ਚ 'ਸਟੇਅ' 10 ਦੀ ਬਜਾਏ 20 ਸਾਲ ਕਰਨ ਵਿਰੁੱਧ 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼' ਨੇ ਉਠਾਈ ਜ਼ੋਰਦਾਰ ਆਵਾਜ਼

## ਦਿਮਾਗ਼ ਦੀ 'ਮੁੜ-ਤਾਜ਼ਗੀ' ਲਈ ਆਯੋਜਿਤ ਕੀਤਾ ਗਿਆ 'ਸਿਹਤ ਸੈਮੀਨਾਰ'



ਬਰੈਂਪਟਨ, (ਡਾ. ਝੰਡ) – ਬਰੈਂਪਟਨ ਵਿੱਚ ਸਰਗਰਮ 44 ਸੀਨੀਅਰ ਕਲੱਬਾਂ ਲਈ ਸਾਂਝੀ 'ਛਤਰੀ' ਦੀ ਭੂਮਿਕਾ ਬਾਖ਼ੂਬੀ ਨਿਭਾਅ ਰਹੀ 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ' ਵੱਲੋਂ ਲੰਘੇ ਵੀਰਵਾਰ 5 ਫ਼ਰਵਰੀ ਨੂੰ ਟੈਰੀ ਮਿਲਰ ਕਮਿਊਨਿਟੀ ਸੈਂਟਰ ਵਿੱਚ ਸਾਰੀਆਂ ਕਲੱਬਾਂ ਦੀ ਇੱਕ ਮਹੱਤਵਪੂਰਨ ਇਕੱਤਰਤਾ ਆਯੋਜਿਤ ਕੀਤੀ ਗਈ। ਇਸ ਇਕੱਤਰਤਾ ਦੀ ਪ੍ਰਧਾਨਗੀ ਮਾਊਂਟੇਨਐਸ਼ ਸੀਨੀਅਰਜ਼ ਕਲੱਬ ਦੇ ਪ੍ਰਧਾਨ ਚਰਨਜੀਤ ਸਿੰਘ ਢਿੱਲੋਂ ਵੱਲੋਂ ਕੀਤੀ ਗਈ, ਜਦਕਿ ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਉਨ੍ਹਾਂ ਦੇ ਨਾਲ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਸਕੱਤਰ ਪ੍ਰੀਤਮ ਸਿੰਘ ਸਰਾਂ ਅਤੇ ਕੈਸ਼ੀਅਰ ਅਮਰੀਕ ਸਿੰਘ ਕੁਮਰੀਆ ਸੁਸ਼ੋਭਿਤ ਸਨ। ਮੰਚ-ਸੰਚਾਲਕ ਪ੍ਰੀਤਮ ਸਿੰਘ ਸਰਾਂ ਵੱਲੋਂ ਸਮੂਹ ਸੀਨੀਅਰਜ਼ ਕਲੱਬਾਂ ਦੇ ਨੁਮਾਇੰਦਿਆਂ ਨੂੰ 'ਜੀ-ਆਇਆਂ' ਕਹਿਣ ਤੇ ਇਸ ਮੀਟਿੰਗ ਦੀ ਰੂਪ-ਰੇਖਾ ਦੱਸਣ ਤੋਂ ਬਾਅਦ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਵੱਲੋਂ ਆਏ ਹੋਏ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਰਸਮੀ ਸੁਆਗ਼ਤ ਕੀਤਾ ਗਿਆ।

ਦੋ ਸੈਸ਼ਨਾਂ ਵਿੱਚ ਹੋਈ ਇਸ ਇਕੱਤਰਤਾ ਦੇ ਪਹਿਲੇ ਭਾਗ ਵਿੱਚ ਬੁਢਾਪੇ ਵਿੱਚ ਸੀਨੀਅਰਾਂ ਨੂੰ ਆਪਣੇ ਦਿਮਾਗ਼ ਨੂੰ 'ਮੁੜ-ਤਾਜ਼ਗੀ' ਪ੍ਰਦਾਨ ਕਰਨ ਅਤੇ ਇਸ ਨੂੰ ਚੁਸਤ-ਦਰੁੱਸਤ ਰੱਖਣ ਲਈ ਸੰਖੇਪ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਦੀ ਮੁੱਖ-ਬੁਲਾਰਾ ਅਮੀਨਾ ਹਨੀਫ਼ ਨੇ 'ਪਾਵਰ ਪੋਆਇੰਟ' ਤਕਨੀਕ ਦੀ ਵਰਤੋਂ ਕਰਦਿਆਂ ਪਹਿਲਾਂ ਤੋਂ ਤਿਆਰ ਸਲਾਈਡਾਂ ਦੀ ਸਹਾਇਤਾ ਨਾਲ ਮਨੁੱਖੀ ਦਿਮਾਗ਼ ਦੀ ਬਣਤਰ ਤੇ ਇਸ ਦੇ ਵੱਖ-ਵੱਖ ਭਾਗਾਂ ਬਾਰੇ ਸੰਖੇਪ ਜਾਣਕਾਰੀ ਦੇਣ ਦੇ ਨਾਲ ਨਾਲ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਮਹੱਤਵਪੂਰਨ ਭੂਮਿਕਾਵਾਂ- ਨੀਂਦ, ਆਰਾਮ ਤੇ ਪ੍ਰੇਸ਼ਾਨੀ ਅਤੇ ਨਾਲ ਹੀ ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਦਿਮਾਗ਼ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ ਉਨ੍ਹਾਂ ਨੇ ਮਨੁੱਖੀ ਦਿਮਾਗ਼ ਵੱਲੋਂ ਵੱਖ-ਵੱਖ ਰੰਗਾਂ ਦੀ ਪਹਿਚਾਣ ਕਰਨ, ਡਿੱਗਣ ਤੋਂ ਬਚਣ, ਗੰਭੀਰਤਾ ਨਾਲ ਸੋਚਣ ਅਤੇ ਯਾਦ ਸ਼ਕਤੀ ਪਰਖਣ ਲਈ ਉਦਾਹਰਨਾਂ ਵਜੋਂ ਮੀਟਿੰਗ ਵਿੱਚ ਹਾਜ਼ਰ ਕੁਝ ਸੀਨੀਅਰਾਂ ਦੇ ਨਾਲ ਦਿਲਚਸਪ ਅਮਲੀ ਤਜਰਬਿਆਂ ਦੀ ਵੀ ਸਾਂਝ ਪਾਈ, ਜਿਸ ਨੂੰ ਹਾਜ਼ਰੀਨ ਵੱਲੋਂ ਕਾਫ਼ੀ ਪਸੰਦ ਕੀਤਾ ਗਿਆ। ਮੀਟਿੰਗ ਦੇ ਦੂਸਰੇ ਅਹਿਮ ਸੈਸ਼ਨ ਵਿੱਚ ਕੈਨੇਡਾ ਸਰਕਾਰ ਵੱਲੋਂ ਸੀਨੀਅਰਾਂ ਲਈ ਬੁਢਾਪਾ ਪੈੱਨਸ਼ਨ ਦੇ ਲਈ ਯੋਗ ਹੋਣ ਲਈ ਕੈਨੇਡਾ ਵਿੱਚ ਰਹਿਣ ਦੇ ਸਮੇਂ ਨੂੰ 10 ਸਾਲ ਤੋਂ ਵਧਾ ਕੇ 20 ਸਾਲ ਕਰਨ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਇਆ। ਦਰਅਸਲ, ਐਸੋਸੀਏਸ਼ਨ ਦੀ ਇਸ ਮੀਟਿੰਗ ਦਾ ਮੁੱਖ-ਮੁੱਦਾ ਏਹੀ ਸੀ, ਜਿਸ ਦੇ ਬਾਰੇ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਕੱਤਰ ਸਾਹਿਬਾਨ ਵੱਲੋਂ ਹਾਜ਼ਰ ਮੈਂਬਰਾਂ ਨਾਲ ਇਸ ਦੇ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਉਸ ਤੋਂ ਬਾਅਦ ਕੁਝ ਮੈਂਬਰਾਂ ਵੱਲੋਂ ਵੀ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ।

ਮੰਚ ਦਾ ਸੰਚਾਲਨ ਕਰ ਰਹੇ ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਇਸ ਦੇ ਬਾਰੇ ਦੱਸਦਿਆ ਕਿਹਾ ਕਿ ਸੀਨੀਅਰਜ਼ ਦੀ ਬੁਢਾਪਾ ਪੈੱਨਸ਼ਨ ਲਈ ਉਮਰ ਦੀ ਹੱਦ 65 ਤੋਂ 67 ਸਾਲ ਕਰਨ ਅਤੇ ਇਸ ਦੇ ਸ਼ੁਰੂ ਕਰਨ ਲਈ ਕੈਨੇਡਾ ਦੇ ਵਿੱਚ ਰਹਿਣ ਦੇ 20 ਸਾਲ ਦੇ ਸਮੇਂ ਦੀ ਸ਼ਰਤ ਬਾਰੇ ਕਾਨੂੰਨ ਕਨਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਦੇ ਰਾਜਕਾਲ ਸਮੇਂ ਹੀ ਬਣ ਗਿਆ ਸੀ, ਜਿਸ ਵਿੱਚ 2014 ਵਿੱਚ ਜਸਟਿਨ ਟਰੂਡੋ ਦੀ ਅਗਵਾਈ 'ਚ ਬਣੀ ਲਿਬਰਲ ਸਰਕਾਰ ਵੱਲੋਂ ਸੋਧ ਕਰਦਿਆਂ ਹੋਇਆਂ ਉਮਰ ਦੀ ਹੱਦ ਨੂੰ ਤਾਂ ਮੁੜ 65 ਸਾਲ ਕਰ ਦਿੱਤਾ ਗਿਆ ਸੀ, ਪਰ ਇਸ ਦੇ ਨਾਲ ਜੁੜੀ ਦੂਸਰੀ 'ਕਲਾਜ਼' ਜੋ ਕੈਨੇਡਾ ਵਿੱਚ 'ਸਟੇਅ' ਨੂੰ 10 ਤੋਂ 20 ਸਾਲ ਕਰਨ ਬਾਰੇ ਸੀ, ਨੂੰ ਉਵੇਂ ਹੀ ਰਹਿਣ ਦਿੱਤਾ ਗਿਆ ਜਿਸ ਦੇ ਹੁਣ ਲਾਗੂ ਹੋ ਜਾਣ ਨਾਲ ਸਾਡੇ ਸੀਨੀਅਰਾਂ ਨੂੰ ਇਹ ਵੱਡੀ ਬਿਪਤਾ ਸਾਹਮਣੇ ਆਈ ਹੈ।

ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਇਸ ਦੇ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਕਾਨੂੰਨ ਬਣਨ ਬਾਰੇ 2014 ਤੋਂ ਬਾਅਦ ਕੈਨੇਡਾ ਆਉਣ ਵਾਲੇ ਸੀਨੀਅਰਜ਼ ਨੂੰ ਸਿਰਫ਼ 'ਓਲਡ ਏਜ ਸਕਿਉਰਿਟੀ' (ਓ.ਏ.ਐੱਸ.) ਹੀ ਮਿਲਣ ਅਤੇ ਜੀ.ਆਈ.ਐੱਸ. ਦੇ ਖ਼ਤਮ ਹੋ ਜਾਣ ਬਾਰੇ ਕਿਸੇ ਨੂੰ ਵੀ ਕੋਈ ਜਾਣਕਾਰੀ ਨਹੀ ਸੀ। ਇੱਥੋਂ ਤੱਕ ਕਿ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੇ ਨੁਮਾਇੰਦਿਆਂ ਨੂੰ ਵੀ ਅਗਸਤ 2020 ਵਿੱਚ ਜਾ ਕੇ ਇਸ ਦੇ ਬਾਰੇ ਭਿਣਕ ਪਈ ਅਤੇ ਉਹ ਇਸਦੇ ਬਾਰੇ ਵਿਸਤ੍ਰਿਤ ਜਾਣਕਾਰੀ ਲੈਣ ਲਈ ਬਰੈਂਪਟਨ ਦੇ ਪੰਜਾਂ ਪਾਰਲੀਮੈਂਟ ਮੈਂਬਰਾਂ ਨੂੰ ਮਿਲਣ ਗਏ। ਉਦੋਂ ਪਾਰਲੀਮੈਂਟ ਮੈਂਬਰਾਂ ਦਾ ਕਹਿਣਾ ਸੀ ਕਿ ਇਸ ਦੇ ਬਾਰੇ ਕੋਈ ਫ਼ਿਕਰ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਇਸ ਦੇ ਨਾਲ ਬੁਢਾਪਾ ਪੈੱਨਸ਼ਨ ਉੱਪਰ ਕੋਈ ਅਸਰ ਨਹੀਂ ਪਵੇਗਾ। ਉਸ ਤੋਂ ਬਾਅਦ ਐਸੋਸੀਏਸ਼ਨ ਦੇ ਨੁਮਾਇੰਦੇ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨੂੰ ਹਰ ਸਾਲ ਨਿੱਜੀ ਤੌਰ 'ਤੇ ਮਿਲ ਕੇ ਇਸ ਸਬੰਧੀ ਯਾਦ-ਪੱਤਰ ਦਿੰਦੇ ਰਹੇ, ਪਰ ਇਸ ਦੇ ਬਾਰੇ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਹੁਣ ਫਿਰ ਪਿਛਲੇ ਮਹੀਨੇ ਬਰੈਂਪਟਨ ਦੇ ਸਾਰੇ ਛੇਆਂ ਪਾਰਲੀਮੈਂਟ ਮੈਂਬਰਾਂ ਤੇ ਕੈਨੇਡਾ ਦੇ ਆਈਡੈਂਟਿਟੀ ਐਂਡ ਕਲਚਰਲ ਮਨਿਸਟਰ ਮਾਰਕ ਮਿਲਰ ਨੂੰ ਮਿਲ ਕੇ ਉਨ੍ਹਾਂ ਕੋਲ਼ ਲਿਖਤੀ ਤੌਰ 'ਤੇ ਇਹ ਮੁੱਦਾ ਉਠਾਇਆ ਹੈ ਅਤੇ ਐਸੋਸੀਏਸ਼ਨ ਨੂੰ ਉਨ੍ਹਾਂ ਦੇ ਵੱਲੋਂ ਇਸ ਸਬੰਧੀ 'ਹਾਂ-ਪੱਖੀ' ਹੁੰਗਾਰਾ ਵੀ ਮਿਲਿਆ ਹੈ। ਉਨ੍ਹਾਂ ਦੱਸਿਆ ਕਿ 2014 ਤੋਂ ਬਾਅਦ ਕੈਨੇਡਾ ਵਿੱਚ ਲੱਗਭੱਗ ਢਾਈ ਲੱਖ ਹੋਰ ਸੀਨੀਅਰਜ਼ ਆਏ ਹਨ, ਜਿਨ੍ਹਾਂ ਨੂੰ ਇਸ ਕਾਨੂੰਨ ਤਹਿਤ ਹੁਣ ਕੇਵਲ ਓ.ਏ.ਐੱਸ. 10 ਸਾਲ ਬਾਅਦ ਮਿਲੇਗੀ ਜੋ ਕਿ ਉਨ੍ਹਾਂ ਦੇ ਨਾਲ ਭਾਰੀ ਬੇ-ਇਨਸਾਫ਼ੀ ਹੈ, ਕਿਉਂਕਿ ਇਹ 40 ਸਾਲ ਇੱਥੇ ਕੈਨੇਡਾ ਵਿੱਚ ਰਹਿਣ ਬਾਅਦ ਮਿਲਣ ਵਾਲੀ ਪੂਰੀ ਓ.ਏ.ਐੱਸ. 740 ਡਾਲਰ ਦਾ ਕੇਵਲ ਚੌਥਾ ਹਿੱਸਾ 185 ਡਾਲਰ ਹੀ ਬਣਦੀ ਹੈ ਜੋ ਕਿਸੇ ਵੀ ਮਨੁੱਖ ਲਈ ਇੱਥੇ ਜੀਵਨ ਬਸਰ ਕਰਨ ਲਈ ਨਾਕਾਫ਼ੀ ਹੈ। ਇਸ 20 ਸਾਲ ਦੇ ਕੈਨੇਡਾ ਦੇ 'ਸਟੇਅ' ਨੇ 2014 ਤੋਂ ਬਾਅਦ ਆਉਣ ਵਾਲੇ ਸੀਨੀਅਰਾਂ ਨੂੰ ਜੀ.ਆਈ.ਐੱਸ. ਜੋ ਕਿ ਇੱਥੇ 'ਸੋਸ਼ਲ ਸਕਿਉਰਿਟੀ' ਦਾ ਅਹਿਮ ਹਿੱਸਾ ਹੈ, ਤੋਂ ਵਿਰਵੇ ਕਰ ਦਿੱਤਾ ਹੈ ਜੋ ਇੱਥੇ ਸੋਸ਼ਲ ਸਕਿਉਰਿਟੀ ਦਾ ਅਹਿਮ ਹਿੱਸਾ ਹੈ ਅਤੇ ਇਹ ਉਨ੍ਹਾਂ ਦੇ ਲਈ ਵੱਡੀ ਬੇ-ਇਨਸਾਫ਼ੀ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੇਸ਼ੱਕ ਐਸੋਸੀਏਸ਼ਨ ਨੂੰ ਇਸ ਸਬੰਧੀ ਬਰੈਂਪਟਨ ਦੇ ਪਾਰਲੀਮੈਂਟ ਮੈਂਬਰਾਂ ਤੇ ਮਨਿਸਟਰ ਮਾਰਕ ਮਿਲਰ ਵੱਲੋਂ 'ਹਾਂ-ਪੱਖੀ' ਹੁੰਗਾਰਾ ਮਿਲਿਆ ਹੈ, ਪਰ ਇਹ ਕਾਫ਼ੀ ਨਹੀਂ ਹੈ, ਸਗੋਂ ਇਸ ਦੇ ਲਈ ਵੱਡੀ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ ਜਿਸ ਦੇ ਲਈ ਕੇਵਲ ਸੀਨੀਅਰਜ਼ ਕਲੱਬਾਂ ਦੇ ਹੀ ਨਹੀਂ, ਸਗੋਂ ਸਮੂਹ ਸਮਾਜਿਕ, ਸੱਭਿਆਚਾਰਕ ਤੇ ਧਾਰਮਿਕ ਸੰਸਥਾਵਾਂ ਅਤੇ ਹੋਰ ਕਮਿਊਨਿਟੀਆਂ ਦੇ ਸਹਿਯੋਗ ਦੀ ਵੀ ਲੋੜ ਹੈ। ਉਨ੍ਹਾਂ ਸਮੂਹ ਸੰਸਥਾਵਾਂ ਨੂੰ ਆਪੋ-ਆਪਣੇ ਪਾਰਲੀਮੈਂਟ ਮੈਂਬਰਾਂ ਨਾਲ ਸੰਪਰਕ ਕੇ ਉਨ੍ਹਾਂ ਨੂੰ ਇਸਦੇ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ ਤਾਂ ਜੋ ਉਹ ਇਸ ਅਹਿਮ ਮੁੱਦੇ ਨੂੰ ਚੱਲ ਰਹੇ ਇਸ ਸੈਸ਼ਨ ਵਿੱਚ ਉਠਾਉਣ। ਉਨ੍ਹਾਂ ਹੋਰ ਕਿਹਾ ਕਿ ਜੇਕਰ ਸਰਕਾਰ ਕੈਨੇਡਾ ਵਿੱਚ ਸੀਨੀਅਰਜ਼ ਦੇ 'ਸਟੇਅ' ਦੇ ਇਸ ਬੇਲੋੜੇ ਵਾਧੇ ਨੂੰ ਵਾਪਸ ਲੈ ਕੇ 10 ਸਾਲ ਸਟੇਅ ਵਾਲੀ ਕਲਾਜ਼ ਕਿਸੇ ਕਾਰਨ ਮੁੜ ਲਾਗੂ ਨਹੀਂ ਕਰ ਸਕਦੀ ਤਾਂ ਉਸ ਨੂੰ ਸਬੰਧਿਤ ਸੀਨੀਅਰਾਂ ਨੂੰ ਗੁਜ਼ਾਰੇ-ਭੱਤੇ ਵਜੋਂ ਏਨੀ ਕੁ ਵਿੱਤੀ-ਸਹਾਇਤਾ ਜ਼ਰੂਰ ਦੇਣੀ ਚਾਹੀਦੀ ਹੈ, ਜਿਸ ਨਾਲ ਉਹ ਆਸਾਨੀ ਨਾਲ ਆਪਣਾ ਜੀਵਨ ਬਤੀਤ ਕਰ ਸਕਣ।

ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਬੁਢਾਪਾ 'ਸਿਆਣਪਾਂ ਦੀ ਪੰਡ' ਹੁੰਦੀ ਹੈ। ਇਹ ਬੱਚਿਆਂ ਨੂੰ ਪਿਆਰ ਨਾਲ ਝੂਠੀ-ਮੂਠੀ ਡਰਾਉਣ ਵਾਲਾ 'ਖੂੰਡਾ' ਤੇ ਘਰ ਦਾ 'ਤਾਲਾ' ਹੁੰਦਾ ਹੈ ਅਤੇ ਇਸ ਨੂੰ ਸੰਭਾਲਣ ਦੀ ਲੋੜ ਹੈ। ਸਾਡੀਆਂ ਸਰਕਾਰਾਂ ਜੋ ਕਿ ਪਰਿਵਾਰਾਂ ਨੂੰ 'ਮਿਲਾਉਣ' ਦੀ ਗੱਲ ਕਰਦੀਆਂ ਹਨ ਅਤੇ ਓਸੇ ਧਾਰਨਾ ਤਹਿਤ ਮਾਪਿਆਂ ਤੇ ਪੜ੍ਹ-ਮਾਪਿਆਂ ਨੂੰ ਇੱਥੇ ਸੱਦਣ ਲਈ ਉਨ੍ਹਾਂ ਦੇ ਵੱਲੋਂ ਸਮੇਂ-ਸਮੇਂ ਵੀਜ਼ੇ ਜਾਰੀ ਕੀਤੇ ਜਾਂਦੇ ਹਨ, ਦਾ ਫਰਜ਼ ਬਣਦਾ ਹੈ ਕਿ ਉਹ ਬਜ਼ੁਰਗਾਂ ਨੂੰ ਸੰਭਾਲਣ ਦੀ ਇਸ ਅਹਿਮ ਜ਼ਿੰਮੇਂਵਾਰੀ ਤੋਂ ਪਾਸਾ ਨਾ ਵੱਟਣ ਅਤੇ ਉਨ੍ਹਾਂ ਦੇ ਬੁਢਾਪੇ ਨੂੰ ਸੁਰੱਖ਼ਿਅਤ ਰੱਖਣ ਲਈ ਬੁਢਾਪਾ ਪੈੱਨਸ਼ਨ ਦੇਣ ਦੀ ਇਖ਼ਲਾਕੀ ਜ਼ਿੰਮੇਂਵਾਰੀ ਨੂੰ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਇੱਥੋਂ ਦੇ ਪੱਕੇ ਵਸਨੀਕ ਬੱਚਿਆਂ ਦੇ ਮਾਪੇ ਤੇ ਪੜ੍ਹ-ਮਾਪੇ ਇੱਥੇ ਆਉਣ ਤੋਂ ਬਾਅਦ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ-ਵੱਟ ਕੇ ਇੱਥੇ ਪੂੰਜੀ ਨਿਵੇਸ਼ ਕਰਕੇ ਕੈਨੇਡਾ ਦੇ ਅਰਥਚਾਰੇ ਵਿੱਚ ਲਗਾਤਾਰ ਵਾਧਾ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਇੱਥੇ ਆਪਣੇ ਪੋਤਰੇ/ਪੋਤਰੀਆਂ ਤੇ ਦੋਹਤੇ/ਦੋਹਤੀਆਂ ਨੂੰ ਸੰਭਾਲਦੇ ਹਨ ਜਿਸ ਸਦਕਾ ਉਨ੍ਹਾਂ ਦੇ ਬੱਚੇ (ਪਤੀ/ਪਤਨੀ, ਭਾਵ ਦੋਵੇਂ ਜੀਅ) ਆਪਣੇ ਕੰਮਾਂ 'ਤੇ ਜਾਂਦੇ ਹਨ ਅਤੇ ਕੈਨੇਡਾ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵੱਡੀ ਧਿਰ ਬਣ ਰਹੇ ਹਨ। ਇਸ ਤਰ੍ਹਾਂ ਇਹ ਬਜ਼ੁਰਗ ਇਸ ਦੇਸ਼ 'ਤੇ ਕੋਈ 'ਬੋਝ' ਨਹੀਂ ਹਨ, ਸਗੋਂ ਉਹ ਇਸ ਦਾ 'ਭਾਰ' ਵੰਡਾ ਰਹੇ ਹਨ। ਇਸ ਦੌਰਾਨ ਵੱਖ-ਵੱਖ ਸੀਨੀਅਰਜ਼ ਕਲੱਬਾਂ ਤੋਂ ਆਏ ਹਰਪਾਲ ਸਿੰਘ ਤੇਜਾ, ਬਲਵਿੰਦਰ ਸਿੰਘ ਰਿਆੜ ਤੇ ਕਈ ਹੋਰਨਾਂ ਵੱਲੋਂ ਵੀ ਇਸ ਦੇ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਮੀਟਿੰਗ ਦੇ ਇਸ ਸਮੁੱਚੇ ਪ੍ਰੋਗਰਾਮ ਨੂੰ ਸੀਨੀਅਰ ਪੱਤਰਕਾਰ ਨਿਤਿਨ ਚੌਪੜਾ ਵੱਲੋਂ 'ਕੈਮਰਾਬੰਦ' ਕੀਤਾ ਗਿਆ ਅਤੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਜੰਗੀਰ ਸਿੰਘ ਸੈਂਹਬੀ, ਪ੍ਰੀਤਮ ਸਿੰਘ ਸਰਾਂ ਤੇ ਅਮਰੀਕ ਸਿੰਘ ਕੁਮਰੀਆ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਕੇ ਉਨ੍ਹਾਂ ਦੇ ਵਿਚਾਰਾਂ ਨੂੰ ਮੀਟਿੰਗ ਦੀ ਕਾਰਵਾਈ ਸਮੇਤ ਇੱਕ ਡਾਕੂਮੈਂਟਰੀ ਦਾ ਰੂਪ ਦੇ ਕੇ ਇਸ ਨੂੰ ਅਗਲੇ ਦਿਨਾਂ 'ਚ ਟੀ.ਵੀ. ਦੇ ਪ੍ਰੋਗਰਾਮਾਂ ਲਈ ਭੇਜਣਗੇ। ਅਖ਼ੀਰ ਵਿੱਚ ਪ੍ਰਧਾਨਗੀ-ਮੰਡਲ ਵਿੱਚ ਸੁਸ਼ੋਭਿਤ ਇਸ ਇਕੱਤਰਤਾ ਦੀ ਪ੍ਰਧਾਨਗੀ ਕਰ ਰਹੇ ਮਾਊਂਟੇਨਐਸ਼ ਸੀਨੀਅਰਜ਼ ਕਲੱਬ ਦੇ ਪ੍ਰਧਾਨ ਚਰਨਜੀਤ ਸਿੰਘ ਢਿੱਲੋਂ ਵੱਲੋਂ ਸੈਮੀਨਾਰ ਦੀ ਮੁੱਖ-ਬੁਲਾਰਾ ਅਮੀਨਾ ਹਨੀਫ਼, ਨਿਤਿਨ ਚੌਪੜਾ, ਸੀਨੀਅਰਜ਼ ਕਲੱਬਾਂ ਦੇ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਚਾਹ-ਪਾਣੀ ਤੇ ਸਨੈਕਸ ਦੀ ਸੇਵਾ ਉੱਘੇ ਰਿਆਲਟਰ ਗਿਆਨ ਸਿੰਘ ਨਾਗਰਾ ਵੱਲੋਂ ਨਿਭਾਈ ਗਈ। ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।










ਪੰਜਾਬ ਸਟਾਰ
www.punjabstar.com

# ਸ਼ਹਿਦ ਦੀ ਆਮ ਜੀਵਨ 'ਚ ਮਹੱਤਤਾ

ਸ਼ਹਿਦ ਪ੍ਰਾਚੀਨ ਕਾਲ ਤੋਂ ਹੀ ਇੱਕ ਕੁਦਰਤੀ ਭੋਜਨ ਅਤੇ ਔਸ਼ਧੀ ਪਦਾਰਥ ਵਜੋਂ ਵਰਤਿਆ ਜਾਂਦਾ ਆ ਰਿਹਾ ਹੈ। ਆਧੁਨਿਕ ਵਿਗਿਆਨਕ ਖੋਜਾਂ ਨੇ ਇਸਦੇ ਕਈ ਪਰੰਪਰਾਗਤ ਉਪਯੋਗਾਂ ਦੀ ਪੁਸ਼ਟੀ ਕੀਤੀ ਹੈ ਅਤੇ ਸ਼ਹਿਦ ਨੂੰ ਇੱਕ ਜਟਿਲ ਜੈਵ-ਸਕ੍ਰਿਆਸ਼ੀਲ ਪਦਾਰਥ ਸਾਬਤ ਕੀਤਾ ਹੈ, ਜਿਸ ਵਿੱਚ ਰੋਗ-ਪ੍ਰਤੀਰੋਧਕ ਤੰਤ੍ਰ ਨੂੰ ਸੰਤੁਲਿਤ ਕਰਨ ਵਾਲੇ (ਇਮਿਊਨੋਮੋਡਿਊਲੇਟਰੀ), ਜੀਵਾਣੂ-ਨਾਸ਼ਕ, ਐਂਟੀਆਕਸੀਡੈਂਟ ਅਤੇ ਪਾਚਨ ਸੰਬੰਧੀ ਲਾਭ ਮੌਜੂਦ ਹਨ।

ਸ਼ਹਿਦ ਇੱਕ ਕੁਦਰਤੀ ਮਿੱਠਾ ਪਦਾਰਥ ਹੈ ਜੋ ਐਪਿਸ ਪ੍ਰਜਾਤੀ ਦੀਆਂ ਮੱਖੀਆਂ ਫੁੱਲਾਂ ਦੇ ਰਸ ਤੋਂ ਤਿਆਰ ਕਰਦੀਆਂ ਹਨ। ਰਸਾਇਣਕ ਤੌਰ 'ਤੇ ਇਹ ਸ਼ੱਕਰਾਂ—ਮੁੱਖ ਤੌਰ 'ਤੇ ਫਰਕਟੋਜ਼ ਅਤੇ ਗਲੂਕੋਜ਼—ਦਾ ਇੱਕ ਅਤਿ-ਸੰਤ੍ਰਿਪਤ ਘੋਲ ਹੁੰਦਾ ਹੈ, ਜਿਸ ਵਿੱਚ ਐਂਜ਼ਾਈਮ, ਐਮੀਨੋ ਐਸਿਡ, ਆਰਗੈਨਿਕ ਐਸਿਡ, ਵਿਟਾਮਿਨ, ਖਨਿਜ, ਪੌਲੀਫੀਨੋਲ ਅਤੇ ਯੋਗਿਕ ਵੀ ਸ਼ਾਮਲ ਹੁੰਦੇ ਹਨ। ਰਿਫਾਇੰਡ ਚੀਨੀ ਤੋਂ ਭਿੰਨ, ਸ਼ਹਿਦ ਇੱਕ ਜੈਵਿਕ ਤੌਰ 'ਤੇ ਸਰਗਰਮ ਭੋਜਨ ਹੈ, ਜਿਸ ਦੇ ਔਸ਼ਧੀ ਗੁਣ ਸਿਰਫ਼ ਕੈਲੋਰੀਆਂ ਤੱਕ ਸੀਮਤ ਨਹੀਂ। ਫੰਕਸ਼ਨਲ ਭੋਜਨਾਂ ਅਤੇ ਕੁਦਰਤੀ ਰੋਗ-ਪ੍ਰਤੀਰੋਧ ਵੱਧਾਉਣ ਵਾਲੇ ਪਦਾਰਥਾਂ ਪ੍ਰਤੀ ਵੱਧ ਰਹੀ ਰੁਚੀ ਨਾਲ, ਸ਼ਹਿਦ ਨੂੰ ਪੋਸ਼ਣ ਵਿਗਿਆਨ, ਰੋਕਥਾਮੀ ਇਲਾਜ਼ ਅਤੇ ਇਕਾਈਕ੍ਰਿਤ ਸਿਹਤ ਸੰਭਾਲ ਵਿੱਚ ਨਵੀਂ ਮਹੱਤਤਾ ਮਿਲੀ ਹੈ।



**ਪੋਸ਼ਣਾਤਮਕ ਅਤੇ ਜੀਵ-ਰਸਾਇਣਕ ਸੰਰਚਨਾ**

ਸ਼ਹਿਦ ਵਿੱਚ ਲਗਭਗ 80% ਕਾਰਬੋਹਾਈਡਰੇਟ, 17-18% ਪਾਣੀ ਅਤੇ ਥੋੜ੍ਹੀ ਮਾਤਰਾ ਵਿੱਚ ਪ੍ਰੋਟੀਨ, ਐਂਜ਼ਾਈਮ (ਜਿਵੇਂ ਇਨਵਰਟੇਜ਼, ਗਲੂਕੋਜ਼ ਆਕਸੀਡੇਜ਼ ਅਤੇ ਕੈਟਾਲੇਜ਼), ਖਨਿਜ (ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਲੋਹਾ), ਵਿਟਾਮਿਨ (ਬੀ-ਕੰਪਲੈਕਸ, ਅਤੇ ਘੱਟ ਮਾਤਰਾ ਵਿੱਚ ਵਿਟਾਮਿਨ ਸੀ) ਅਤੇ ਐਂਟੀਆਕਸੀਡੈਂਟ—ਜਿਵੇਂ ਫਲੇਵਨੋਇਡ ਅਤੇ ਫੀਨੋਲਿਕ ਐਸਿਡ—ਮੌਜੂਦ ਹੁੰਦੇ ਹਨ। ਇਹ ਸਾਰੇ ਤੱਤ ਮਿਲ ਕੇ ਸ਼ਹਿਦ ਦੇ ਸਰੀਰਕ ਲਾਭਾਂ ਵਿੱਚ ਯੋਗਦਾਨ ਪਾਉਂਦੇ ਹਨ।

ਖਾਸ ਤੌਰ 'ਤੇ ਗਲੂਕੋਜ਼ ਆਕਸੀਡੇਜ਼ ਇੱਕ ਮਹੱਤਵਪੂਰਨ ਐਂਜ਼ਾਈਮ ਹੈ, ਜੋ ਸ਼ਹਿਦ ਪਤਲਾ ਹੋਣ 'ਤੇ ਹਾਈਡਰੋਜਨ ਪਰਆਕਸਾਈਡ ਦੀ ਘੱਟ ਮਾਤਰਾ ਪੈਦਾ ਕਰਦਾ ਹੈ। ਇਹ ਜੀਵਾਣੂ-ਨਾਸ਼ਕ ਪ੍ਰਭਾਵ ਪ੍ਰਦਾਨ ਕਰਦਾ ਹੈ ਬਿਨਾਂ ਟਿਸ਼ੂਜ਼ ਨੂੰ ਨੁਕਸਾਨ ਪਹੁੰਚਾਏ। ਆਮ ਤੌਰ 'ਤੇ ਗੂੜ੍ਹੇ ਰੰਗ ਵਾਲੇ ਸ਼ਹਿਦ ਵਿੱਚ ਐਂਟੀਆਕਸੀਡੈਂਟ ਵੱਧ ਮਾਤਰਾ ਵਿੱਚ ਹੁੰਦੇ ਹਨ, ਜੋ ਰੋਗ-ਪ੍ਰਤੀਰੋਧਕ ਅਤੇ ਮੈਟਾਬੋਲਿਕ ਸਿਹਤ ਲਈ ਲਾਭਦਾਇਕ ਹਨ।

**ਸ਼ਹਿਦ ਅਤੇ ਰੋਗ-ਪ੍ਰਤੀਰੋਧਕ ਤੰਤ੍ਰ ਦੀ ਮਜ਼ਬੂਤੀ**

ਸ਼ਹਿਦ ਦੀ ਇਮਿਊਨ ਵਧਾਉਣ ਵਾਲੀ ਸਮਰੱਥਾ ਕਈ ਤਰੀਕਿਆਂ ਰਾਹੀਂ ਸਾਬਤ ਹੁੰਦੀ ਹੈ:

ਐਂਟੀਆਕਸੀਡੈਂਟ ਗਤੀਵਿਧੀ

ਸ਼ਹਿਦ ਵਿੱਚ ਮੌਜੂਦ ਪੌਲੀਫੀਨੋਲ ਮੁਫ਼ਤ ਰੈਡੀਕਲਾਂ ਨੂੰ ਨਿਸ਼ਕ੍ਰਿਆ ਕਰਦੇ ਹਨ, ਜਿਸ ਨਾਲ ਆਕਸੀਡੇਟਿਵ ਤਣਾਅ ਘੱਟਦਾ ਹੈ। ਇਹ ਤਣਾਅ ਰੋਗ-ਪ੍ਰਤੀਰੋਧਕ ਕਮਜ਼ੋਰੀ, ਲੰਬੇ ਸਮੇਂ ਦੀ ਸੋਜ਼ ਅਤੇ ਬੁਢ਼ਾਪੇ ਦਾ ਇੱਕ ਮੁੱਖ ਕਾਰਕ ਹੈ। ਤਣਾਅ ਘਟਣ ਨਾਲ ਇਮਿਊਨ ਸੈੱਲ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਦੇ ਹਨ।

**ਜੀਵਾਣੂ-ਨਾਸ਼ਕ ਅਤੇ ਵਾਇਰਸ-ਰੋਕੂ ਪ੍ਰਭਾਵ**

ਸ਼ਹਿਦ ਵਿਆਪਕ ਜੀਵਾਣੂ-ਨਾਸ਼ਕ ਗੁਣ ਰੱਖਦਾ ਹੈ। ਇਸਦਾ ਘੱਟ ਪੀ ਐਚ ਪੂ, ਆਸਮੋਟਿਕ ਪ੍ਰਭਾਵ, ਹਾਈਡਰੋਜਨ ਪਰਆਕਸਾਈਡ ਦੀ ਉਤਪੱਤੀ ਅਤੇ ਜੈਵਿਕ ਸਰਗਰਮ ਯੋਗਿਕ ਮਿਲ ਕੇ ਜੀਵਾਣੂਆਂ ਦੇ ਵਾਧੇ ਨੂੰ ਰੋਕਦੇ ਹਨ, ਜਿਸ ਨਾਲ ਸਰੀਰ 'ਤੇ ਸੰਕ੍ਰਮਣ ਦਾ ਭਾਰ ਘਟਦਾ ਹੈ।

**ਇਮਿਊਨੋਮੋਡਿਊਲੇਸ਼ਨ**

ਖੋਜਾਂ ਦਰਸਾਉਂਦੀਆਂ ਹਨ ਕਿ ਸ਼ਹਿਦ ਮੋਨੋਸਾਈਟਸ ਵੱਲੋਂ ਸਾਇਟੋਕਾਈਨ ਉਤਪਾਦਨ ਨੂੰ ਉਤਸ਼ਾਹਿਤ ਕਰ ਸਕਦਾ ਹੈ, ਜਿਸ ਨਾਲ ਜਨਮਜਾਤ ਅਤੇ ਅਨੁਕੂਲ ਦੋਵਾਂ ਤਰ੍ਹਾਂ ਦੀਆਂ ਰੋਗ-ਪ੍ਰਤੀਰੋਧਕ ਪ੍ਰਤਿਕਿਰਿਆਵਾਂ ਸਰਗਰਮ ਹੁੰਦੀਆਂ ਹਨ। ਇਹ ਪ੍ਰਭਾਵ ਬਿਨਾਂ ਸੋਜ਼ ਪੈਦਾ ਕੀਤੇ ਸੰਕ੍ਰਮਣਾਂ ਨਾਲ ਲੜਨ ਵਿੱਚ ਮਦਦ ਕਰਦਾ ਹੈ।

**ਸਾਹ ਸੰਬੰਧੀ ਸਿਹਤ ਵਿੱਚ ਸਹਾਇਤਾ**

ਸ਼ਹਿਦ ਖੰਘ ਨੂੰ ਸ਼ਾਂਤ ਕਰਦਾ ਹੈ, ਗਲੇ ਦੀ ਖਾਰਿਸ਼ ਘਟਾਉਂਦਾ ਹੈ ਅਤੇ ਉੱਪਰੀ ਸਾਹ ਰੋਗਾਂ ਦੌਰਾਨ ਨੀਂਦ ਦੀ ਗੁਣਵੱਤਾ ਸੁਧਾਰਦਾ ਹੈ, ਜਿਸ ਨਾਲ ਰੋਗ-ਪ੍ਰਤੀਰੋਧਕ ਪੁਨਰ-ਸਥਾਪਨਾ ਵਿੱਚ ਮਦਦ ਮਿਲਦੀ ਹੈ।

**ਪਾਚਨ ਸਿਹਤ ਵਿੱਚ ਸ਼ਹਿਦ ਦੀ ਭੂਮਿਕਾ**

ਸ਼ਹਿਦ ਪਚਨ ਤੰਤ੍ਰ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ:

ਪ੍ਰੀਬਾਇਓਟਿਕ ਗੁਣ

ਸ਼ਹਿਦ ਵਿੱਚ ਓਲਿਗੋਸੈਕਰਾਈਡ ਹੁੰਦੇ ਹਨ, ਜੋ ਪ੍ਰੀਬਾਇਓਟਿਕ ਵਜੋਂ ਕੰਮ ਕਰਦੇ ਹੋਏ ਲੈਕਟੋਬੈਸਿਲਸ ਅਤੇ ਬਿਫੀਡੋਬੈਕਟੀਰੀਅਮ ਵਰਗੀਆਂ ਲਾਭਦਾਇਕ ਸੂਖਮ ਜੀਵੀ ਬੈਕਟੀਰੀਆ ਦੀ ਗਿਣਤੀ ਵਿੱਚ ਵਾਧਾ ਕਰਦੇ ਹਨ। ਸਿਹਤਮੰਦ ਗਟ ਮਾਈਕ੍ਰੋਬਾਇਓਮ ਪਾਚਨ, ਪੋਸ਼ਕ ਤੱਤਾਂ ਦੀ ਜਜ਼ਬੀਅਤ ਅਤੇ ਇਮਿਊਨ ਨਿਯੰਤਰਣ ਲਈ ਜ਼ਰੂਰੀ ਹੈ।

**ਜਠਰ-ਸੁਰੱਖਿਆ ਪ੍ਰਭਾਵ**

ਸ਼ਹਿਦ ਪੇਟ ਦੀ ਅੰਦਰੂਨੀ ਪਰਤ ਦੀ ਰੱਖਿਆ ਕਰਦਾ ਹੈ, ਤੇਜ਼ਾਬ ਕਾਰਨ ਹੋਣ ਵਾਲੀ ਸੱਟ ਫੇਟਾਂ ਨੂੰ ਘਟਾਉਂਦਾ ਹੈ।

**ਪਾਚਨ ਵਿੱਚ ਸੁਧਾਰ**

ਸ਼ਹਿਦ ਦੇ ਐਂਜ਼ਾਈਮ ਕਾਰਬੋਹਾਈਡਰੇਟ ਦੇ ਪਾਚਨ ਵਿੱਚ ਮਦਦ ਕਰਦੇ ਹਨ। ਗਰਮ ਪਾਣੀ ਨਾਲ ਲੈਣ 'ਤੇ ਇਸਦਾ ਹਲਕਾ ਜੁਲਾਬੀ ਪ੍ਰਭਾਵ ਕਬਜ਼ ਦੂਰ ਕਰਨ ਵਿੱਚ ਸਹਾਇਕ ਹੁੰਦਾ ਹੈ।

**ਸੋਜ਼ ਵਿੱਚ ਕਮੀ**

ਸ਼ਹਿਦ ਦੇ ਐਂਟੀ-ਇਨਫਲਾਮੇਟਰੀ ਗੁਣ ਅੰਤੜੀਆਂ ਦੀ ਅੰਦਰੂਨੀ ਪਰਤ ਨੂੰ ਸ਼ਾਂਤ ਕਰਦੇ ਹਨ, ਜਿਸ ਨਾਲ ਪੇਟ ਦੇ ਰੋਗਾਂ ਵਾਲੇ ਲੱਛਣਾਂ ਵਿੱਚ ਲਾਭ ਮਿਲਦਾ ਹੈ।

**ਸ਼ਹਿਦ ਵਰਤਣ ਦੇ ਆਮ ਤਰੀਕੇ**

ਸ਼ਹਿਦ ਨੂੰ ਰੋਜ਼ਾਨਾ ਜੀਵਨ ਵਿੱਚ ਕਈ ਸਿਹਤ-ਵਧਾਉਣ ਵਾਲੇ ਤਰੀਕਿਆਂ ਨਾਲ ਸ਼ਾਮਲ ਕੀਤਾ ਜਾ ਸਕਦਾ ਹੈ:

**ਗਰਮ ਪਾਣੀ ਨਾਲ ਸ਼ਹਿਦ:**
ਸਵੇਰੇ ਲੈਣ ਨਾਲ ਪਾਚਨ ਅਤੇ ਕਬਜ਼ ਰੋਗ ਵਿੱਚ ਮਦਦ।

**ਨੀਂਬੂ ਜਾਂ ਅਦਰਕ ਨਾਲ ਸ਼ਹਿਦ:**
ਰੋਗ-ਪ੍ਰਤੀਰੋਧ ਅਤੇ ਸਾਹ ਸਿਹਤ ਵਿੱਚ ਸੁਧਾਰ।

**ਦੁੱਧ ਨਾਲ ਸ਼ਹਿਦ:**
ਊਰਜਾ ਪ੍ਰਦਾਨ ਕਰਦਾ ਹੈ ਅਤੇ ਨੀਂਦ ਤੇ ਪੁਨਰ-ਸਥਾਪਨਾ ਵਿੱਚ ਸਹਾਇਕ।

**ਕੁਦਰਤੀ ਮਿੱਠਾਸ ਵਜੋਂ:**
ਚਾਹ, ਅਨਾਜ ਅਤੇ ਬੇਕਰੀ ਆਦਿ ਵਿੱਚ ਰਿਵਾਇੰਡ ਚੀਨੀ ਦੀ ਥਾਂ (ਸਾਵਧਾਨੀ ਨਾਲ)।

**ਬਾਹਰੀ ਅਤੇ ਔਸ਼ਧੀ ਉਪਯੋਗ:**
ਮੈਡੀਕਲ-ਗ੍ਰੇਡ ਸ਼ਹਿਦ ਜ਼ਖ਼ਮਾਂ ਦੀ ਸੰਭਾਲ ਵਿੱਚ ਜੀਵਾਣੂ-ਨਾਸ਼ਕ ਗੁਣਾਂ ਕਰਕੇ ਵਰਤਿਆ ਜਾਂਦਾ ਹੈ।

ਕੱਚਾ ਜਾਂ ਘੱਟ ਪ੍ਰਕਿਰਿਆ ਕੀਤਾ ਸ਼ਹਿਦ ਵਧੀਆ ਮੰਨਿਆ ਜਾਂਦਾ ਹੈ, ਕਿਉਂਕਿ ਜ਼ਿਆਦਾ ਗਰਮੀ ਨਾਲ ਐਂਜ਼ਾਈਮ ਅਤੇ ਐਂਟੀਆਕਸੀਡੈਂਟ ਗਤੀਵਿਧੀ ਘੱਟ ਸਕਦੀ ਹੈ।

**ਸ਼ਹਿਦ ਦੇ ਲਾਭ**

ਐਂਟੀਆਕਸੀਡੈਂਟ ਅਤੇ ਜੈਵਿਕ ਸਰਗਰਮ ਤੱਤਾਂ ਦਾ ਕੁਦਰਤੀ ਸਰੋਤ

ਰੋਗ-ਪ੍ਰਤੀਰੋਧਕ ਤੰਤ੍ਰ ਨੂੰ ਮਜ਼ਬੂਤ ਕਰਦਾ ਹੈ ਅਤੇ ਸੰਕ੍ਰਮਣ ਦੇ ਜੋਖ਼ਮ ਨੂੰ ਘਟਾਉਂਦਾ ਹੈ।

**ਪਾਚਨ ਅਤੇ ਗਟ ਸਿਹਤ ਵਿੱਚ ਸੁਧਾਰ**

ਜੀਵਾਣੂ-ਨਾਸ਼ਕ ਅਤੇ ਐਂਟੀ-ਇਨਫਲਾਮੇਟਰੀ ਗੁਣ

ਰਿਫਾਇੰਡ ਚੀਨੀ ਨਾਲੋਂ ਵਧੀਆ ਗਲਾਈਸੇਮਿਕ ਪ੍ਰਤੀਕਿਰਿਆ,ਜ਼ਖ਼ਮ ਭਰਨ ਅਤੇ ਸਾਹ ਸੰਬੰਧੀ ਬਿਮਾਰੀਆਂ ਵਿੱਚ ਔਸ਼ਧੀ ਸੰਭਾਵਨਾ।

**ਸ਼ਹਿਦ ਦੇ ਨੁਕਸਾਨ**

**ਉੱਚ ਸ਼ੱਕਰ ਸਮੱਗਰੀ:**
ਅਧਿਕ ਸੇਵਨ ਨਾਲ ਵਜ਼ਨ ਵੱਧ ਸਕਦਾ ਹੈ ਅਤੇ ਸ਼ੂਗਰ ਰੋਗੀਆਂ ਵਿੱਚ ਖੂਨ ਵਿੱਚ ਸ਼ੱਕਰ ਨਿਯੰਤਰਣ ਪ੍ਰਭਾਵਿਤ ਹੋ ਸਕਦਾ ਹੈ।

**ਮਿਲਾਵਟ ਦੀ ਸਮੱਸਿਆ:**
ਵਪਾਰਕ ਸ਼ਹਿਦ ਵਿੱਚ ਕਈ ਵਾਰ ਸਿਰਪ ਦੀ ਮਿਲਾਵਟ ਹੋ ਸਕਦੀ ਹੈ, ਜਿਸ ਨਾਲ ਪੋਸ਼ਟਿਕ ਮੁੱਲ ਘਟਦਾ ਹੈ।

**ਐਲਰਜੀ ਪ੍ਰਤੀਕਿਰਿਆਵਾਂ:**
ਕਦੇ-ਕਦੇ, ਖ਼ਾਸ ਕਰਕੇ ਪਰਾਗ ਐਲਰਜੀ ਵਾਲਿਆਂ ਵਿੱਚ।

ਇਸ ਲਈ, ਸ਼ਹਿਦ ਨੂੰ ਸੰਯਮ ਨਾਲ ਅਤੇ ਭਰੋਸੇਯੋਗ, ਉੱਚ-ਗੁਣਵੱਤਾ ਵਾਲੇ ਸਰੋਤਾਂ ਤੋਂ ਹੀ ਵਰਤਣਾ ਚਾਹੀਦਾ ਹੈ।


ਸ਼ਹਿਦ ਸਿਰਫ਼ ਇੱਕ ਕੁਦਰਤੀ ਮਿੱਠਾਸ ਨਹੀਂ, ਬਲਕਿ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਫੰਕਸ਼ਨਲ ਭੋਜਨ ਹੈ, ਜਿਸ ਦੀ ਇਲਾਜ਼ ਪ੍ਰਣਾਲੀ ਵਿੱਚ ਮਹੱਤਤਾ ਕਾਫ਼ੀ ਵੱਡੀ ਹੈ। ਰੋਗ-ਪ੍ਰਤੀਰੋਧਕ ਪ੍ਰਤਿਕਿਰਿਆਵਾਂ ਨੂੰ ਮਜ਼ਬੂਤ ਕਰਨਾ, ਪਾਚਨ ਸਿਹਤ ਦਾ ਸਮਰਥਨ ਕਰਨਾ, ਜੀਵਾਣੂਆਂ ਨਾਲ ਲੜਨਾ ਅਤੇ ਆਕਸੀਡੇਟਿਵ ਤਣਾਅ ਘਟਾਉਣਾ—ਇਹ ਸਭ ਗੁਣ ਸ਼ਹਿਦ ਨੂੰ ਰੋਕਥਾਮੀ ਪੋਸ਼ਣ ਅਤੇ ਸਮੂਹਕ ਸਿਹਤ ਸੰਭਾਲ ਵਿੱਚ ਇੱਕ ਕੀਮਤੀ ਸਹਾਇਕ ਬਣਾਉਂਦੇ ਹਨ। ਹਾਲਾਂਕਿ ਇਹ ਇਲਾਜ਼ ਇਲਾਜ ਦਾ ਬਦਲ ਨਹੀਂ, ਪਰ ਸੰਜਮ ਅਤੇ ਜਾਣਕਾਰੀ ਨਾਲ ਕੀਤਾ ਗਿਆ ਉਪਯੋਗ ਕੁੱਲ ਸਿਹਤ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ।



ਡਾ. ਸੁਰਿੰਦਰਪਾਲ ਸਿੰਘ,
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ,
ਪੰਜਾਬ

# ਹੈਲਥ ਅਲਰਟ
# ਕੈਂਸਰ: ਉਮਰ ਨਹੀਂ ਦੇਖਦਾ

ਹੈਲਥ ਅਲਰਟ ਸੀਰੀਜ਼ : (ਡਾ. ਅਨਿਲ ਧੀਰ) ਵਿਸ਼ਵ ਭਰ 'ਚ ਨਵਜਾਤ ਬੱਚੇ, ਨੌਜਵਾਨ, ਮੱਧ ਉਮਰ ਅਤੇ ਸੀਨੀਅਰਸ ਖਤਰਨਾਕ ਬਿਮਾਰੀ ਕੈਂਸਰ ਦੇ ਘੇਰੇ 'ਚ ਤੇਜ਼ੀ ਨਾਲ ਆ ਰਹੇ ਹਨ। ਕੈਂਸਰ ਦਾ ਅੰਕੜਾ ਹਰ ਮਿਨਟ ਵੱਧ ਰਿਹਾ ਹੈ।ਕੈਂਸਰ ਉਮਰ ਨਹੀਂ ਦੇਖਦਾ। ਆਮ ਤੌਰ 'ਤੇ ਕੈਂਸਰ ਜੈਨੇਟਿਕ ਤਬਦੀਲੀ ਕਾਰਨ ਹੁੰਦਾ ਹੈ, ਜੋ ਆਮ ਸੈੱਲ ਵਿਕਾਸ 'ਚ ਵਿਘਨ ਪਾਉਂਦੇ ਹਨ ਜੋ ਕਿ ਜੈਨੇਟਿਕ, ਜੀਵਨ ਸ਼ੈਲੀ ਅਤੇ ਵਾਤਾਵਰਣਕ ਕਾਕਕਾਂ ਦੇ ਸੁਮੇਲ ਦੁਆਰਾ ਚਲਾਇਆ ਜਾਂਦਾ ਹੈ।




- ਲਾਈਫ ਸਟਾਇਲ 'ਚ ਸੱਭ ਤੋਂ ਪਹਿਲਾਂ ਤੰਬਾਕੂ ਦੀ ਵਰਤੋਂ ਜਿਸ ਨਾਲ ਫੇਫੜੇ, ਮੂੰਹ, ਗਲੇ ਅਤੇ ਬਲੈਡਰ ਕੈਂਸਰ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।
- ਦੂਜੇ ਨੰਬਰ 'ਤੇ ਸ਼ਰਾਬ ਯਾਨਿ ਵਾਧੂ ਅਲਕੋਹਲ ਦਾ ਇਸਤੇਮਾਲ ਅਤੇ ਤਜਿ ਨੰਬਰ 'ਤੇ ਗੈਰ-ਸਿਹਤਮੰਦ ਖੁਰਾਕ 'ਚ ਫਲਾਂ-ਸਬਜੀਆਂ ਦੀ ਥਾਂ ਮਾਂਸ ਦਾ ਜ਼ਿਆਦਾ ਸੇਵਨ, ਸਰੀਰਕ ਐਕਟੀਵਿਟੀ ਘੱਟ ਕਰਨ ਨਾਲ ਤੇਜ਼ੀ ਨਾਲ ਵੱਧ ਰਿਹਾ ਮੋਟਾਪਾ।
- ਵਾਤਾਵਰਣਕ ਕਾਰਕਾਂ 'ਚ ਰੇਡੋਨ, ਐਸਬੈਸਟਸ, ਕੀਟਨਾਸ਼ਕਾਂ ਅਤੇ ਉਦਯੋਗਿਕ ਰਸਾਇਣਾਂ ਵਰਗੇ ਕਾਰਸੀਨੋਜਨਾਂ ਦੇ ਸੰਪਰਕ 'ਚ ਆਉਣ ਨਾਲ ਖਤਰਾ ਵੱਧ ਜਾਂਦਾ ਹੈ।
- **ਰੇਡੀਏਸ਼ਨ:** ਸੂਰਜ ਤੋਂ ਅਲਟਰਾਵਾਇਲਟ (ਯੂਵੀ) ਰੇਡੀਏਸ਼ਨ ਚਮੜੀ ਦੇ ਕੈਂਸਰ ਦਾ ਕਾਰਨ ਬਣਦਾ ਹੈ। ਜਦੋਂ ਕਿ ਆਇਓਨਾਈਜਿੰਗ ਰੇਡੀਏਸ਼ਨ ਜਿਵੇਂ ਕਿ ਐਕਸ-ਰੇ, ਰੇਡੋਨ ਗੈਸ ਹੋਰ ਕਿਸਮਾਂ ਦਾ ਕਾਰਨ ਬਣ ਸਕਦੀ ਹੈ।
- **ਸੰਕਰਮਣ (ਇਨਫੈਕਸ਼ਨ):** ਕੁੱਝ ਵਾਇਰਸ, ਬੈਕਟੀਰੀਆ ਅਤੇ ਪਰਜੀਵੀ- ਜਿਵੇਂ ਕਿ ਹਿਊਮਨ ਪੈਪੀਲੋਮਾਵਾਇਰਸ, ਹੈਪੇਟਾਈਟਸ ਬੀ ਅਤੇ ਸੀ 'ਤੇ ਹੈਲੀਕੋਬੈਕਟਰ ਪਾਈਲੋਰੀ ਕੈਂਸਰਾਂ ਨਾਲ ਜੁੜੇ ਹੋਏ ਹਨ।
- **ਜੈਨੇਟਿਕ ਕਾਰਕ:** ਵਿਰਾਸਤੀ ਜੈਨੇਟਿਕ ਤਬਦੀਲੀ ਜਿਵੇਂ ਕਿ ਬੀਆਰਸੀਏਆਈ 1/ਬੀਆਰਸੀਏ 2 ਲੋਕਾਂ ਨੂੰ ਕੁੱਝ ਖਾਸ ਕੈਂਸਰਾਂ ਦਾ ਸ਼ਿਕਾਰ ਬਣਾ ਸਕਦੇ ਹਨ।
- ਵੱਧ ਰਹੀ ਉਮਰ ਨਾਲ ਵੀ ਕੈਂਸਰ ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਬਹੁਤ ਸਾਰੇ ਕੇਸਾਂ ਵਿੱਚ 60-65 ਸਾਲ ਤੋਂ ਬਾਅਦ ਹੀ ਡਾਇਗਨੋਸ ਦੇਖਣ ਨੂੰ ਮਿਲਦਾ ਹੈ।



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

**ਖਿਆਲ ਰੱਖਣਾ ਜਰੂਰੀ ਹੋ ਗਿਆ ਹੈ:**

- ਆਪਣੀ ਫੈਮਿਲੀ ਹਿਸਟਰੀ ਨੂੰ ਨਜ਼ਰਅੰਦਾਜ਼ ਨਾ ਕਰੋ।
- ਤੰਬਾਕੂ ਖਾਣ ਅਤੇ ਸਿਗਰੇਟ-ਬੀੜੀ ਦੇ ਧੂੰਏ 'ਤੇ ਨਾਲ ਹੀ ਸੈਕੰਡਹੈਂਡ ਸਮੋਕ ਤੋਂ ਹਮੇਸ਼ਾ ਬਚੋ।
- ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਬਚਣ ਲਈ ਹਮੇਸ਼ਾ ਸਨਸਕ੍ਰੀਨ ਲੋਸ਼ਨ ਦੀ ਵਰਤੋਂ ਕਰੋ।
- ਬੈਠੋ ਘੱਟ ਵਰਕਆਉਟ ਜ਼ਿਆਦਾ ਕਰੋ। ਮੋਟਾਪਾ ਘਟਾਓਣ ਲਈ ਡੇਲੀ ਵਰਕਆਉਟ, ਯੋਗਾ, ਮੇਡੀਟੇਸ਼ਨ, ਤੇਜ਼ ਸੈਰ ਦੀ ਆਦਤ ਪਾ ਲਵੋ।
- ਤੇਜ਼ ਮਿਰਚ-ਮਸਾਲਿਆਂ ਨਾਲ ਤਿਆਰ ਜੰਕ-ਫੂਡ ਕਈ ਖਤਰਨਾਕ ਬਿਮਾਰੀਆਂ ਨੂੰ ਬੁਲਾਵਾ ਦੇ ਰਿਹਾ ਹੈ। ਗਰਭਵਤੀ ਔਰਤਾਂ ਖਾਸ ਖਿਆਲ ਰੱਖਣ।
- ਕਦੇ ਵੀ ਭੁੱਖ ਤੋਂ ਵੱਧ ਨਾ ਖਾਓ। ਮੌਸਮ ਮੁਤਾਬਿਕ ਲੋੜੀਂਦੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਲਵੋ।ਹਰੀ ਪੱਤੇਦਾਰ ਸਬਜ਼ੀਆਂ-ਫੱਲਾਂ ਜ਼ਿਆਦਾ ਸੇਵਨ ਕਰੋ। ਹੋਲਗ੍ਰੇਨ ਆਟੇ ਦੀ ਵਰਤੋਂ ਕਰੋ।
- ਘੱਟ ਉਮਰ 'ਚ ਅਲਕੋਹਲ ਦੀ ਵਰਤੋਂ ਲੜਕੀਆਂ ਜ਼ਿਆਦਾ ਕਰ ਰਹੀਆਂ ਹਨ ਜੋ ਕਿ ਚਿੰਤਾ ਅਤੇ ਖਤਰੇ ਵਾਲੀ ਗੱਲ ਹੈ। ਅਲਕੋਹਲ ਨੂੰ ਲਿਮਿਟ 'ਚ ਲੈ ਕੇ ਬਿਮਾਰੀ ਦੇ ਖਤਰੇ ਨੂੰ ਘੱਟ ਕਰੋ।
- **ਲੋੜੀਂਦੇ ਵੈਕਸੀਨੇਸ਼ਨ ਜਰੂਰ ਕਰਾਓ।**

**ਨੋਟ:** ਕੈਂਸਰ ਵਰਗੇ ਖਤਰਨਾਕ ਰੋਗਾਂ ਤੋਂ ਬਚਾਅ ਲਈ ਸਮੇਂ-ਸਮੇਂ 'ਤੇ ਆਪਣੀ ਬਿਮਾਰੀ ਮੁਤਾਬਿਕ ਸਹੀ ਇਲਾਜ਼ ਅਤੇ ਜਾਂਚ ਲਈ ਆਪਣੇ ਫੈਮਿਲੀ ਡਾਕਟਰ ਨੂੰ ਮਿਲਦੇ ਰਹੋ।

# ਸਾਵਧਾਨ ! ਕੀ ਗੱਲ-ਗੱਲ 'ਤੇ ਉਬਾਲਾ ਖਾਂਦਾ ਹੈ ਤੁਹਾਡਾ ਖੂਨ?

ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਚਿੜਚਿੜਾ ਹੋਣਾ, ਮੂਡ ਦਾ ਵਾਰ-ਵਾਰ ਬਦਲਣਾ (Moor Swings) ਅਤੇ ਇਕਾਗਰਤਾ ਦੀ ਕਮੀ ਇਹ ਸਭ ਸੰਕੇਤ ਹਨ ਕਿ ਤੁਹਾਡਾ ਮਨ ਅਸ਼ਾਂਤ ਹੈ। ਏਮਜ਼ (AIIMS) ਦਿੱਲੀ ਦੇ ਮਾਹਿਰਾਂ ਅਨੁਸਾਰ, ਇਸ ਨੂੰ ਸਿਰਫ਼ ਆਪਣਾ ਸੁਭਾਅ ਮੰਨ ਕੇ ਨਜ਼ਰਅੰਦਾਜ਼ ਕਰਨਾ ਖ਼ਤਰਨਾਕ ਹੋ ਸਕਦਾ ਹੈ।

**ਮਾਨਸਿਕ ਸਿਹਤ: ਇੱਕ ਵੱਡੀ ਚੁਣੌਤੀ**

ਵਿਸ਼ਵ ਸਿਹਤ ਸੰਗਠਨ (WHO) ਮਾਨਸਿਕ ਸਿਹਤ ਨੂੰ ਇੱਕ 'ਆਫ਼ਤ' ਘੋਸ਼ਿਤ ਕਰ ਚੁੱਕਾ ਹੈ। ਮਸ਼ੀਨੀ ਜ਼ਿੰਦਗੀ ਅਤੇ ਵਧ ਰਹੀ ਮੁਕਾਬਲੇਬਾਜ਼ੀ ਨੇ ਸਾਨੂੰ ਇਕੱਲਾ ਕਰ ਦਿੱਤਾ ਹੈ। ਹਰ ਵੇਲੇ ਹੱਸਦੇ-ਖੇਡਦੇ ਨਜ਼ਰ ਆਉਣ ਵਾਲੇ ਲੋਕ ਵੀ ਅੰਦਰੋਂ ਕਿਸੇ ਮਾਨਸਿਕ ਸਮੱਸਿਆ ਨਾਲ ਜੂਝ ਰਹੇ ਹੋ ਸਕਦੇ ਹਨ।

**ਕਾਰਟੀਸੋਲ (Cortisol) ਨੂੰ ਸਮਝੋ**

ਏਮਜ਼ ਦੇ ਸੀਨੀਅਰ ਮਨੋਵਿਗਿਆਨੀ ਡਾ. ਨੰਦ ਕੁਮਾਰ ਅਨੁਸਾਰ, ਜਦੋਂ ਅਸੀਂ ਤਣਾਅ ਜਾਂ ਗੁੱਸੇ ਵਿੱਚ ਹੁੰਦੇ ਹਾਂ ਤਾਂ ਸਰੀਰ ਵਿੱਚ ਕਾਰਟੀਸੋਲ ਨਾਮਕ ਸਟ੍ਰੈੱਸ ਹਾਰਮੋਨ ਵਧ ਜਾਂਦਾ ਹੈ। ਇਸ ਦੇ ਲਗਾਤਾਰ ਵਧਣ ਨਾਲ ਮਾਸਪੇਸ਼ੀਆਂ ਦੀ ਕਮੀ, ਮੋਟਾਪਾ ਅਤੇ ਇੰਸੁਲਿਨ ਦੀ ਸਮੱਸਿਆ ਹੋ ਸਕਦੀ ਹੈ। ਇਹ ਤੁਹਾਡੇ ਨਿੱਜੀ ਅਤੇ ਕੰਮਕਾਜੀ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

**ਮਨ ਦੇ 'ਐਂਟੀਬਾਡੀਜ਼'**

ਜਿਵੇਂ ਸਰੀਰ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਐਂਟੀਬਾਡੀਜ਼ ਹੁੰਦੇ ਹਨ, ਉਵੇਂ ਹੀ ਮਨ ਦੇ ਵੀ 16 ਅਜਿਹੇ ਸਰੋਤ ਹਨ ਜੋ ਨਕਾਰਾਤਮਕ ਵਿਚਾਰਾਂ ਤੋਂ ਰੱਖਿਆ ਕਰਦੇ ਹਨ। ਇਹਨਾਂ ਵਿੱਚ ਸ਼ਾਮਲ ਹਨ, ਸਕਾਰਾਤਮਕ ਸੋਚ ਅਤੇ ਭਾਵਨਾਵਾਂ ਨੂੰ ਕੰਟਰੋਲ ਕਰਨ ਦੀ ਸਮਰੱਥਾ। ਸਥਿਤੀ ਨੂੰ ਸੰਭਾਲਣ ਦੀ ਸਮਝ ਅਤੇ ਆਪਣੇ ਆਪ ਬਾਰੇ ਸਿਰਜਣਾਤਮਕ ਵਿਚਾਰ।

**ਬਚਾਅ ਦੇ ਤਰੀਕੇ: ਥੋੜ੍ਹੀ ਜਿਹੀ ਕੋਸ਼ਿਸ਼, ਵੱਡਾ ਅਸਰ**

ਮਾਈਂਡਫੁਲਨੈੱਸ (Mindfulness): ਮਨ ਨੂੰ ਵਰਤਮਾਨ ਵਿੱਚ ਕੇਂਦਰਿਤ ਕਰਨ ਦਾ ਅਭਿਆਸ ਕਰੋ।

**ਕਸਰਤ:** ਰੋਜ਼ਾਨਾ ਸੈਰ, ਤੈਰਾਕੀ ਜਾਂ ਜੋਗਿੰਗ ਕਰੋ, ਜਿਸ ਨਾਲ ਐਂਡੋਰਫਿਨ (ਓਨਦੋਰਪਹਿਨ) ਨਾਮਕ ਖੁਸ਼ੀ ਦੇ ਹਾਰਮੋਨ ਪੈਦਾ ਹੁੰਦੇ ਹਨ।

**ਨੀਂਦ ਅਤੇ ਖ਼ੁਰਾਕ:** ਪੂਰੀ ਨੀਂਦ ਲਓ ਅਤੇ ਚੰਗੀ ਖ਼ੁਰਾਕ ਖਾਓ ਤਾਂ ਜੋ ਕਾਰਟੀਸੋਲ ਦਾ ਪੱਧਰ ਘੱਟ ਰਹੇ।

**ਗੱਲ ਸਾਂਝੀ ਕਰੋ:** ਆਪਣੀਆਂ ਉਲਝਣਾਂ ਨੂੰ ਲੁਕਾਉਣ ਦੀ ਬਜਾਏ ਕਿਸੇ ਭਰੋਸੇਮੰਦ ਨਾਲ ਸਾਂਝੀਆਂ ਕਰੋ।

**ਇਹਨਾਂ ਸੰਕੇਤਾਂ ਨੂੰ ਨਾ ਕਰੋ ਨਜ਼ਰਅੰਦਾਜ਼**

ਨੀਂਦ ਦਾ ਵਾਰ-ਵਾਰ ਖੁੱਲ੍ਹਣਾ ਜਾਂ ਬਹੁਤ ਘੱਟ ਨੀਂਦ ਆਉਣਾ।
ਸਾਹ ਲੈਣ ਵਿੱਚ ਤਕਲੀਫ਼, ਗਰਦਨ ਜਾਂ ਪਿੱਠ ਵਿੱਚ ਲਗਾਤਾਰ ਦਰਦ।
ਆਪਣੇ ਆਪ ਨੂੰ ਬੇਕਾਰ ਸਮਝਣਾ ਜਾਂ ਭਵਿੱਖ ਪ੍ਰਤੀ ਨਿਰਾਸ਼ਾ।

ਭਾਰਤ ਵਿੱਚ ਪਿਛਲੇ 3-4 ਸਾਲਾਂ ਵਿੱਚ ਡਿਪਰੈਸ਼ਨ ਦੀਆਂ ਦਵਾਈਆਂ ਦੀ ਵਰਤੋਂ 64% ਤੱਕ ਵਧ ਗਈ ਹੈ। ਦੁਨੀਆ ਵਿੱਚ ਹਰ ਸਾਲ 7 ਲੱਖ ਤੋਂ ਵੱਧ ਲੋਕ ਮਾਨਸਿਕ ਪ੍ਰੇਸ਼ਾਨੀ ਕਾਰਨ ਖੁਦਕੁਸ਼ੀ ਕਰਦੇ ਹਨ।












# ਰਾਸ਼ੀਫਲ

**ਮੇਖ :** ਰਫਲ ਗੁੱਸਾ ਵਿਵਾਦ ਅਤੇ ਦੁਰਭਾਵਨਾ ਵਜਾਹ ਬਣ ਸਕਦੀ ਹੈ। ਅੱਜ ਕੋਈ ਦੇਣਦਾਰ ਬਿਨਾਂ ਦੱਸੇ ਤੁਹਾਡੇ ਖਾਤੇ ਵਿਚ ਪੈਸੇ ਪਵਾ ਸਕਦਾ ਹੈ ਜਿਸਦੇ ਬਾਰੇ ਵਿਚ ਜਾਣ ਕੇ ਤੁਸੀ ਅਚੰਭਿਤ ਅਤੇ ਖੁਸ਼ੀ ਵੀ ਹੋ ਸਕਦੀ ਹੈ ਪਰਿਵਾਰ ਦੀ ਕਿਸੇ ਮਹਿਲਾ ਮੈਂਬਰ ਦੀ ਸਿਹਤ ਚਿੰਤਾ ਦੀ ਵਜਾਹ ਬਣ ਸਕਦੀ ਹੈ। ਤੁਹਾਡਾ ਪਿਆਰ ਅੱਜ ਰੁਮਾਂਟਿਕ ਮੂਡ ਵਿਚ ਹੋਵੇਗਾ। ਕਿਸੇ ਅਜਿਹੇ ਨਵੇਂ ਉੱਦਮ ਨਾਲ ਜੁੜਨ ਤੋਂ ਬਚੋ ਜਿਸ ਵਿਚ ਕਈਂ ਭਾਗੀਦਾਰੀ ਹੋਣ ਅਤੇ ਜੇਕਰ ਲੋੜ ਪਵੇ ਤਾਂ ਉਨਾਂ ਲੋਕਾਂ ਦੀ ਰਾਏ ਲੈਣ ਵਿਚ ਝਿਜਕੋ ਜੋ ਤੁਹਾਡੇ ਕਰੀਬ ਹਨ। ਇਸ ਰਾਸ਼ੀ ਦੇ ਚਿੰਨ੍ਹ ਅੱਜ ਲੋਕਾਂ ਨੂੰ ਮਿਲਣ ਤੋਂ ਜਿਆਦਾ ਇਕੱਲੇਪਣ ਵਿਚ ਸਮਾਂ ਬਿਤਾਉਣਾ ਪਸੰਦ ਕਰਨਗੇ। ਅੱਜ ਤੁਹਾਡਾ ਖਾਲੀ ਸਮਾਂ ਘਰ ਦੀ ਸਾਫ ਸਫਾਈ ਵਿਚ ਬੀਤ ਸਕਦਾ ਹੈ। ਤੁਸੀ ਅੱਜ ਆਪਣੇ ਜੀਵਨਸਾਥੀ ਨਾਲ ਆਪਣੇ ਜੀਵਨ ਦਾ ਸਭ ਤੋਂ ਵਧੀਆ ਦਿਨ ਖਰਚ ਸਕਦੇ ਹੋ।

**ਬ੍ਰਿਸ਼ਭ:** ਗਰਭਵਤੀ ਔਰਤਾਂ ਲਈ ਅਤਿਰਿਕਤ ਤੌਰ ਤੇ ਸਾਵਧਾਨ ਰਹਿਣ ਦਾ ਦਿਨ ਹੈ। ਜਿਨਾਂ ਲੋਕਾਂ ਨੇ ਲੋਨ ਲਿਆ ਸੀ ਅੱਜ ਉਨਾਂ ਨੂੰ ਉਸ ਲੋਨ ਦੀ ਰਾਸ਼ੀ ਨੂੰ ਵਾਪਸ ਕਰਨ ਵਿਚ ਮੁਸ਼ਕਿਲ ਆ ਸਕਦੀ ਹੈ। ਪਿਤਾ ਦਾ ਸਖਤ ਵਿਵਹਾਰ ਤੁਹਾਨੂੰ ਨਾਰਾਜ਼ ਕਰ ਸਕਦਾ ਹੈ ਪਰੰਤੂ ਹਾਲਾਤ ਨੂੰ ਨਿਯੰਤਰਣ ਵਿਚ ਰੱਖਣ ਦੇ ਲਈ ਸ਼ਾਂਤ ਰਹੋ ਇਸ ਤੋਂ ਤੁਹਾਨੂੰ ਲਾਭ ਹੋਵੇਗਾ। ਤੁਹਾਡੇ ਮਹਿਬੂਬ ਨਾਲ ਕੁਝ ਸੰਬੰਧ ਵਿਗੜ ਸਕਦੇ ਹਨ ਤੁਹਾਨੂੰ ਆਪਣੇ ਸਾਥੀ ਨੂੰ ਆਪਣੀ ਸਥਿਤੀ ਸਮਝਾਉਣ ਵਿਚ ਮੁਸ਼ਕਿਲ ਹੋਵੇਗੀ। ਕਾਰੋਬਾਰ ਦੇ ਲਈ ਚੰਗਾ ਦਿਨ ਹੈ ਕਾਰੋਬਾਰ ਦੇ ਲਈ ਅਚਾਨਕ ਕੀਤੀ ਗਈ ਯਾਤਰਾ ਸਾਕਾਰਾਤਮਕ ਪਰਿਣਾਮ ਦੇਵੇਗੀ। ਇਸ ਰਾਸ਼ੀ ਚਿੰਨ੍ਹ ਵਾਲਿਆਂ ਨੂੰ ਅੱਜ ਖੁਦ ਦੇ ਲਈ ਕਾਫੀ ਸਮਾਂ ਮਿਲੇਗਾ ਇਸ ਸਮੇਂ ਦਾ ਉਪਯੋਗ ਤੁਸੀ ਆਪਣੇ ਸ਼ੌਂਕ ਨੂੰ ਪੂਰਾ ਕਰਨ ਦੇ ਲਈ ਜਿਵੇਂ ਕਿਤਾਬ ਪੜ੍ਹਨੀ ਜਾਂ ਪਸੰਦੀਦਾ ਸੰਗੀਤ ਸੁਣਨਾ। ਅੱਜ ਜੇਕਰ ਤੁਸੀ ਆਪਣੇ ਸਾਥੀ ਦੀਆਂ ਛੋਟੀ ਛੋਟੀ ਮੰਗਾਂ ਨੂੰ ਨਜ਼ਰਅੰਦਾਜ ਕਰੋਂਗੇ ਜਿਵੇਂ ਨਲਕੀਆਂ ਦੇ ਪਰਤਵੇ ਜਾਂ ਇਕ ਜੱਫੀ ਤਾਂ ਉਹ ਦੁਖੀ ਹੋ ਸਕਦਾ ਹੈ।

**ਮਿਥੁਨ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਕਿਸੇ ਕਰੀਬੀ ਦੋਸਤ ਦੀ ਮਦਦ ਨਾਲ ਅੱਜ ਕੁਝ ਕਾਰੋਬਾਰੀਆਂ ਨੂੰ ਚੰਗਾ ਖਾਸਾ ਧੰਨ ਲਾਭ ਹੋ ਸਕਦਾ ਹੈ ਇਹ ਪੈਸਾ ਤੁਹਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰ ਸਕਦਾ ਹੈ। ਜੇਕਰ ਤੁਸੀ ਹਰ ਇਕ ਦੀ ਮੰਗ ਪੂਰੀ ਕਰਨ ਦਾ ਕੋਸ਼ਿਸ਼ ਕਰੋਂਗੇ ਤਾਂ ਤੁਹਾਨੂੰ ਵੱਖੋ ਵੱਖਰੀਆਂ ਦਿਸ਼ਾਵਾਂ ਵਿਚ ਪਾ ਦਿੱਤਾ ਜਾਵੇਗਾ। ਅੱਜ ਤੁਸੀ ਆਪਣੇ ਦੀ ਸੰਘਰਸ਼ਾਂ ਨੂੰ ਆਪਣੇ ਜੀਵਨ ਸਾਥੀ ਨਾਲ ਸਾਂਝਾ ਕਰ ਸਕਦੇ ਹੋ ਹਾਲਾਂ ਕਿ ਇਸ ਦੀ ਬਜਾਏ ਉਹ ਆਪਣੀਆਂ ਮੁਸ਼ਕਿਲਾਂ ਬਾਰੇ ਦੱਸਣਾ ਸ਼ੁਰੂ ਕਰ ਦੇਣਗੇ ਜੋ ਤੁਹਾਨੂੰ ਵੱਧ ਪਰੇਸ਼ਾਨ ਕਰਨਗੇ। ਤੁਹਾਡਾ ਆਤਮਵਿਸ਼ਵਾਸ਼ ਤੁਹਾਡੀ ਪੇਸ਼ੇਵਰ ਜ਼ਿੰਦਗੀ ਵਿਚ ਖਾਸ ਅਸਰ ਛੱਡੇਗਾ ਇਹ ਦੂਜਿਆਂ ਨੂੰ ਤੁਹਾਡਾ ਨਜ਼ਰੀਆ ਸਮਝਾਉਣ ਅਤੇ ਉਨ੍ਹਾਂ ਦੀ ਮਦਦ ਹਾਸਿਲ ਕਰਨ ਵਿਚ ਮਦਦਗਾਰ ਕਾਰਗਰ ਸਿੱਧ ਹੋਵੇਗਾ। ਜਦੋਂ ਤੁਹਾਨੂੰ ਲਗਦਾ ਹੈ ਕਿ ਤੁਸੀ ਆਪਣੇ ਪਰਿਵਾਰ ਜਾਂ ਦੋਸਤਾਂ ਲਈ ਸਮਾਂ ਨਹੀਂ ਕੱਢ ਸਕਦੇ ਤਾਂ ਤੁਸੀ ਪਰੇਸ਼ਾਨ ਹੋ ਸਕਦੇ ਹੋ ਅੱਜ ਵੀ ਤੁਹਾਡੇ ਮਨ ਦੀ ਸਥਿਤੀ ਇਸੇ ਤਰਾਂ ਦੀ ਰਹਿ ਸਕਦੀ ਹੈ। ਅਸਜਤਾ ਦੀ ਵਜਾਹ ਨਾਲ ਤੁਸੀ ਵਿਆਹੁਤਾ ਜੀਵਨ ਵਿਚ ਖੁਦ ਨੂੰ ਫਸਿਆ ਹੋਇਆ ਮਹਿਸੂਸ ਕਰ ਸਕਦੇ ਹੋ ਤੁਹਾਨੂੰ ਲੋੜ ਹੈ ਜੀਵਨ ਸਾਥੀ ਨਾਲ ਗੱਲ ਬਾਤ ਦੀ।

**ਕਰਕ:** ਉਦਾਸ ਅਤੇ ਤਨਾਵ ਮਨ ਦੀ ਸ਼ਾਤੀ ਨੂੰ ਖਤਮ ਕਰ ਸਕਦਾ ਹੈ। ਜਿਨਾਂ ਲੋਕਾਂ ਨੇ ਜ਼ਮੀਨ ਖਰੀਦੀ ਸੀ ਅਤੇ ਹੁਣ ਉਸ ਨੂੰ ਵੇਚਣਾ ਚਾਹੁੰਦੇ ਹਨ ਉਨਾਂ ਨੂੰ ਅੱਜ ਚੰਗਾ ਖਰੀਦਦਾਰ ਮਿਲ ਸਕਦਾ ਹੈ ਅਤੇ ਜਮੀਨ ਵੇਚ ਕੇ ਚੰਗਾ ਮਿਲ ਸਕਦਾ ਹੈ। ਆਪਣੀ ਉਪਯੋਗਿਤਾ ਦੀ ਸ਼ਕਤੀ ਨੂੰ ਸਾਕਾਰਤਮਕ ਸੋਚ ਅਤੇ ਗੱਲਬਾਤ ਦੇ ਜ਼ਰੀਏ ਵਿਕਸਿਤ ਕਰੋ ਤਾਂ ਕਿ ਪਰਿਵਾਰ ਨੂੰ ਸਲਾਹ ਤੇ ਲੋਕਾਂ ਤੋਂ ਲਾਭ ਹੋਵੇ। ਆਪਣੇ ਪਿਆਰ ਦੇ ਨਾਲ ਸੈਰ ਸਪਾਟੇ ਤੇ ਜਾਂਦੇ ਸਮੇਂ ਬੀਤੇ ਅਨੁਭਵਾਂ ਨੂੰ ਸ਼ਿੱਦਤ ਨਾਲ ਜੀਵੋ। ਕੰਮਕਾਰ ਦੇ ਸਥਾਨ ਤੇ ਤੁਹਾਡੇ ਸਾਹਮਣੇ ਕਈਂ ਚਣੌਤੀਆਂ ਆਉਣਗੀਆਂ ਖਾਸ ਤੌਰ ਤੇ ਜੇਕਰ ਤੁਸੀ ਕੂਟਨੀਤਿਕ ਤਰੀਕੇ ਨਾਲ ਚੀਜਾਂ ਦਾ ਇਸਤੇਮਾਲ ਨਹੀਂ ਕਰੋਂਗੇ। ਅੱਜ ਦੇ ਦਿਨ ਖਰੀਦਦਾਰੀ ਅਤੇ ਹੋਰ ਗਤੀਵਿਧੀਆਂ ਵਿਚ ਤੁਸੀ ਵਿਅਸਤ ਰਹੋਂਗੇ। ਅੱਜ ਤੁਹਾਡਾ ਜੀਵਨਸਾਥੀ ਤੁਹਾਨੂੰ ਖੁਸ਼ ਕਰਨ ਦੇ ਲਈ ਕਾਫੀ ਯਤਨ ਕਰੇਗਾ।

**ਸਿੰਘ:** ਅੱਜ ਖੁਦ ਤੋਂ ਜ਼ਿਆਦਾਂ ਕਰਨ ਦੀ ਕੋਸ਼ਿਸ਼ ਨਾ ਕਰੋ ਤੁਹਾਡੇ ਸਰੀਰ ਦੀ ਪ੍ਰਤੀਰੋਧਕ ਸ਼ਮਤਾ ਘੱਟ ਮਾਲੂਮ ਹੈ ਨਿਸ਼ਚਿਤ ਰੂਪ ਵਿਚ ਤੁਹਾਨੂੰ ਆਰਾਮ ਦੀ ਲੋੜ ਹੈ। ਅੱਜ ਤੁਹਾਡੇ ਮਾਤਾ ਪਿਤਾ ਵਿਚੋਂ ਕੋਈ ਤੁਹਾਨੂੰ ਧੰਨ ਦੀ ਬਚਤ ਕਰਨ ਦੇ ਲਈ ਲੈਕਚਰ ਦੇ ਸਕਦਾ ਹੈ ਤੁਹਾਡੀ ਉਨਾਂ ਗੱਲਾਂ ਨੂੰ ਬਹੁਤ ਧਿਆਨ ਸੁਣਨ ਦੀ ਲੋੜ ਹੈ ਨਹੀਂ ਤਾ ਆਉਣ ਵਾਲੇ ਸਮੇਂ ਵਿਚ ਮੁਸ਼ਕਿਲ ਨਾਲ ਤੁਹਾਨੂੰ ਨਜਿੱਠਣਾ ਪੈ ਸਕਦਾ ਹੈ। ਪਰਿਵਾਰਿਕ ਜ਼ਿੰਮੇਵਾਰੀਆਂ ਵਿਚ ਵਾਧਾ ਹੋ ਸਕਦਾ ਹੈ ਜੋ ਤੁਹਾਨੂੰ ਮਾਨਸਿਕ ਤਣਾਅ ਦੇ ਸਕਦੀ ਹੈ। ਤੁਸੀ ਹੋਲੀ ਹੋਲੀ ਪਿਆਰ ਦੀ ਅੱਗ ਵਿਚ ਸੜੋਂਗੇ ਬਲਕਿ ਪਿਆਰ ਵਿਚ ਸਥਿਰ ਵੀ ਹੋ ਸਕਦੇ ਹੈ। ਅੱਜ ਦਫਤਰ ਵਿਚ ਤੁਹਾਨੂੰ ਵਧੀਆ ਨਤੀਜਾ ਨਹੀਂ ਮਿਲੇਗਾ ਕੋਈ ਨੇੜਲਾ ਅੱਜ ਤੁਹਾਡੇ ਨਾਲ ਧੋਖਾ ਕਰ ਸਕਦਾ ਹੈ ਜਿਸ ਦੀ ਵਜਾਹ ਨਾਲ ਤੁਸੀ ਦਿਨ ਭਰ ਪਰੇਸ਼ਾਨ ਰਹਿ ਸਕਦੇ ਹੋ। ਤੁਹਾਨੂੰ ਅੱਜ ਲੋਕਾਂ ਨਾਲ ਗੱਪੇ ਮਾਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂ ਕਿ ਇਹ ਤੁਹਾਡਾ ਬਹੁਤਾ ਸਮਾਂ ਖਾਂਦਾ ਹੈ। ਤੁਹਾਡਾ ਵਿਆਹੁਤ ਜੀਵਨ ਤੁਹਾਡੇ ਪਿਆਰ ਦੇ ਚਲਦੇ ਨਾਕਾਰਤਮਕ ਰੂਪ ਨਾਲ ਪ੍ਰਭਾਵਿਤ ਹੋ ਸਕਦਾ ਹੈ ਪਰੰਤੂ ਤੁਸੀ ਦੋਵੇਂ ਹੋਸ਼ਿਆਰੀ ਨਾਲ ਚੀਜਾਂ ਸੰਭਾਲ ਸਕਦੇ ਹੋ।

**ਕੰਨਿਆ:** ਭਾਵਨਾਵਾਂ ਦੀ ਰਫਤਾਰ ਤੇਜ਼ ਹੋਵੇਗੀ ਤੁਹਾਡਾ ਵਿਵਹਾਰ ਆਸ ਪਾਸ ਦੇ ਲੋਕਾਂ ਵਿਚ ਉਲਝਣ ਪੈਦਾ ਕਰੇਗਾ ਜੇਕਰ ਤੁਸੀ ਤੁਰੰਤ ਨਤੀਜਾ ਚਾਹੋਂਗੇ ਤਾਂ ਉਦਾਸੀ ਤੁਹਾਨੂੰ ਘੇਰ ਸਕਦੀ ਹੈ। ਅੱਜ ਸਿਰਫ ਬੈਠਣ ਦੀ ਬਜਾਏ ਅਜਿਹਾ ਕਰੋ ਜੋ ਕਮਾਈ ਵਿਚ ਵਾਧਾ ਕਰ ਸਕੇ। ਬੱਚੇ ਕੋਈ ਦਿਲ ਖੁਸ਼ ਕਰਨ ਵਾਲੀ ਖਬਰ ਲਿਆ ਸਕਦੇ ਹਨ। ਅੱਜ ਆਪਣੇ ਖੂਬਸੂਰਤ ਕੰਮਾਂ ਨੂੰ ਦਿਖਾਉਣ ਦੇ ਲਈ ਤੁਹਾਡਾ ਪਿਆਰ ਪੂਰੀ ਤਰਾਂ ਖਿੜੇਗਾ। ਅੱਜ ਤੁਹਾਡੀ ਕਲਾਤਮਕ ਅਤੇ ਰਚਨਾਤਮਕ ਹੁੱਨਰ ਨੂੰ ਕਾਫੀ ਸਰਹਾਨਾ ਮਿਲੇਗੀ ਅਤੇ ਇਸਦੇ ਚਲਦੇ ਅਚਾਨਕ ਲਾਭ ਮਿਲਣ ਦੀ ਸੰਭਾਵਨਾ ਵੀ ਹੈ। ਲੋੜਵੰਦਾਂ ਦੀ ਸਹਾਇਤਾ ਕਰਨ ਦੀ ਤੁਹਾਡੀ ਯੋਗਤਾ ਤੁਹਾਡੇ ਲਈ ਸਤਿਕਾਰ ਲਿਆਵੇਗੀ। ਅੱਜ ਤੁਹਾਡਾ ਵਿਵਾਹਿਕ ਜੀਵਨ ਖੁਸ਼ੀ, ਪਿਆਰ ਅਤੇ ਉਲਾਸ ਦਾ ਕੇਂਦਰ ਬਣ ਸਕਦਾ ਹੈ।

**ਤੁਲਾ:** ਸਿਹਤ ਨਾਲ ਜੁੜੀ ਸਮੱਸਿਆ ਪਰੇਸ਼ਾਨੀ ਦੇ ਸਕਦੀ ਹੈ। ਅੱਜ ਯਾਰਾਂ ਦੋਸਤਾਂ ਦੇ ਨਾਲ ਪਾਰਟੀ ਵਿਚ ਤੁਸੀ ਖੂਬ ਪੈਸਾ ਲੁਟਾ ਸਕਦੇ ਹੋ ਪਰੰਤੂ ਇਸ ਦੇ ਬਾਵਜੂਦ ਤੁਹਾਡੀ ਆਰਥਿਕ ਪੱਖ ਅੱਜ ਮਜ਼ਬੂਤ ਰਹੇਗਾ। ਆਪਣੀ ਜੀਭ ਤੇ ਕਾਬੂ ਰੱਖੋ ਕਿਉਂ ਕਿ ਇਸ ਦੇ ਚੱਲਦੇ ਵੱਡੇ ਬਜ਼ੁਰਗ ਆਹਤ ਮਹਿਸੂਸ ਕਰ ਸਕਦੇ ਹਨ ਬੇਕਾਰ ਦੀਆਂ ਗੱਲਾਂ ਕਰਕੇ ਸਮਾਂ ਖਰਾਬ ਕਰਨ ਨਾਲੋਂ ਬੇਹਤਰ ਹੈ ਕਿ ਤੁਸੀ ਸ਼ਾਂਤ ਰਹੋ। ਯਾਦ ਰੱਖੋ ਕਿ ਸਮਝਦਾਰ ਕੰਮਾਂ ਦੇ ਜ਼ਰੀਏ ਹੀ ਅਸੀ ਜੀਵਨ ਦਾ ਅਰਥ ਦਿੰਦੇ ਹਾਂ ਉਨਾ ਨੂੰ ਮਹਿਸੂਸ ਦੇ ਲ਼ਈ ਤੁਸੀ ਉਨਾਂ ਦਾ ਖਿਆਲ ਰੱਖਦੇ ਹੋ। ਦਿਨ ਨੂੰ ਖਾਸ ਬਣਾਉਣ ਦੇ ਲਈ ਦਿਆਲਤਾ ਅਤੇ ਪਿਆਰ ਦੇ ਛੋਟੇ ਛੋਟੇ ਤੋਹਫੇ ਲੋਕਾਂ ਨੂੰ ਦੇਵੋ। ਜੇਕਰ ਤੁਸੀ ਕੰਮ ਕਾਰ ਵਾਲੀ ਥਾਂ ਤੇ ਬਿਹਤਰ ਕਰਨਾ ਚਾਹੁੰਦੇ ਹੋ ਤਾਂ ਕੋਸ਼ਿਸ਼ ਕਰੋ ਅਤੇ ਆਪਣੇ ਕੰਮ ਵਿਚ ਨਵੀਂ ਤਕਨਾਲੋਜੀ ਨੂੰ ਸ਼ਾਮਿਲ ਕਰੋ ਨਵੇਂ ਤਰੀਕੇ ਅਤੇ ਤਕਨੀਕਾਂ ਨਾਲ ਅਪਡੇਟ ਰਹੋ। ਅੱਜ ਤੁਹਾਨੂੰ ਬਹੁਤ ਦਿਲਚਸਪ ਨਿੰਮਤਰਣ ਮਿਲਣਗੇ ਅਤੇ ਨਾਲ ਹੀ ਸਰਪਰਾਈਸ ਤੋਹਫਾ ਮਿਲ ਸਕਦਾ ਹੈ। ਇਹ ਦਿਨ ਤੁਹਾਡੇ ਸਮਾਨਯ ਵਿਵਾਹਿਕ ਜੀਵਨ ਵਿਚ ਦਿਲਚਸਪ ਹੋ ਸਕਦਾ ਹੈ ਤੁਸੀ ਅੱਜ ਸੱਚਮੁਚ ਅਸਾਧਾਰਣ ਚੀਜ ਨੂੰ ਅਨੁਭਵ ਕਰੋਂਗੇ।

**ਬ੍ਰਿਸ਼ਚਕ:** ਕੰਮ ਦੀ ਦਬਾਅ ਵਧਣ ਨਾਲ ਹੀ ਤੁਸੀ ਮਾਨਸਿਕ ਉੱਥਲ ਪੁੱਥਲ ਅਤੇ ਦਿੱਕਤ ਮਹਿਸੂਸ ਕਰੋਂਗੇ। ਤੁਸੀ ਚੰਗਾ ਪੈਸਾ ਬਣਾ ਸਕਦੇ ਹੋ ਪਰ ਸ਼ਰਤ ਏ ਤੁਸੀ ਪਰੰਪਰਿਕ ਤੋਰ ਤੇ ਨਿਵੇਸ਼ ਕਰੋ। ਕਿਸੇ ਪਰਿਵਾਰਿਕ ਭੇਦ ਦਾ ਖੁੱਲਣਾ ਤੁਹਾਨੂੰ ਤੋਹਫਾ ਦੇ ਸਕਦਾ ਹੈ। ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤਾਰੀਖ ਦਾ ਪ੍ਰੋਗਰਾਮ ਅਸਫਲ ਹੋ ਸਕਦਾ ਹੈ। ਕੰਮਕਾਰ ਵਿਚ ਹਾਲਾਤ ਤੁਹਾਡੇ ਪੱਖ ਵਿਚ ਭੁਗਤਦੇ ਮਾਲੂਮ ਹੋਣਗੇ। ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਦੇ ਸਮੇਂ ਤੁਸੀ ਕਈਂ ਵਾਰ ਖੁਦ ਨੂੰ ਬਰੇਕ ਦੇਣਾ ਭੁੱਲ ਜਾਂਦੇ ਹੋ ਪਰੰਤੂ ਅੱਜ ਤੁਸੀ ਆਪਣੇ ਲਈ ਸਮਾਂ ਕੱਢੋਗੇਂ ਅਤੇ ਨਵੇਂ ਸ਼ੌਕ ਦੀ ਭਾਲ ਕਰੋਂਗੇ ਰਿਸ਼ਤੇਦਾਰਾਂ ਦੇ ਕਾਰਨ ਅੱਜ ਇਕ ਝਗੜਾ ਸੰਭਵ ਹੈ ਪਰ ਦਿਨ ਦੇ ਅੰਤ ਵਿਚ ਸਭ ਕੁਝ ਸੁੰਦਰਤਾ ਨਾਲ ਠੀਕ ਹੋ ਜਾਵੇਗਾ।

**ਧਨੂੰ:** ਕੁਝ ਤਣਾਅ ਅਤੇ ਮਤਭੇਦ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਬਣਾ ਸਕਦਾ ਹੈ। ਜੇਕਰ ਤੁਸੀ ਨਿਰਵਿਘਨ ਜ਼ਿੰਦਗੀ ਜਿਉਣਾ ਚਾਹੁੰਦੇ ਹੋ ਅਤੇ ਇਕ ਸਥਿਰ ਜੀਵਨ ਨਿਰਮਾਣ ਨੂੰ ਬਣਾਈ ਰੱਖਣਾ ਚਾਹੁੰਦੇ ਹੋ ਤਾਂ ਅੱਜ ਤੁਹਾਨੂੰ ਆਰਥਿਕ ਸੰਬੰਧ ਤੇ ਧਿਆਨ ਦੀ ਲੋੜ ਹੈ। ਦਿਨ ਦੇ ਬਾਅਦ ਅਚਾਨਕ ਆਈ ਕੋਈ ਚੰਗੀ ਖਬਰ ਅਤੇ ਪਰਿਵਾਰ ਨੂੰ ਖੁਸ਼ੀ ਦੇਵੇਗੀ। ਲਗਾਦਾ ਹੈ ਕਿ ਰੋਮਾਂਸ ਅੱਜ ਪਿੱਛੇ ਹੱਟ ਜਾਵੇਗਾ ਕਿਉਂ ਕਿ ਤੁਹਾਡਾ ਸਾਥੀ ਤੁਹਾਡੇ ਤੋਂ ਜ਼ਿਆਦਾ ਮੰਗ ਕਰਦਾ ਹੈ। ਤੁਹਾਡੀ ਅੰਦਰੂਨੀ ਤਾਕਤ ਕੰਮ ਕਾਰ ਵਿਚ ਦਿਨ ਨੂੰ ਬੇਹਤਰ ਬਣਾਉਣ ਲਈ ਮਦਦਗਾਰ ਸਾਬਿਤ ਹੋਵੇਗੀ। ਚੀਜ਼ਾਂ ਨੂੰ ਸਹੀ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰਨਾ ਵਧੀਆ ਹੈ ਨਹੀਂ ਤਾਂ ਅਜਿਹੇ ਦ੍ਰਿਸ਼ਾ ਬਾਰੇ ਲਗਾਤਾਰ ਸੋਚ ਕੇ ਤੁਸੀ ਆਪਣਾ ਖਾਲੀ ਸਮਾਂ ਖਰਾਬ ਕਰੋਂਗੇ। ਤੁਸੀ ਅੱਜ ਆਪਣੇ ਜੀਵਨਸਾਥੀ ਦੇ ਨਾਲ ਰੋਮਾਂਟਿਕ ਤਰੀਕ ਗੁਜ਼ਾਰ ਸਕਦੇ ਹੋ ਇਸ ਨਾਲ ਤੁਹਾਡੇ ਰਿਸ਼ਤੇ ਵਿਚ ਚੀਜਾਂ ਮਜ਼ਬੂਤ ਹੋਣਗੀਆਂ।

**ਮਕਰ:** ਬਹੁਤਾ ਨਾਕਾਰਾਤਮਕ ਤੁਹਾਡੀ ਸੋਚਣ ਦੀ ਤਾਕਤ ਅਤੇ ਸਰੀਰ ਦੇ ਪ੍ਰਤੀਕਸ਼ਾ ਯੰਤਰ ਨੂੰ ਕਮਜ਼ੋਰ ਬਣਾ ਸਕਦਾ ਹੈ । ਸਾਕਾਰਤਮਕ ਸੋਚ ਦੇ ਜ਼ਰੀਏ ਇਸ ਸਮੱਸਿਆ ਤੋਂ ਛੁਟਕਾਰਾ ਪਾਉ। ਅੱਜ ਪੈਸੇ ਦਾ ਆਉਣਾ ਤੁਹਾਨੂੰ ਕਈਂ ਮੁਸ਼ਕਿਲਾਂ ਤੋਂ ਦੂਰ ਕਰ ਸਕਦਾ ਹੈ। ਬੱਚੇ ਤੁਹਾਡੇ ਜੀਵਨ ਨੂੰ ਬਹੁਤ ਮੁਸ਼ਕਿਲ ਬਣਾ ਸਕਦੇ ਹਨ ਪਿਆਰ ਹਥਿਆਰ ਦਾ ਇਸਤੇਮਾਲ ਕਰ ਕੇ ਉਨਾਂ ਨੂੰ ਸਮਝਾਉ ਅਣਚਾਹੇ ਤਣਾਵ ਤੋਂ ਬਚੋ ਯਾਦ ਰੱਖੋ ਕਿ ਪਿਆਰ ਹੀ ਪਿਆਰ ਨੂੰ ਪੈਦਾ ਕਰਦਾ ਹੈ। ਅੱਜ ਤੁਹਾਡੀ ਕੋਈ ਬੁਰੀ ਆਦਤ ਤੁਹਾਡੇ ਪਿਆਰ ਨੂੰ ਮਾੜੀ ਲੱਗ ਸਕਦੀ ਹੈ ਅਤੇ ਉਹ ਤੁਹਾਡੇ ਤੋਂ ਨਾਰਾਜ਼ ਹੋ ਸਕਦੇ ਹਨ। ਆਪਣੇ ਕੰਮ ਵਿਚ ਅਜਿਹੇ ਲੋਕਾਂ ਦੀ ਮਦਦ ਲਵੋ ਜਿਨਾ ਦੀ ਸੋਚ ਤੁਹਾਡੇ ਨਾਲ ਮੇਲ ਖਾਦੀ ਹੈ ਸਹੀ ਸਮੇਂ ਤੇ ਉਨਾਂ ਦੀ ਮਦਦ ਅਹਿਮ ਅਤੇ ਲਾਭਦਾਇਕ ਰਹੇਗੀ ਖਾਸਤੌਰ ਤੇ ਮੈਡੀਕਲ ਟਰਾਂਸਕਰਿਪਸ਼ਨ ਨਾਲ ਜੁੜੇ ਲੋਕਾਂ ਦੇ ਲਈ ਵਧੀਆ ਦਿਨ ਹੈ। ਹਰ ਕੰਮ ਨੂੰ ਸਮੇਂ ਸਿਰ ਪੂਰਾ ਕਰਨਾ ਠੀਕ ਹੈ ਕਿਉਂ ਕਿ ਇਹ ਦਿਨ ਦੇ ਅਖੀਰ ਵਿਚ ਆਪਣੇ ਆਪ ਲਈ ਇਕ ਕਮਰਾ ਦਿੰਦਾ ਹੈ ਪਰੋਕਾਸਟਿੰਗ ਹੁਣ ਹਰ ਇਕ ਅਤੇ ਸਿਰਫ ਬੋਝ ਨੂੰ ਵਧਾਉਂਦਾ ਹੈ। ਕਾਫੀ ਲੰਬੇ ਸਮੇਂ ਬਾਅਦ ਤੁਸੀ ਅਤੇ ਤੁਹਾਡਾ ਪਾਰਟਨਰ ਬਿਨਾਂ ਲੜਾਈ ਅਤੇ ਬਹਿਸ ਤੋਂ ਚੰਗਾ ਸ਼ਾਤੀ ਵਾਲਾ ਦਿਨ ਬਤੀਤ ਕਰ ਸਕਦੇ ਹੋ। ਜਿਸ ਵਿਚ ਸਿਰਫ ਪਿਆਰ ਹੋਵੇਗਾ।

**ਕੁੰਭ:** ਸਿਹਤ ਨਾਲ ਜੁੜੀ ਪਰੇਸ਼ਾਨੀਆਂ ਅਸਹਿਜਤਾ ਦਾ ਕਾਰਨ ਬਣ ਸਕਦੀ ਹੈ। ਤੁਹਾਡੀ ਲਗਨ ਅਤੇ ਮਿਹਨਤ ਤੇ ਲੋਕ ਧਿਆਨ ਦੇਣਗੇ ਅਤੇ ਅੱਜ ਇਸ ਦੇ ਚੱਲਦੇ ਤੁਹਾਨੂੰ ਕੁਝ ਆਰਥਿਕ ਲਾਭ ਮਿਲ ਸਕਦਾ ਹੈ। ਆਪਣਾ ਕੀਮਤੀ ਸਮਾਂ ਆਪਣੇ ਬੱਚਿਆਂ ਨਾਲ ਗੁਜ਼ਾਰੋ। ਇਹ ਸਭ ਤੋਂ ਵਧੀਆ ਨਿਵਾਰਨ ਹੈ ਜਿਹੜਾ ਕਦੀ ਨਾ ਖਤਮ ਹੋਣ ਵਾਲਾ ਖੁਸ਼ੀਆਂ ਦਾ ਸ੍ਰੋਤ ਸਾਬਿਤ ਹੋਵੇਗਾ। ਹਕੀਕਤ ਦਾ ਸਾਹਮਣਾ ਕਰਨ ਦੇ ਲਈ ਤੁਹਾਨੂੰ ਆਪਣੇ ਪ੍ਰੇਮੀ ਨੂੰ ਕੁਝ ਵਕਤ ਲਈ ਭੁੱਲਣਾ ਪਵੇਗਾ। ਕੰਮ ਵਿਚ ਮਨ ਲਗਾਉ ਅਤੇ ਸਾਫ ਜ਼ਜਬਾਤੀ ਗੱਲਾਂ ਤੋਂ ਬਚੋ। ਤੁਹਾਡੇ ਸੰਚਾਰੀ ਹੁੱਨਰ ਪ੍ਰਭਾਵਸ਼ਾਲੀ ਹੋਣਗੇ। ਤੁਸੀ ਅੱਜ ਆਪਣੇ ਜੀਵਨਸਾਥੀ ਦੇ ਨਾਲ ਰੋਮਾਂਟਿਕ ਤਰੀਕ ਗੁਜ਼ਾਰ ਸਕਦੇ ਹੋ ਇਸ ਨਾਲ ਤੁਹਾਡੇ ਰਿਸ਼ਤੇ ਵਿਚ ਚੀਜਾਂ ਮਜ਼ਬੂਤ ਹੋਣਗੀਆਂ।

**ਮੀਨ:** ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੂੰ ਤੁਹਾਡੀ ਜ਼ਿੰਦਗੀ ਸ਼ਾਇਦ ਬੇਹਤਰੀਨ ਨਜ਼ਰ ਆਵੇ ਪਰ ਹਾਲ ਹੀ ਵਿਚ ਹੋਈ ਘਟਨਾ ਦੇ ਚਲਦੇ ਤੁਸੀ ਅੰਦਰ ਹੀ ਅੰਦਰ ਉਦਾਸ ਹੋ। ਮਾਲੀ ਸੁਧਾਰ ਦੀ ਵਜਾਹ ਨਾਲ ਜ਼ਰੂਰੀ ਖਰੀਦਦਾਰੀ ਕਰਨਾ ਆਸਾਨ ਹੋਵੇਗਾ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਅੱਜ ਦੇ ਦਿਨ ਨੂੰ ਤੁਸੀ ਜ਼ਿੰਦਗੀ ਵਿਚੋਂ ਕਦੇ ਨਹੀਂ ਭੁਲੋਂਗੇ ਜੇਕਰ ਪਿਆਰ ਕਰਨ ਦਾ ਮੌਕਾ ਤੁਸੀ ਅੱਜ ਨਹੀਂ ਗਵਾਉਂਦੇ। ਆਪਣੇ ਆਪ ਨੂੰ ਕਿਸੇ ਛੋਟੇ ਪ੍ਰੋਗਰਾਮ ਵਿਚ ਦਾਖਿਲ ਕਰੋ ਜੋ ਤੁਹਾਨੂੰ ਨਵੀਂ ਤਕਨਾਲੋਜੀ ਅਤੇ ਹੁਨਰ ਸਿੱਖਣ ਵਿਚ ਸਹਾਇਤਾ ਕਰੇਗਾ। ਅੱਜ ਤੁਹਾਨੂੰ ਮਹੱਤਵਪੂਰਨ ਮਾਮਲਿਆਂ ਤੇ ਧਿਆਨ ਦੇਣ ਦੀ ਲੋੜ ਹੈ। ਇਸ ਨੂੰ ਮਤਭੇਦਾਂ ਦੀ ਲੜੀ ਪੂਰਾ ਕਰੇਗੀ ਅਤੇ ਤੁਹਾਨੂੰ ਆਪਣੇ ਜੀਵਨ ਸਾਥੀ ਨਾਲ ਮੇਲ ਮਿਲਾਪ ਕਰਨਾ ਮੁਸ਼ਕਿਲ ਹੋਵੇਗਾ।

# ਲਿਖਣ ਦੀ ਚੇਤਨਾ ਨਾਲ ਜੁੜੀ ਇੱਕ ਆਵਾਜ਼: ਕੁਲਵਿੰਦਰ ਕੌਰ

ਪੇਸ਼ਕਸ਼:-ਮਹਿੰਦਰ ਸਿੰਘ ਝੱਮਟ



ਪੰਜਾਬੀ ਸਮਾਜ ਵਿੱਚ ਅਜਿਹੀਆਂ ਕਈ ਔਰਤਾਂ ਹਨ ਜਿਨ੍ਹਾਂ ਦੀ ਜ਼ਿੰਦਗੀ ਪਰਿਵਾਰ, ਜ਼ਿੰਮੇਵਾਰੀਆਂ ਅਤੇ ਸਮਾਜਕ ਫਰਜ਼ਾਂ ਵਿਚ ਸੰਤੁਲਨ ਬਣਾਉਂਦਿਆਂ ਆਪਣੀ ਅੰਦਰੂਨੀ ਪਹਿਚਾਣ ਦੀ ਖੋਜ ਕਰਦੀ ਰਹਿੰਦੀ ਹੈ। ਕੁਲਵਿੰਦਰ ਕੌਰ ਦਾ ਜੀਵਨ ਵੀ ਇਸੇ ਤਰ੍ਹਾਂ ਦੀ ਇੱਕ ਸੰਘਰਸ਼ਮਈ ਪਰ ਪ੍ਰੇਰਕ ਕਹਾਣੀ ਹੈ—ਜਿੱਥੇ ਸਿੱਖਿਆ, ਸੇਵਾ, ਸਾਹਿਤ ਅਤੇ ਮਨੁੱਖੀ ਅਧਿਕਾਰਾਂ ਲਈ ਸੰਵੇਦਨਾ ਇੱਕ ਦੂਜੇ ਨਾਲ ਗੁੰਥੀ ਹੋਈ ਨਜ਼ਰ ਆਉਂਦੀ ਹੈ।

ਫਗਵਾੜਾ ਵਿੱਚ ਜਨਮੀ ਕੁਲਵਿੰਦਰ ਕੌਰ ਦੀ ਪਰਵਿਰਸ਼ ਇੱਕ ਸਧਾਰਣ ਪਰ ਸੰਸਕਾਰਿਕ ਮਾਹੌਲ ਵਿੱਚ ਹੋਈ। ਮਾਤਾ ਨਰਿੰਦਰ ਕੌਰ ਅਤੇ ਪਿਤਾ ਨਰਿੰਦਰ ਸਿੰਘ ਵੱਲੋਂ ਦਿੱਤੇ ਗਏ ਮੁੱਲਾਂ ਨੇ ਉਸਦੀ ਸੋਚ ਨੂੰ ਮਜ਼ਬੂਤ ਨੈਤਿਕ ਆਧਾਰ ਦਿੱਤਾ। ਫਗਵਾੜਾ ਵਿੱਚ ਹੀ ਉਸ ਨੇ ਆਪਣੀ ਪੜ੍ਹਾਈ ਪੂਰੀ ਕੀਤੀ। ਵਿਦਿਆਰਥੀ ਜੀਵਨ ਦੌਰਾਨ ਉਹ ਪਾਠਕ੍ਰਮ ਤੱਕ ਸੀਮਿਤ ਨਹੀਂ ਰਹੀ, ਸਗੋਂ ਖੇਡ ਸਰਗਰਮੀਆਂ ਅਤੇ ਐਨ.ਸੀ.ਸੀ. ਕੈਂਪਾਂ ਵਿੱਚ ਭਾਗ ਲੈ ਕੇ ਅਨੁਸ਼ਾਸਨ, ਨੇਤ੍ਰਿਤਵ ਅਤੇ ਸਮਾਜਕ ਜ਼ਿੰਮੇਵਾਰੀ ਦੀ ਸਮਝ ਵੀ ਵਿਕਸਿਤ ਕੀਤੀ।

ਸਨਾਤਕ ਪੱਧਰ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੇ ਕੰਪਿਊਟਰ ਕੋਰਸ ਕੀਤਾ ਅਤੇ ਨਾਲ ਹੀ ਏਅਰ ਹੋਸਟੈੱਸ ਟ੍ਰੇਨਿੰਗ ਵੀ ਹਾਸਲ ਕੀਤੀ। ਇਹ ਸਭ ਕੁਝ ਉਸਦੀ ਬਹੁਪੱਖੀ ਸੋਚ ਅਤੇ ਆਤਮ-ਨਿਰਭਰ ਬਣਨ ਦੀ ਇੱਛਾ ਦਾ ਪ੍ਰਮਾਣ ਸੀ। ਵਿਆਹ ਤੋਂ ਬਾਅਦ, ਜੋ ਕਿ ਮੋਹਾਲੀ ਵਿੱਚ ਹੋਇਆ, ਉਸਦੀ ਜ਼ਿੰਦਗੀ ਵਿੱਚ ਨਵਾਂ ਅਧਿਆਇ ਸ਼ੁਰੂ ਹੋਇਆ। ਪਤੀ ਸੁੱਖਵਿੰਦਰ ਸਿੰਘ ਦੇ ਨਾਲ ਜੀਵਨ ਸਾਂਝਾ ਕਰਦਿਆਂ ਉਸ ਨੇ ਪਰਿਵਾਰਕ ਫਰਜ਼ਾਂ ਨੂੰ ਪੂਰੀ ਨਿਸ਼ਠਾ ਨਾਲ ਨਿਭਾਇਆ। ਧੀ ਹਰਸਿਮਰਨ ਕੌਰ ਅਤੇ ਪੁੱਤਰ ਸੁਖਕੀਰਤ ਸਿੰਘ ਦੀ ਪਰਵਿਰਸ਼ ਉਸਦੀ ਜ਼ਿੰਦਗੀ ਦਾ ਕੇਂਦਰ ਬਣੀ।

ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ-ਨਾਲ ਕੁਲਵਿੰਦਰ ਕੌਰ ਦੀ ਸੰਵੇਦਨਾ ਮਨੁੱਖੀ ਦੁੱਖ-ਦਰਦ ਵੱਲ ਵੀ ਕੇਂਦ੍ਰਿਤ ਰਹੀ। ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਇੱਕ ਸੋਸ਼ਲ ਵਰਕਰ ਵਜੋਂ ਉਸਦੀ ਸਰਗਰਮੀ ਇਹ ਦਰਸਾਉਂਦੀ ਹੈ ਕਿ ਉਸ ਲਈ ਸੇਵਾ ਸਿਰਫ਼ ਇੱਕ ਭੂਮਿਕਾ ਨਹੀਂ, ਸਗੋਂ ਜੀਵਨ ਦੀ ਸੋਚ ਹੈ। ਉਹ ਸਮਾਜ ਦੇ ਹਾਸੀਏ 'ਤੇ ਖੜ੍ਹੇ ਲੋਕਾਂ ਦੀ ਆਵਾਜ਼ ਬਣਨ ਦੀ ਕੋਸ਼ਿਸ਼ ਕਰਦੀ ਹੈ ਅਤੇ ਇਨਸਾਫ਼, ਸਨਮਾਨ ਅਤੇ ਸਮਾਨਤਾ ਦੇ ਮੂਲ ਅਸੂਲਾਂ 'ਤੇ ਵਿਸ਼ਵਾਸ ਰੱਖਦੀ ਹੈ।

ਲਿਖਣ ਦਾ ਸ਼ੌਕ ਉਸਦੇ ਜੀਵਨ ਵਿੱਚ ਨਵਾਂ ਨਹੀਂ ਸੀ। ਕਾਲਜ ਦੇ ਦਿਨਾਂ ਵਿੱਚ ਉਹ ਕਈ ਵਾਰ ਕਾਲਜ ਮੈਗਜ਼ੀਨ ਲਈ ਰਚਨਾਵਾਂ ਲਿਖਦੀ ਰਹੀ। ਪਰ ਸਮੇਂ ਦੀ ਦੌੜ, ਘਰ ਦੀਆਂ ਜ਼ਿੰਮੇਵਾਰੀਆਂ ਅਤੇ ਰੁਟੀਨ ਨੇ ਲਿਖਣ ਨੂੰ ਕਿਤੇ ਪਿੱਛੇ ਛੱਡ ਦਿੱਤਾ। ਇਹ ਚੁੱਪ ਲੰਬੀ ਰਹੀ, ਪਰ ਅੰਦਰਲੀ ਚੇਤਨਾ ਕਦੇ ਮੁੱਕੀ ਨਹੀਂ। ਸਾਲ 2024 ਵਿੱਚ ਚੰਡੀਗੜ੍ਹ ਵਿਖੇ 'ਸਾਹਿਤ ਵਿਗਿਆਨ' ਦੇ ਇੱਕ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਦੌਰਾਨ ਗੁਰਦਰਸ਼ਨ ਸਿੰਘ ਮਾਵੀ ਵੱਲੋਂ ਮਿਲੀ ਪ੍ਰੇਰਣਾ ਨੇ ਉਸ ਅੰਦਰ ਦਬੀ ਹੋਈ ਲਿਖਣ ਦੀ ਚਿੰਗਾਰੀ ਨੂੰ ਦੁਬਾਰਾ ਜਗਾ ਦਿੱਤਾ। ਇਹ ਉਹ ਮੋੜ ਸੀ ਜਿਥੋਂ ਲਿਖਣ ਦੀ ਯਾਤਰਾ ਨੇ ਨਵਾਂ ਰੂਪ ਧਾਰਨ ਕੀਤਾ।

ਇਸ ਨਵੀਂ ਸ਼ੁਰੂਆਤ ਤੋਂ ਬਾਅਦ ਉਸਦੀ ਰਚਨਾਤਮਕਤਾ ਨੇ ਤੇਜ਼ੀ ਨਾਲ ਆਪਣੀ ਥਾਂ ਬਣਾਈ। ਉਸ ਦੀਆਂ ਰਚਨਾਵਾਂ 'ਬੋਲ ਪਰਦੇਸਾਂ ਦੇ' (ਜਾਪਾਨ ਤੋਂ), 'ਕੋਹਿਨੂਰ ਟਾਈਮਜ਼', 'ਪੰਜਾਬੀ ਸਾਹਿਤ ਟਾਈਮਜ਼' ਚੰਡੀਗੜ੍ਹ ਅਤੇ 'ਜਨ ਸ਼ਕਤੀ' ਯੂ.ਕੇ. ਵਰਗੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਈਆਂ। ਇਹ ਪ੍ਰਕਾਸ਼ਨ ਸਿਰਫ਼ ਲਿਖਣ ਦੀ ਤਸਦੀਕ ਨਹੀਂ, ਸਗੋਂ ਉਸਦੀ ਸੋਚ ਦੀ ਪਹੁੰਚ ਦਾ ਸਬੂਤ ਹਨ।

ਸਾਹਿਤਕ ਰੁਚੀਆਂ ਦੇ ਮਾਮਲੇ ਵਿੱਚ ਕੁਲਵਿੰਦਰ ਕੌਰ ਦੀ ਪਸੰਦ ਸੂਫ਼ੀ ਅਤੇ ਗ਼ਜ਼ਲ ਦੀ ਰੂਹ ਨਾਲ ਜੁੜੀ ਹੋਈ ਹੈ। ਬਾਬਾ ਬੁੱਲ੍ਹੇ ਸ਼ਾਹ ਅਤੇ ਵਾਰਿਸ਼ ਸ਼ਾਹ ਦੀ ਸੋਚ, ਅਤੇ ਜਗਜੀਤ ਸਿੰਘ ਦੀਆਂ ਗ਼ਜ਼ਲਾਂ ਉਸਦੀ ਅੰਦਰੂਨੀ ਸੰਵੇਦਨਾ ਨੂੰ ਡੂੰਘਾਈ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਉਸਦੀ ਲਿਖਤ ਵਿੱਚ ਦਰਦ, ਇਨਸਾਨੀਅਤ ਅਤੇ ਸੱਚਾਈ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ।

ਕੁਲਵਿੰਦਰ ਕੌਰ ਦੀ ਕਹਾਣੀ ਇਸ ਗੱਲ ਦੀ ਗਵਾਹੀ ਹੈ ਕਿ ਲਿਖਣ ਦੀ ਚੇਤਨਾ ਉਮਰ ਜਾਂ ਹਾਲਾਤਾਂ ਦੀ ਮੋਹਤਾਜ ਨਹੀਂ ਹੁੰਦੀ। ਜਦੋਂ ਮਨ ਤਿਆਰ ਹੋਵੇ, ਤਾਂ ਰੁਕਿਆ ਹੋਇਆ ਕਲਮ ਫਿਰ ਚਲ ਪੈਂਦਾ ਹੈ। ਉਸਦਾ ਸਫ਼ਰ ਪਰਿਵਾਰ, ਸੇਵਾ ਅਤੇ ਸਾਹਿਤ ਦੇ ਦਰਮਿਆਨ ਬਣੇ ਸੰਤੁਲਨ ਦੀ ਇੱਕ ਪ੍ਰੇਰਕ ਮਿਸਾਲ ਹੈ—ਜੋ ਕਈ ਹੋਰ ਔਰਤਾਂ ਲਈ ਹੌਸਲੇ ਦਾ ਸਰੋਤ ਬਣ ਸਕਦੀ ਹੈ।

ਮਹਿੰਦਰ ਸਿੰਘ ਝੱਮਟ
ਮੋਬਾਇਲ ਨੰਬਰ -99158-98210

# ਬੈਠੀ ਬੂਹਾ ਹੀ ਤੱਕਦੀ ਰਹਿੰਦੀ ਆ...



ਮੈਨੂੰ ਲੱਗਦਾ ਮੇਰਾ ਵਾਹਿਗੁਰੂ ਮੇਰੇ ਨਾਲ ਨਰਾਜ਼ ਹੋ ਗਿਆ, ਕਰਕੇ ਮੈਂ ਸਿਮਰਨ ਤੇ ਨਹੀਂ ਬਹਿੰਦੀ ਨਾ! ਮੈਂ ਤਾਂ ਰਾਤ ਨੂੰ ਬੈਠੀ ਬੂਹਾ ਹੀ ਤੱਕਦੀ ਰਹਿੰਦੀ ਆ ਕਿ ਸ਼ਾਇਦ ਤੁਸੀਂ ਹੁਣ ਮੁੜ ਆਓ, ਹੁਣ ਮੁੜ ਆਓ।

ਤੁਸੀਂ ਤਾਂ ਵਾਹਿਗੁਰੂ ਕੋਲ ਜਾ ਕੇ ਕੇਰਾਂ ਚਿੱਠੀ ਵੀ ਨਾ ਪਾਈ। ਮੈਨੂੰ ਇੰਨੀ ਬੇਗਾਨੀ ਕਰ ਦਿੱਤਾ ਕਿ ਮੇਰੇ ਸੁਪਨੇ ਚ ਆਉਣ ਦੇ ਰਸਤੇ ਵੀ ਤੁਹਾਨੂੰ ਭੁੱਲ ਗਏ ਆ।

ਓਹੀ ਆ ਮੈਂ ਜੀਹਦਾ ਪਲ ਵੀ ਵੀਸਾਹ ਨਾ ਖਾਇਆ ਕਰਦੇ ਸੀ। ਕਦੇ ਅੰਮੀ ਘਰ ਇੱਕ ਦਿਨ ਵੱਧ ਰਹਿ ਆਉਂਦੀ ਸੀ ਤਾਂ ਵਾਪਸ ਆਈ ਨਾਲ ਚਾਰ ਚਾਰ ਦਿਨ ਗੱਲ ਨਹੀਂ ਕਰਿਆ ਕਰਦੇ ਸੀ। ਹੁਣ ਤੁਹਾਨੂੰ ਮੇਰਾ ਭੋਰਾ ਵੀ ਚੇਤਾ ਨੀ ਆਉਂਦਾ।

ਹੁਣ ਸਾਝਰੇ ਉੱਠਣ ਨੂੰ ਲੇਟ ਹੋ ਜਾਂਦੀ ਆ,ਹੁਣ ਕਿਹੜਾ ਮੇਰੇ ਕੋਲੋਂ ਕਿਸੇ ਨੇ ਚਾਹ ਮੰਗਣੀ ਹੁੰਦੀ ਆ। ਬਹੂ ਦਾ ਤਾਂ ਤੁਹਾਨੂੰ ਪਤਾ ਹੀ ਆ ਓਹ ਤਾਂ ਦਿਨ ਚੜੇ ਹੀ ਉੱਠਦੀ ਆ।

ਕੱਲ ਤੁਹਾਡਾ ਪੋਤਾ ਤੁਹਾਡੀਆਂ ਐਨਕਾਂ ਲਾ ਕੇ ਵਿਹੜੇ ਚ ਅਖ਼ਬਾਰ ਲੈਕੇ ਬੈਠਾ ਤੁਹਾਡੀਆਂ ਰੀਸਾਂ ਲਾ ਰਿਹਾ ਸੀ। ਮੈਂ ਓਹਨੂੰ ਝਿੜਕ ਦਿੱਤਾ ਕਿ ਪੁੱਤ ਤੇਰੇ ਦਾਦੇ ਦੀ ਨਿਸ਼ਾਨੀ ਆ ਵੇਖੀ ਕਿਤੇ ਤੋੜ ਹੀ ਨਾ ਦਵੀਂ। ਇਸੇ ਗੱਲ ਤੇ ਤੁਹਾਡੀ ਬਹੂ ਨੇ ਮੇਰੇ ਨਾਲ ਬਹੁਤ ਕਲੇਸ਼ ਕੀਤਾ। ਹੁਣ ਮੈਂ ਓਹਨੂੰ ਕਿੱਦਾਂ ਸਮਝਾਵਾਂ ਕਿ ਮੈਂ ਤਾਂ ਤੁਹਾਡੀਆਂ ਚੱਪਲਾਂ ਨੂੰ ਵੀ ਸਾਂਭ ਸਾਂਭ ਰੱਖਿਆ ਕਰਦੀ ਸੀ।

ਮੇਰੇ ਕੋਲੋਂ ਹੁਣ ਧਾਰ ਕੱਢਣ ਵੀ ਨੀ ਜਾਇਆ ਜਾਂਦਾ ਦਿਲ ਤਾਂ ਕਰਦਾ ਕਿ ਪਸ਼ੂ ਵੇਚ ਦਵਾਂ ਪਰ ਫੇਰ ਜਦੋਂ ਚੇਤਾ ਆਉਂਦਾ ਕਿ ਤੁਸੀਂ ਪੁੱਤਾਂ ਨਾਲੋਂ ਵਧ ਕੇ ਪਸ਼ੂਆਂ ਨੂੰ ਰਖਿਆ ਕਰਦੇ ਸੀ ਤਾਂ ਵੇਚਣ ਦਾ ਹਿਆਂ ਜਿਹਾ ਨੀ ਪੈਂਦਾ।

ਆਹ ਘੜੀ ਜਿਹੜੀ ਤੁਸੀਂ ਆਪਣੇ ਹੱਥੀਂ ਦਰਬਾਰ ਸਾਹਬ ਤੋਂ ਆਂਦੀ ਸੀ। ਇਹ ਚੰਦਰੀ ਓਸੇ ਦਿਨ ਦੀ ਖੜੀ ਆ ਜਿਦਣੇ ਤੁਹਾਡਾ ਕੱਲਾ ਸਾਇਕਲ ਘਰ ਨੂੰ ਮੁੜ ਕੇ ਆਇਆ ਸੀ।

ਤੁਹਾਡੇ ਕੱਪੜੇ ਪੱਗਾਂ ਮੈਂ ਪਿੰਡ ਵਾਲੇ ਪਾਠੀ ਨੂੰ ਦੇ ਦਿੱਤੀਆਂ ਸੀ। ਪਰ ਤੁਹਾਡੀ ਜੁੱਤੀ ਤੇ ਲੋਈ ਦੇਣ ਦੀ ਮੇਰੀ ਹਿੰਮਤ ਜਹੀ ਨਾ ਪਈ। ਤੁਹਾਡੀ ਲੋਈ ਮੈਂ ਸਿਰਹਾਣੇ ਰੱਖ ਕੇ ਸੌਂਦੀ ਆਂ ਤੇ ਆਪਣੀਆਂ ਬਹੂਆਂ ਨੂੰ ਵੀ ਦੱਸਿਆ ਹੋਇਆ ਕਿ ਆਖਰੀ ਨੋਹਣ ਤੋਂ ਬਾਅਦ ਮੇਰੇ ਉੱਤੇ ਪਾ ਦਿਓ।

ਵਲੈਤ ਵਾਲੀ ਗੁੱਡੀ ਆਏ ਦਿਨ ਫੋਨ ਕਰ ਲੈਂਦੀ ਆ, ਉਹ ਵੀ ਤੁਹਾਨੂੰ ਬਾਹਲਾ ਯਾਦ ਕਰਦੀ ਆ। ਪਰਸੋਂ ਮੈਨੂੰ ਆਖਣ ਰਹੀ ਸੀ ਕਿ ਬੀ ਜੀ ਇੱਥੇ ਸਾਡੇ ਕੋਲ ਆਜਵੋ। ਦਿਲ ਤਾਂ ਕਰਦਾ ਧੀ ਕੋਲ ਵਗਜਵਾਂ ਪਰ ਡਰਨੀ ਆ ਜੇ ਮੈਨੂੰ ਉਥੇ ਗਈ ਨੂੰ ਕੁਝ ਹੋ ਗਿਆ ਆਪਾਂ ਤਾਂ ਕਬਰਾਂ ਚ ਵੀ ਇੱਕ ਨਾ ਹੋ ਪਾਵਾਂਗੇ।

ਧੰਨਵਾਦ,
ਜਸਕਰਨ ਬੰਗਾ

# ਚੁੱਪ ਦੀ ਹੂਕ



ਤੇਰੀ ਚੁੱਪ ਦੀ ਹੂਕ
ਮੈਂ ਰੋਜ਼ ਸੁਣਦੀ ਹਾਂ
ਹੁਣ ਤੇ ਇਸੇ ਵਿੱਚ ਮੇਰੀ
ਜ਼ਿੰਦਗੀ ਧੜਕਦੀ ਹੈ
ਇਸੇ ਵਿੱਚ ਹੀ ਬਹੁਤ ਕੁਝ
ਮਨਫ਼ੀ ਤੇ ਜਮਾਂ ਹੁੰਦਾ ਰਹਿੰਦਾ ਹੈ
ਉੱਠਦੇ, ਬਹਿੰਦੇ, ਸੌਂਦੇ, ਜਾਗਦੇ
ਹਰ ਪੱਲ ਤੇਰੀ ਚੁੱਪ ਦੀ ਹੂਕ
ਮੇਰਾ ਕਲੇਜਾ ਛੱਲਣੀ ਕਰਦੀ ਹੈ
ਕਦੇ ਸੋਚਿਆ ਤੇਰੀ ਚੁੱਪ ਦੀ ਹੂਕ
ਕਿਸ ਕਦਰ ਮੈਨੂੰ ਅੰਦਰ ਹੀ ਅੰਦਰ
ਤੋੜ ਰਹੀ ਹੈ
ਹੱਸਣਾ, ਮੁਸਕਰਾਉਣਾ, ਚਹਿਚਹਾਉਣਾ ਭੁੱਲ
ਮੈਂ ਵੀ ਪੱਥਰ ਹੁੰਦੀ ਜਾ ਰਹੀ ਹਾਂ
ਜਿਸਦੇ ਅਹਿਸਾਸ ਮਰ ਗਏ ਨੇ
ਦੁਆਵਾਂ ਕਰ ਰਹੀ ਹੈ ਜੋ
ਮੌਤ ਨੂੰ ਬੁਲਾਉਣ ਦੀਆਂ
ਇਹ ਨਾ ਹੋਏ ਤੇਰੀ
ਚੁੱਪ ਦੀ ਹੂਕ ਵਿੱਚ ਹਰਕਤ ਹੋਏ
ਤੂੰ ਵਾਪਸ ਆ ਢੇਰ ਸਾਰੀਆਂ
ਗੱਲਾਂ ਕਰਨੀਆਂ ਚਾਹੇ
ਤੇ ਮੈਂ ਫਿਰ ਸਦਾ ਲਈ ਖ਼ਾਮੋਸ਼ ਹੋ ਜਾਵਾਂ ।

ਰਮਿੰਦਰ ਰੰਮੀ ਕੈਨੇਡਾ

# ਜਦੋਂ ਗੋਰੇ ਮੈਨੂੰ ਤੁਰੇ ਫਿਰਦੇ ਰੱਬ ਲੱਗੇ.. !

ਨਿੱਕੀ ਧੀ ਨੂੰ ਸਕੂਲੇ ਛੱਡਣ ਚੱਲਿਆ...ਬਾਹਰ ਗੋਡੇ ਗੋਡੇ ਬਰਫ...ਦਸਤਾਨੇ ਪਾ ਕੇ ਹਟਾਉਣੀ ਸ਼ੁਰੂ ਹੀ ਕੀਤੀ ਸੀ ਕੇ ਕੂੜੇ ਵਾਲੇ ਟਰੱਕ ਮਗਰ ਲਮਕੇ ਹੋਏ ਗੋਰੇ ਨੇ ਆਪਣੇ ਤਰੀਕੇ ਨਾਲ "ਸੱਤ ਸ੍ਰੀ ਅਕਾਲ" ਬੁਲਾ" ਮੇਲਾ ਹੀ ਲੁੱਟ ਲਿਆ...ਮਨਫ਼ੀ ਤੀਹ ਡਿਗਰੀ ਦੀ ਠੰਡ...ਔਖੇ ਹਾਲਾਤਾਂ ਵਿਚ ਵੀ ਭੱਜ ਭੱਜ ਕੰਮ ਕਰਦੇ ਉਹ ਗੋਰੇ ਮੈਨੂੰ ਤੁਰੇ ਫਿਰਦੇ ਰੱਬ ਲੱਗੇ.. !

ਵਾਪਿਸ ਮੁੜਿਆ ਤਾਂ ਰਾਹ ਵਿਚ ਹੋਰ ਬਜ਼ੁਰਗ ਭਾਈ....ਕਾਰ ਤੇ ਜੰਮੀਂ ਹੋਈ ਬਰਫ ਹਟਾ ਰਿਹਾ ਸੀ..ਕੋਲ ਜਾ ਬ੍ਰੇਕ ਮਾਰ ਲਈ...ਨੱਕ ਵਿਚੋਂ ਨਿੱਕਲਦਾ ਪਾਣੀ ਤੱਕ ਜੰਮਿਆ ਪਿਆ ਸੀ...ਗੱਲਾਂ ਕਰਨੋਂ ਨਾ ਹਟੇ...ਪੁੱਛ ਲਿਆ ਕੇ ਕੋਈ ਗਿਲਾ-ਸ਼ਿਕਵਾ ਤੇ ਨਹੀਂ ਕੁਦਰਤ ਨਾਲ?



ਆਖਣ ਲੱਗਾ ਏਹੀ ਗੱਲ ਮੈਨੂੰ ਜੂਨ ਜੁਲਾਈ ਦੇ ਫੁੱਲਾਂ ਵਾਂਙ ਖਿੜੇ ਹੋਏ ਮੌਸਮ ਦੇ ਬੁੱਲੇ ਲੁੱਟਦੇ ਹੋਏ ਨੂੰ ਪੁਛੀਂ...ਫੇਰ ਦੱਸਾਂਗਾ..ਜਿਹੜੀ ਇੱਕ ਹੱਥ ਲੈ ਕਈ ਗੁਣਾ ਵੱਧ ਮੋੜ ਦਿੰਦੀ ਹੋਵੇ ਉਸ ਨਾਲ ਕਾਹਦਾ ਗਿਲਾ !

ਤੀਹ ਵਰੇ ਪਹਿਲਾਂ ਪਿੰਡ ਵਾਲੇ ਵੇਹੜੇ ਵਿਚ ਅੱਪੜ ਗਿਆ...

ਬਾਪੂ ਹੁਰਾਂ ਦੀ ਇੱਕ ਭੂਆ ਹੁੰਦੀ ਸੀ...ਸ਼ਗਨਾਂ ਮੌਕੇ ਤੇ ਇੱਕ ਖੂੰਝੇ ਵਿਚ ਮੰਜੀ ਡਾਹ ਦੁਖੜਿਆਂ ਦੀ ਪਟਾਰੀ ਖੋਲ ਆਪ ਵੀ ਰੋਈ ਜਾਂਦੀ ਤੇ ਕੋਲ ਬੈਠਿਆਂ ਨੂੰ ਵੀ ਰੁਆਈ ਜਾਂਦੀ..ਸ਼ਾਇਦ ਫੁੱਫੜ ਨਾਲ ਨਹੀਂ ਸੀ ਬਣਦੀ ਹੁੰਦੀ...।

ਆਪਣੇ ਰੋਣੇ ਰੋ ਲੋਕਾਂ ਦੀ ਹਮਦਰਦੀ ਲੈਣੀ ਵੀ ਇੱਕ ਅਲਾਮਤ ਵਾਂਙ ਹੀ ਹੁੰਦੀ ਏ...

ਇੱਕ ਹੋਰ ਜਾਣਕਾਰ..ਥੋੜੀ ਬਹੁਤ ਢਿੱਲੀ-ਮੱਠੀ ਰਹਿੰਦੀ...ਸ਼ਾਇਦ ਇਸ ਕਰਕੇ ਵੀ ਠੀਕ ਨਹੀਂ ਸੀ ਹੋਣਾ ਚਾਹੁੰਦੀ ਕੇ ਲੋਕ ਪਤਾ ਲੈਣ ਆਉਣੋਂ ਹੀ ਨਾ ਹਟ ਜਾਣ...।

ਦੋਸਤੋ ਨਾਨਕ ਦੁਖੀਆ ਸਭ ਸੰਸਾਰ..ਦੂਜੇ ਦੀ ਥਾਲੀ ਵਿਚ ਪਿਆ ਲੱਡੂ ਅਤੇ ਆਪਣੀ ਝੋਲੀ ਪਏ ਦੁੱਖ ਤਕਲੀਫ਼ਾਂ ਅਕਸਰ ਹੀ ਵਡੇ ਜਾਪਦੇ ਨੇ..

ਮੇਰਾ ਇੱਕ ਦੋਸਤ ਦੱਸਣ ਲੱਗਾ ਕੇ ਇੱਕ ਗੋਰੀ ਨੇ ਕਿਰਾਏ ਚੋਂ ਸੌ ਡਾਲਰ ਘੱਟ ਦਿੱਤਾ ਤਾਂ ਉਸਦੇ ਘਰੇ ਅੱਪੜ ਗਿਆ...ਅੱਗੋਂ ਰੋ ਪਈ..ਤੇ ਫਰਿੱਜ ਦਾ ਬੂਹਾ ਖੋਲ ਦਿੱਤਾ...ਅੰਦਰ ਉੱਲੀ ਲੱਗੀ ਬਰੈੱਡ ਅਤੇ ਕੋਕ ਦੇ ਇੱਕ ਕੈਨ ਤੋਂ ਇਲਾਵਾ ਕੁਝ ਹੈਨੀ ਸੀ..ਓਸੇ ਵੇਲੇ ਘਰੇ ਗਿਆ..ਆਪਣੇ ਫਰਿਜ ਵਿਚੋਂ ਚੀਜਾਂ ਕੱਠੀਆਂ ਕੀਤੀਆਂ ਜਿਹੜੀਆਂ ਹਫਤੇ ਬਾਅਦ ਗਾਰਬੇਜ ਕਰਨੀਆਂ ਸਨ..ਤੇ ਉਸਦਾ ਫਰਿੱਜ ਭਰ ਦਿੱਤਾ !

ਦੋਸਤੋ ਇਹ ਓਸੇ ਕਨੇਡਾ ਦੇ ਹਾਲਾਤ ਨੇ ਜਿਸਦੇ ਬਾਰੇ ਕਈ ਫੜਾਂ ਮਾਰਦੇ ਨੀ ਥੱਕਦੇ ਕੇ ਦੁਨੀਆਂ ਦਾ ਸਭ ਤੋਂ ਵਧੀਆ ਰਹਿਣ ਸਹਿਣ ਦੇ ਪੱਧਰ ਵਾਲਾ ਮੁਲਖ...।

ਸੰਘਰਸ਼ ਤਕਲੀਫ਼ਾਂ ਤੰਗੀਆਂ ਤੁਰਸ਼ੀਆਂ ਅਤੇ ਮੌਸਮੀਂ ਹਾਲਾਤਾਂ ਨਾਲ ਪੈਂਦੇ ਨਿੱਤ ਦਿਹਾੜੇ ਦੇ ਸਿਧੇ ਵਾਹ ਦਾ ਨਾਮ ਏ ਕਨੇਡਾ...।

ਪਾਣੀ,ਬਿਜਲੀ,ਮੋਟਗੇਜਾਂ,ਗੈਸਾਂ,ਕੱਪੜੇ-ਲੱਤੇ ਅਤੇ ਹੋਰ ਅਨੇਕਾਂ ਖਰਚਿਆਂ ਨਾਲ ਜੂਝਦੀ ਹੋਈ ਜਿੰਦਗੀ ਦਾ ਨਾਮ ਏ ਕਨੇਡਾ...।

ਕੁਝ ਕੁ ਡਾਲਰਾਂ ਖਾਤਿਰ ਕੀਤੇ ਅਤੇ ਹੋ ਜਾਂਦੇ ਮਾਨਸਿਕ ਸਰੀਰਕ ਸਮਝੌਤਿਆਂ ਦਾ ਨਾਮ ਏ ਕਨੇਡਾ...।

ਤੁੱਛ ਮੁਨਾਫਿਆਂ ਖਾਤਿਰ ਨਿੱਤ ਦਿਹਾੜੇ ਟੁੱਟਦੀਆਂ ਯਾਰੀਆਂ ਰਿਸ਼ਤੇਦਾਰੀਆਂ ਅਤੇ ਹੁੰਦੇ ਧੋਖਿਆਂ ਦਾ ਨਾਮ ਏ ਕਨੇਡਾ. !

ਡਰਾ ਨਹੀਂ ਰਿਹਾ ਦੋਸਤੋ ਅਸਲੀਅਤ ਦੱਸ ਰਿਹਾ ਹਾਂ..ਅੱਖੀਂ ਦੇਖੀਆਂ ਅਤੇ ਵਜੂਦ ਤੇ ਹੰਡਾਈਆਂ ਬਦੋ-ਬਦੀ ਅਖ਼ੁਰ ਬਣ ਲਿਖਤ ਵਿਚ ਵੜੀ ਜਾਂਦੀਆਂ.. !

ਏਧਰੋਂ ਓਧਰ ਜਾਂਦੇ ਵੀਰਾਂ ਭੈਣਾਂ ਅੱਗੇ ਇੱਕ ਨਿਮਾਣੀ ਜਿਹੀ ਬੇਨਤੀ..ਕਰਜੇ ਚੁੱਕ-ਚੁੱਕ ਲਏ ਘਰਾਂ ਅਤੇ ਮੁੱਲ ਲਈਆਂ ਮਹਿੰਗੀਆਂ ਕਾਰਾਂ ਦੇ ਬੂਹੇ ਖੋਲ ਖੋਲ ਸਾਮਣੇ ਖਿਚਵਾਈਆਂ ਫੋਟੋਆਂ ਘੱਲਣ ਤੋਂ ਗੁਰੇਜ ਕਰਿਆ ਕਰੋ..ਸਾਰਾ ਪੰਜਾਬ ਤਾਂ ਏਧਰ ਆਉਣੋਂ ਰਿਹਾ...ਇਹੋ ਜਿਹੀਆਂ ਹਰਕਤਾਂ ਕਈਆਂ ਦੀ ਰਵਾਂ-ਰਵੀਂ ਤੁਰੀ ਜਾਂਦੀ ਜਿੰਦਗੀ ਦੇ ਸ਼ਾਂਤ ਸਮੁੰਦਰਾਂ ਵਿਚ ਤੂਫ਼ਾਨ ਖੜੇ ਕਰ ਦਿੰਦੀਆਂ ਨੇ.. !

ਜਾਂਦੇ ਜਾਂਦੇ ਉਸ ਸਰਦੇ ਪੁੱਜਦੇ ਵੀਰ ਨੂੰ ਸਿਜਦਾ...ਜਿਸਨੂੰ ਜਦੋਂ ਉਸਦੇ ਡਰਾਇੰਗ ਰੂਮ ਵਿਚ ਮੜਾ ਕੇ ਰੱਖੀ ਹੋਈ ਇੱਕ "ਦਾਤਰੀ" ਬਾਬਤ ਪੁੱਛਿਆ ਤਾਂ ਆਖਣ ਲੱਗਾ ਇਹ ਮੈਨੂੰ ਓਹਨਾ ਪੋਟਿਆਂ ਵਿਚੋਂ ਸਿੰਮਦਾ ਹੋਇਆ ਲਹੂ ਚੇਤੇ ਕਰਾਉਂਦੀ ਏ ਜਿਹੜੇ ਕਦੀ ਇਸਨੇ ਪੱਠੇ ਵੱਡਦਿਆਂ ਕੁਤਰ ਸੁੱਟੇ ਸਨ.. !

ਇਕ ਹੋਰ ਫਾਇਦਾ...ਜਦੋਂ ਕਮਾਏ ਹੋਏ ਦਿਮਾਗ ਤੇ ਹਾਵੀ ਹੋਣ ਲੱਗਣ ਤਾਂ ਇਸਦੇ ਸਾਮਣੇ ਆਣ ਬੈਠਦਾ ਹਾਂ...ਠੰਡ ਜਿਹੀ ਪੈ ਜਾਂਦੀ ਏ !

ਹਰਪ੍ਰੀਤ ਸਿੰਘ ਜਵੰਦਾ






ਪੰਜਾਬ ਸਟਾਰ
www.punjabstar.com

# 'ਬਾਰਡਰ' ਫ਼ਿਲਮ ਦੇ ਦਾਅਵਿਆਂ 'ਤੇ ਉੱਠੇ ਸਵਾਲ: ਜਿਉਂਦੇ ਫੌਜੀਆਂ ਦੀ ਦਿਖਾਈ ਸ਼ਹੀਦੀ




ਬੌਲੀਵੁੱਡ ਫਿਲਮ 'ਬਾਰਡਰ-2' ਪੂਰੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਪਰ 1997 ਵਿੱਚ ਆਈ ਇਸ ਦੀ ਪਹਿਲੀ ਫਿਲਮ 'ਬਾਰਡਰ' ਨੂੰ ਲੈ ਕੇ ਇੱਕ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। 1971 ਦੀ ਲੌਂਗੇਵਾਲਾ ਜੰਗ ਲੜਨ ਵਾਲੇ ਅਸਲੀ ਸੂਰਮਿਆਂ ਨੇ ਫਿਲਮ ਦੀ ਕਹਾਣੀ 'ਤੇ ਸਵਾਲ ਖੜ੍ਹੇ ਕੀਤੇ ਹਨ।

ਫਿਰੋਜ਼ਪੁਰ ਦੇ ਜੰਗੀ ਨਾਇਕ ਜਗਦੇਵ ਸਿੰਘ, ਜੋ 1971 ਦੀ ਜੰਗ ਵੇਲੇ 23 ਪੰਜਾਬ ਰੈਜੀਮੈਂਟ ਦਾ ਹਿੱਸਾ ਸਨ, ਉਨ੍ਹਾਂ ਦਾ ਕਹਿਣਾ ਹੈ ਕਿ ਫਿਲਮ ਵਿੱਚ ਉਨ੍ਹਾਂ ਸਾਰਿਆਂ ਨੂੰ ਸ਼ਹੀਦ ਹੁੰਦੇ ਦਿਖਾਇਆ ਗਿਆ ਹੈ, ਜਦਕਿ ਅਸਲੀਅਤ ਬਿਲਕੁਲ ਵੱਖਰੀ ਹੈ। ਇਨ੍ਹਾਂ ਸਾਬਕਾ ਫੌਜੀਆਂ ਨੇ ਸਰਕਾਰ ਨੂੰ ਚਿੱਠੀ ਲਿਖ ਕੇ ਇਤਰਾਜ਼ ਜਤਾਇਆ ਹੈ। ਜਗਦੇਵ ਸਿੰਘ ਕਹਿੰਦੇ ਹਨ, "ਫਿਲਮ ਵਿੱਚ ਸਾਨੂੰ ਸ਼ਹੀਦ ਦਿਖਾ ਦਿੱਤਾ ਗਿਆ, ਪਰ ਕਿਸੇ ਨੇ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਅਸੀਂ ਕਿੱਥੇ ਹਾਂ ਅਤੇ ਕਿਸ ਹਾਲ ਵਿੱਚ ਹਾਂ। ਕਈ ਵਾਰ ਲੋਕ ਸਾਡਾ ਮਜ਼ਾਕ ਵੀ ਉਡਾਉਂਦੇ ਹਨ ਕਿ ਅਸੀਂ ਮਰ ਚੁੱਕੇ ਹਾਂ ਅਤੇ ਭੁਲਾ ਦਿੱਤੇ ਗਏ ਹਾਂ।"

ਜਗਦੇਵ ਸਿੰਘ ਮੁਤਾਬਕ, ਲੌਂਗੇਵਾਲਾ ਪੋਸਟ 'ਤੇ ਉਨ੍ਹਾਂ ਦੀ ਕੰਪਨੀ ਵਿੱਚ 100 ਤੋਂ ਵੀ ਘੱਟ ਜਵਾਨ ਸਨ, ਜਿਨ੍ਹਾਂ ਵਿੱਚੋਂ ਸਿਰਫ਼ 3 ਜਵਾਨ ਸ਼ਹੀਦ ਹੋਏ ਸਨ। ਉਨ੍ਹਾਂ ਨੇ ਦੁਸ਼ਮਣ ਦੇ ਭਾਰੀ ਟੈਂਕਾਂ ਦੇ ਹਮਲੇ ਨੂੰ ਰੋਕ ਕੇ ਰੱਖਿਆ ਸੀ। ਅੱਜ ਉਸ ਜੰਗ ਵਿੱਚ ਸ਼ਾਮਲ ਸਿਰਫ਼ 20 ਦੇ ਕਰੀਬ ਜਵਾਨ ਜਿਉਂਦੇ ਹਨ, ਜਿਨ੍ਹਾਂ ਦਾ ਸਨਮਾਨ ਚੰਡੀਗੜ੍ਹ ਵਿੱਚ ਇੱਕ ਨਿੱਜੀ ਸੰਸਥਾ ਵੱਲੋਂ ਕੀਤਾ ਜਾ ਰਿਹਾ ਹੈ। ਮਰਹੂਮ ਬ੍ਰਿਗੇਡੀਅਰ ਕੇ.ਐੱਸ. ਚਾਂਦਪੁਰੀ, ਜਿਨ੍ਹਾਂ ਨੂੰ ਮਹਾਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ, ਉਨ੍ਹਾਂ ਨੇ ਵੀ ਪਹਿਲਾਂ ਦੱਸਿਆ ਸੀ ਕਿ ਉਨ੍ਹਾਂ ਕੋਲ ਸਿਰਫ਼ 70 ਜਵਾਨ ਸਨ ਜਿਨ੍ਹਾਂ ਨੇ ਪਾਕਿਸਤਾਨ ਦੀ 2,800 ਫੌਜੀਆਂ ਵਾਲੀ ਬ੍ਰਿਗੇਡ ਅਤੇ 65 ਟੈਂਕਾਂ ਦਾ ਸਾਹਮਣਾ ਕੀਤਾ ਸੀ। ਭਾਰਤੀ ਹਵਾਈ ਫੌਜ ਨੇ ਸਵੇਰ ਹੁੰਦੇ ਹੀ ਦੁਸ਼ਮਣ ਦੇ 22 ਟੈਂਕ ਤਬਾਹ ਕਰ ਦਿੱਤੇ ਸਨ।

ਦੂਜੇ ਪਾਸੇ, ਕੁਝ ਮਾਹਰਾਂ ਦਾ ਮੰਨਣਾ ਹੈ ਕਿ ਵਪਾਰਕ ਫਿਲਮਾਂ ਵਿੱਚ ਮਨੋਰੰਜਨ ਅਤੇ ਡਰਾਮੇ ਲਈ ਕੁਝ ਤੱਥ ਬਦਲੇ ਜਾਂਦੇ ਹਨ ਪਰ ਹੁਣ 'ਬਾਰਡਰ-2' ਵਰਗੀਆਂ ਫਿਲਮਾਂ ਵਿੱਚ ਫੌਜੀ ਸਲਾਹਕਾਰਾਂ ਦੀ ਮਦਦ ਲਈ ਜਾ ਰਹੀ ਹੈ ਤਾਂ ਜੋ ਹਕੀਕਤ ਨੂੰ ਸਹੀ ਢੰਗ ਨਾਲ ਪੇਸ਼ ਕੀਤਾ ਜਾ ਸਕੇ। ਇਨ੍ਹਾਂ ਬਜ਼ੁਰਗ ਫੌਜੀਆਂ ਦਾ ਮਕਸਦ ਸਿਰਫ਼ ਇੰਨਾ ਹੈ ਕਿ ਆਉਣ ਵਾਲੀ ਪੀੜ੍ਹੀ ਨੂੰ ਜੰਗ ਦੀ ਸਹੀ ਅਤੇ ਸੱਚੀ ਕਹਾਣੀ ਪਤਾ ਲੱਗੇ ਤਾਂ ਜੋ ਉਹ ਦੇਸ਼ ਦੇ ਅਸਲੀ ਸੂਰਮਿਆਂ ਤੋਂ ਪ੍ਰੇਰਨਾ ਲੈ ਸਕਣ।

# ਸਿਨੇਮਾ ਤੇ ਸੁਰਾਂ ਦਾ ਮੁੜ ਸੁਮੇਲ



ਬੌਲੀਵੁੱਡ ਦਾ ਉੱਘਾ ਨਿਰਦੇਸ਼ਕ ਇਮਤਿਆਜ਼ ਅਲੀ ਇੱਕ ਵਾਰ ਫਿਰ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨਾਲ ਆਪਣੀ ਫਿਲਮ ਲੈ ਕੇ ਆ ਰਿਹਾ ਹੈ। ਨਵੀਂ ਫਿਲਮ ਵਿੱਚ ਦਿਲਜੀਤ ਦੋਸਾਂਝ ਤੋਂ ਇਲਾਵਾ ਨਸੀਰੁਦੀਨ ਸ਼ਾਹ, ਸ਼ਰਵਰੀ ਵਾਘ ਅਤੇ ਵੇਦਾਂਗ ਰੈਨਾ ਵਰਗੇ ਸ਼ਾਨਦਾਰ ਕਲਾਕਾਰ ਅਹਿਮ ਭੂਮਿਕਾਵਾਂ ਵਿੱਚ ਹਨ। ਫਿਲਮ ਦੀ ਸ਼ੂਟਿੰਗ ਮੁੰਬਈ ਤੋਂ ਇਲਾਵਾ ਪੰਜਾਬ ਵਿੱਚ ਵੀ ਕੀਤੀ ਗਈ। ਰਿਪੋਰਟਾਂ ਅਨੁਸਾਰ ਇਹ ਫਿਲਮ 12 ਜੂਨ ਨੂੰ ਰਿਲੀਜ਼ ਹੋਵੇਗੀ। ਇਸ ਤੋਂ ਪਹਿਲਾਂ 2024 ਵਿੱਚ ਇਤਿਆਜ਼ ਅਲੀ ਦੇ ਨਿਰਦੇਸ਼ਨ ਵਿੱਚ ਦਿਲਜੀਤ ਦੋਸਾਂਝ ਸੁਪਰਹਿੱਟ ਫਿਲਮ 'ਅਮਰ ਸਿੰਘ ਚਮਕੀਲਾ' ਕਰ ਚੁੱਕਿਆ ਹੈ। ਇਸ ਫਿਲਮ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਸੀ। ਇਹ ਫਿਲਮ ਨੈੱਟਫਲਿਕਸ 'ਤੇ ਸਟ੍ਰੀਮ ਕੀਤੀ ਗਈ ਸੀ।

ਫਿਲਮ ਵਪਾਰ ਵਿਸ਼ਲੇਸ਼ਕ ਤਰਨ ਆਦਰਸ਼ ਨੇ ਸੋਸ਼ਲ ਮੀਡੀਆ 'ਤੇ ਇਮਤਿਆਜ਼ ਅਲੀ ਦੀ ਇੱਕ ਫੋਟੋ ਸਾਂਝੀ ਕੀਤੀ ਹੈ, ਜਿਸ ਵਿੱਚ ਇਸ ਪ੍ਰਾਜੈਕਟ ਦਾ ਖੁਲਾਸਾ ਕੀਤਾ ਗਿਆ ਹੈ। ਫਿਲਮ ਦਾ ਨਾਂ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ, ਪਰ ਇਹ ਪੁਸ਼ਟੀ ਕੀਤੀ ਗਈ ਹੈ ਕਿ ਇਹ ਖੁਦ ਇਮਤਿਆਜ਼ ਅਲੀ ਦੁਆਰਾ ਲਿਖੀ ਅ ਤ ਨਿਰਦੇਸ਼ਿ ਤ ਕੀਤੀ ਗਈ ਹੈ। ਰਿਪੋਰਟਾਂ ਅਨੁਸਾਰ ਇਹ ਫਿਲਮ ਇੱਕ ਪ੍ਰੇਮ ਕਹਾਣੀ 'ਤੇ ਆਧਾਰਿਤ ਹੋਵੇਗੀ, ਜਿਸ ਵਿੱਚ ਕਾਮੇਡੀ ਵੀ ਦੇਖਣ ਨੂੰ ਮਿਲੇਗੀ। ਫਿਲਮ ਪੂਰੀ ਹੋ ਚੁੱਕੀ ਹੈ ਅਤੇ ਇਸ ਸਮੇਂ ਪੋਸਟ-ਪ੍ਰੋਡਕਸ਼ਨ ਵਿੱਚ ਹੈ। ਇਮਤਿਆਜ਼ ਦੀਆਂ ਫਿਲਮਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਨ੍ਹਾਂ ਦਾ ਸੰਗੀਤ ਹੈ ਅਤੇ ਇਸ ਵਾਰ ਵੀ ਕੁਝ ਅਜਿਹਾ ਹੀ ਹੋਣ ਦੀ ਉਮੀਦ ਹੈ। ਇਸ ਫਿਲਮ ਲਈ ਏ. ਆਰ.ਰਹਿਮਾਨ, ਇਰਸ਼ਾਦ ਕਾਮਿਲ ਅਤੇ ਇਮਤਿਆਜ਼ ਅਲੀ ਦੀ ਰਚਨਾਤਮਕ ਟੀਮ ਮੁੜ ਇਕੱਠੀ ਹੋਈ ਹੈ ਜਿਨ੍ਹਾਂ ਨੇ ਹਿੰਦੀ ਸਿਨੇਮਾ ਲਈ ਯਾਦਗਾਰੀ ਸੰਗੀਤ ਦੀ ਸਿਰਜਣਾ ਕੀਤੀ ਹੈ।

ਇਮਤਿਆਜ਼ ਅਲੀ ਅਤੇ ਦਿਲਜੀਤ ਦੋਸਾਂਝ ਭਾਰਤੀ ਫਿਲਮ ਜਗਤ ਦੇ ਦੋ ਵਿਲੱਖਣ ਨਾਮ ਹਨ, ਜਿਨ੍ਹਾਂ ਨੇ ਆਪਣੀ-ਆਪਣੀ ਕਲਾ ਨਾਲ ਦਰਸ਼ਕਾਂ ਦੇ ਦਿਲ ਜਿੱਤੇ ਹਨ। ਇਮਤਿਆਜ਼ ਅਲੀ ਨੂੰ ਆਪਣੀਆਂ ਸੰਵੇਦਨਸ਼ੀਲ ਅਤੇ ਅੰਦਰੂਨੀ ਜਜ਼ਬਾਤਾਂ ਨੂੰ ਛੂਹਣ ਵਾਲੀਆਂ ਫਿਲਮਾਂ ਲਈ ਜਾਣਿਆ ਜਾਂਦਾ ਹੈ, ਜਿਵੇਂ ਕਿ 'ਜਬ ਵੀ ਮੈਟ' ਅਤੇ "ਰੌਕਸਟਾਰ", ਜਿੱਥੇ ਪਿਆਰ ਅਤੇ ਜ਼ਿੰਦਗੀ ਦੇ ਅਰਥ ਨੂੰ ਨਵੇਂ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਦੂਜੇ ਪਾਸੇ, ਦਿਲਜੀਤ ਦੋਸਾਂਝ ਨੇ ਪੰਜਾਬੀ ਸੰਗੀਤ ਤੋਂ ਲੈ ਕੇ ਬੌਲੀਵੁੱਡ ਤੱਕ ਆਪਣੀ ਅਦਾਕਾਰੀ ਅਤੇ ਗਾਇਕੀ ਨਾਲ ਖ਼ਾਸ ਮੁਕਾਮ ਬਣਾਇਆ ਹੈ। ਦੋਵੇਂ ਕਲਾਕਾਰ ਆਪਣੀ ਸਾਦਗੀ ਅਤੇ ਮਜ਼ਬੂਤ ਕਲਾਤਮਕ ਦ੍ਰਿਸ਼ਟੀ ਨਾਲ ਅੱਜ ਦੇ ਦਰਸ਼ਕਾਂ ਲਈ ਪ੍ਰੇਰਨਾ ਦਾ ਸਰੋਤ ਹਨ।

# ਜਰਖੜ ਖੇਡਾਂ ਦੀ ਖੇਡ ਮਿਸਾਲ 13 ਫ਼ਰਵਰੀ ਨੂੰ ਲਾਹੌਰ ਤੋਂ ਤੁਰੇਗੀ

## 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 13-14-15 ਫ਼ਰਵਰੀ ਨੂੰ




ਲੁਧਿਆਣਾ (ਪੰਕਜ ਕੁਮਾਰ): ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਈਆਂ ਜਾਣ ਵਾਲੀਆਂ ਜੀਐਸਟੀ ਟਰੱਕ ਪਰਮਿਟ, ਏਵਨ ਸਾਈਕਲ, 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 13 14 ਅਤੇ 15 ਫਰਵਰੀ 2026 ਨੂੰ ਕਰਵਾਈਆਂ ਜਾ ਰਹੀਆਂ ਹਨ।

13 ਫਰਵਰੀ ਨੂੰ ਖੇਡਾਂ ਦਾ ਉਦਘਾਟਨੀ ਸਮਾਗਮ ਬੇਹੱਦ ਲਾਜਵਾਬ ਹੋਵੇਗਾ। ਇਸ ਵਿੱਚ ਜਿੱਥੇ ਇਲਾਕੇ ਦੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਦਾ ਮਾਰਚ ਪਾਸਟ ਖਿੱਚ ਦਾ ਕੇਂਦਰ ਬਣੇਗਾ ਉਥੇ ਵੱਖ ਵੱਖ ਸਕੂਲਾਂ ਦੀ ਸੱਭਿਆਚਾਰ ਵੰਨਗੀਆ ਵੀ ਖੇਡ ਮਹੌਲ ਨੂੰ ਹੋਰ ਸੁਹਾਵਣਾ ਬਣਾਉਣਗੀਆ । ਇਸ ਮੌਕੇ ਜਰਖੜ ਖੇਡਾਂ ਦੀ ਉਲੰਪਿਕ ਖੇਡ ਮਿਸ਼ਾਲ ਜੰਨਤ ਏ ਜਰਖੜ ਮਿਊਜ਼ੀਅਮ ਦੇ ਲਾਹੌਰ ( ਪਾਕਿਸਤਾਨ ਵਾਲਾ ਲਾਹੌਰ ਨਹੀਂ) ਤੋਂ ਚੱਲੇਗੀ ਅਤੇ ਖਿਡਾਰੀਆਂ ਦੇ ਕਾਫਲੇ ਦੇ ਰੂਪ ਵਿੱਚ ਜਰਖੜ ਖੇਡ ਸਟੇਡੀਅਮ ਵਿਖੇ ਪੁੱਜੇਗੀ ਜਿੱਥੇ ਕੌਮੀ ਅਤੇ ਅੰਤਰਾਸ਼ਟਰੀ ਪੱਧਰ ਦੇ ਖਿਡਾਰੀ ਖੇਡ ਮਿਸ਼ਾਲ ਨੂੰ ਜਗਾਉਣਗੇ , ਅਤੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਹੋਵੇਗਾ। ਖੇਡਾਂ ਦਾ ਉਦਘਾਟਨ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਧ ਕਰਨਗੇ ਜਦਕਿ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਕਰਨਗੇ। ਅੱਜ ਪ੍ਰਬੰਧਕਾਂ ਨੇ ਜਰਖੜ ਖੇਡਾਂ ਦਾ ਪੋਸਟਰ ਵੀ ਰਿਲੀਜ਼ ਕੀਤਾ। ਇਸ ਵਰ੍ਹੇ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਉੱਤੇ 15 ਫਰਵਰੀ ਨੂੰ ਦੁਪਹਿਰ 1 ਵਜੇ ਪੰਜਾਬ ਦੇ ਸਾਬਕਾ ਡੀਜੀਪੀ ਅਤੇ ਖੇਡ ਸਮਰਥਕ ਅਧਿਕਾਰੀ ਸ੍ਰੀ ਚੰਦਰਸ਼ੇਖਰ ਨੂੰ "ਖੇਡ ਪ੍ਰਮੋਟਰ ਅਮਰਜੀਤ ਗਰੇਵਾਲ ਐਵਾਰਡ" ਨਾਲ, ਪਦਮ ਸ੍ਰੀ ਬਲਦੇਵ ਸਿੰਘ ਨੂੰ ਭਗਤ ਪੂਰਨ ਸਿੰਘ ਐਵਾਰਡ" ਨਾਲ, ਪ੍ਰਭਦੀਪ ਸਿੰਘ ਨੱਥੋਵਾਲ ਡਿਪਟੀ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੂੰ "ਪੰਜਾਬ ਦਾ ਮਾਣ ਐਵਾਰਡ" ਸ਼੍ਰੀਮਤੀ ਸਿਮਰਨਜੀਤ ਕੌਰ ਗਿੱਲ ਪ੍ਰੋ.ਵਾਈਸ ਚਾਂਸਲਰ ਸੀ ਟੀ ਯੂਨੀਵਰਸਿਟੀ ਲੁਧਿਆਣਾ ਨੂੰ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਨਾਲ,ਪੱਤਰਕਾਰ ਦਵਿੰਦਰਪਾਲ ਸਿੰਘ ਚੰਡੀਗੜ੍ਹ ਨੂੰ "ਪੰਜਾਬ ਦੀ ਪੱਤਰਕਾਰੀ ਦਾ ਮਾਣ ਐਵਾਰਡ" ਦੇ ਨਾਲ, ਸਾਈਕਲਿਸਟ ਹਰਸ਼ਵੀਰ ਸਿੰਘ ਸੇਖੋਂ ਨੂੰ "ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ" ਨਾਲ, ਵੇਟਰਨਜ਼ ਹਾਕੀ ਖਿਡਾਰੀ ਕਰਮਜੀਤ ਸਿੰਘ ਗਰੇਵਾਲ ਯੂ ਐਸ ਏ ਨੂੰ ਉਲੰਪੀਅਨ ਪ੍ਰਿਥੀਪਾਲ ਸਿੰਘ ਐਵਾਰਡ ਦੇ ਨਾਲ ਸਨਮਾਨਿਆ ਜਾਵੇਗਾ।

ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਹਾਕੀ ਗੋਲਡ ਕੱਪ ਅਤੇ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਖੇਡਾਂ ਦਾ ਮੁੱਖ ਆਕਰਸ਼ਨ ਹੋਵੇਗਾ। ਉਹਨਾਂ ਦੱਸਿਆ ਹਾਕੀ ਲੜਕੇ ਤੇ ਲੜਕੀਆਂ, ਹਾਕੀ ਅੰਡਰ 17 ਸਾਲ ਮੁੰਡੇ, ਕਬੱਡੀ ਓਪਨ , ਕਬੱਡੀ ਬਜ਼ੁਰਗਾਂ ਦੀ 50 ਸਾਲ ਧਰਮ ਸਿੰਘ ਜਰਖੜ ਕਬੱਡੀ ਕੱਪ, ਅਮਰਜੀਤ ਗਰੇਵਾਲ ਦੀ ਯਾਦ ਵਿੱਚ ,ਫੁੱਟਬਾਲ 60 ਕਿਲੋ ਮੁੰਡੇ, ਅਤੇ ਅੰਡਰ 19 ਸਾਲ ਕੁੜੀਆਂ ਦੇ ਮੁਕਾਬਲੇ, ਬਾਬਾ ਸੁਰਜਨ ਸਿੰਘ ਸਰੀਂਹ ਦੀ ਯਾਦ ਵਿੱਚ ਰੱਸਾਕਸ਼ੀ ਸੀਨੀਅਰ ਵਰਗ ਦੇ ਮੁਕਾਬਲੇ, ਇਸਤੋਂ ਇਲਾਵਾ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਵੱਖ ਵੱਖ ਖੇਡਾਂ, ਰੱਸਾਕਸ਼ੀ, ਦੌੜਾਂ, ਕਬੱਡੀ ਪ੍ਰਾਇਮਰੀ ਸਕੂਲ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਖਿਡਾਰੀਆਂ ਅਤੇ ਆਮ ਪਬਲਿਕ ਵਾਸਤੇ ਲੰਗਰ ਦੀ ਸੇਵਾ ਗੁਰਦੁਆਰਾ ਮਾਤਾ ਸਾਹਿਬ ਕੌਰ ਮੰਜੀ ਸਾਹਿਬ ਜਰਖੜ ਦੇ ਪ੍ਰਬੰਧਕਾਂ ਵੱਲੋਂ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਵਿੱਚ ਗੁਰਦੁਆਰਾ ਮੰਜੀ ਸਾਹਿਬ ਕਮੇਟੀ ਦੇ ਪ੍ਰਧਾਨ ਦਿਲਬਾਗ ਸਿੰਘ ਜਰਖੜ, ਸਰਪੰਚ ਸੰਦੀਪ ਸਿੰਘ ਜਰਖੜ, ਤਪਿੰਦਰ ਸਿੰਘ ਗੋਗਾ, ਪ੍ਰੀਤਮਹਿੰਦਰ ਸਿੰਘ ਨਿੱਪੀ, ਤਜਿੰਦਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਬਲਵੰਤ ਸਿੰਘ ਬੁੱਢੇਵਾਲ, ਜਸਮੇਲ ਸਿੰਘ ਨੋਕਵਾਲ,ਸਾਬੀ ਜਰਖੜ ਆਦਿ ਹੋਰ ਪ੍ਰਬੰਧਕ ਹਾਜ਼ਰ ਸਨ। ਫਾਈਨਲ ਸਮਾਰੋਹ ਤੇ 15 ਫ਼ਰਵਰੀ ਨੂੰ ਦੁਪਹਿਰ 2 ਵਜੇ ਨਾਮੀ ਲੋਕ ਗਾਇਕਾ ਸਤਵਿੰਦਰ ਬਿੱਟੀ, ਜਸਵੰਤ ਸੰਦੀਲਾ, ਨੀਤੂ ਵਿਰਕ, ਗੁਰਜਾਨ ਆਦਿ ਹੋਰ ਗਾਇਕਾਂ ਦਾ ਖੁੱਲ੍ਹਾ ਅਖਾੜਾ ਵੀ ਲੱਗੇਗਾ।

# ਜਰਖੜ ਖੇਡਾਂ ਤੇ ਡੀਜੀਪੀ ਚੰਦਰਸ਼ੇਖਰ ,ਪਦਮ ਸ੍ਰੀ ਬਲਦੇਵ ਸਿੰਘ, ਡਿਪਟੀ ਡਾਇਰੈਕਟਰ ਪ੍ਰਭਦੀਪ, ਪੱਤਰਕਾਰ ਦਵਿੰਦਰਪਾਲ, ਸਿਮਰਨਜੀਤ ਕੌਰ ਗਿੱਲ, ਖਿਡਾਰੀ ਹਰਸ਼ਵੀਰ ਅਤੇ ਕਰਮਜੀਤ ਗਰੇਵਾਲ ਸਮੇਤ 7 ਸਖਸ਼ੀਅਤਾਂ ਦਾ ਹੋਵੇਗਾ ਵਿਸ਼ੇਸ਼ ਸਨਮਾਨ

## 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 13-14-15 ਫ਼ਰਵਰੀ ਨੂੰ




ਲੁਧਿਆਣਾ (ਪੰਕਜ ਕੁਮਾਰ) ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਈਆਂ ਜਾਣ ਵਾਲੀਆਂ ਜੀਐਸਟੀ ਟਰੱਕ ਪਰਮਿਟ, ਏਵਨ ਸਾਈਕਲ, 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 13 14 ਅਤੇ 15 ਫਰਵਰੀ 2026 ਨੂੰ ਕਰਵਾਈਆਂ ਜਾ ਰਹੀਆਂ ਹਨ। ਇਸ ਵਰ੍ਹੇ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਉੱਤੇ 15 ਫਰਵਰੀ ਨੂੰ ਦੁਪਹਿਰ 1 ਵਜੇ ਪੰਜਾਬ ਦੇ ਸਾਬਕਾ ਡੀਜੀਪੀ ਅਤੇ ਖੇਡ ਸਮਰਥਕ ਅਧਿਕਾਰੀ ਸ੍ਰੀ ਚੰਦਰਸ਼ੇਖਰ ਨੂੰ " ਖੇਡ ਪ੍ਰਮੋਟਰ ਅਮਰਜੀਤ ਗਰੇਵਾਲ ਐਵਾਰਡ" ਨਾਲ, ਪਦਮ ਸ੍ਰੀ ਬਲਦੇਵ ਸਿੰਘ ਨੂੰ ਭਗਤ ਪੂਰਨ ਸਿੰਘ ਐਵਾਰਡ" ਨਾਲ , ਪ੍ਰਭਦੀਪ ਸਿੰਘ ਨੱਥੋਵਾਲ ਡਿਪਟੀ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੂੰ"ਪੰਜਾਬ ਦਾ ਮਾਣ ਐਵਾਰਡ" ਸ਼੍ਰੀਮਤੀ ਸਿਮਰਨਜੀਤ ਕੌਰ ਗਿੱਲ ਪ੍ਰੋ ਵਾਈਸ ਚਾਂਸਲਰ ਸੀ ਟੀ ਯੂਨੀਵਰਸਿਟੀ ਲੁਧਿਆਣਾ ਨੂੰ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਨਾਲ,ਪੱਤਰਕਾਰ ਦਵਿੰਦਰਪਾਲ ਸਿੰਘ ਚੰਡੀਗੜ੍ਹ ਨੂੰ "ਪੰਜਾਬ ਦੀ ਪੱਤਰਕਾਰੀ ਦਾ ਮਾਣ ਐਵਾਰਡ" ਦੇ ਨਾਲ, ਸਾਈਕਲਿਸਟ ਹਰਸ਼ਵੀਰ ਸਿੰਘ ਸੇਖੋਂ ਨੂੰ "ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ " ਨਾਲ, ਵੇਟਰਨਜ਼ ਹਾਕੀ ਖਿਡਾਰੀ ਕਰਮਜੀਤ ਸਿੰਘ ਗਰੇਵਾਲ ਯੂ ਐਸ ਏ ਨੂੰ ਉਲੰਪੀਅਨ ਪ੍ਰਿਥੀਪਾਲ ਸਿੰਘ ਐਵਾਰਡ ਦੇ ਨਾਲ ਸਨਮਾਨਿਆ ਜਾਵੇਗਾ। ਜਰਖੜ ਖੇਡ ਟਰੱਸਟ ਦੀ ਮੀਟਿੰਗ ਵਿੱਚ ਅੱਜ ਇਹ ਅਹਿਮ ਫੈਸਲਾ ਲਿਆ ਗਿਆ।

ਅੱਜ ਜਰਖੜ ਖੇਡ ਸਟੇਡੀਅਮ ਵਿਖੇ ਹੋਈ ਮੀਟਿੰਗ ਬਾਅਦ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਸਾਬਕਾ ਏਆਈਜੀ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਹਾਕੀ ਗੋਲਡ ਕੱਪ ਅਤੇ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਖੇਡਾਂ ਦਾ ਮੁੱਖ ਆਕਰਸ਼ਨ ਹੋਵੇਗਾ। ਉਹਨਾਂ ਦੱਸਿਆ ਹਾਕੀ ਲੜਕੇ ਤੇ ਲੜਕੀਆਂ, ਹਾਕੀ ਅੰਡਰ 17 ਸਾਲ ਮੁੰਡੇ, ਕਬੱਡੀ ਓਪਨ , ਕਬੱਡੀ ਬਜ਼ੁਰਗਾਂ ਦੀ 50 ਸਾਲ ਧਰਮ ਸਿੰਘ ਜਰਖੜ ਕਬੱਡੀ ਕੱਪ, ਅਮਰਜੀਤ ਗਰੇਵਾਲ ਦੀ ਯਾਦ ਵਿੱਚ ,ਫੁੱਟਬਾਲ 60 ਕਿਲੋ ਮੁੰਡੇ, ਅਤੇ ਅੰਡਰ 19 ਸਾਲ ਕੁੜੀਆਂ ਦੇ ਮੁਕਾਬਲੇ, ਬਾਬਾ ਸੁਰਜਨ ਸਿੰਘ ਸਰੀਂਹ ਦੀ ਯਾਦ ਵਿੱਚ ਰੱਸਾਕਸ਼ੀ ਸੀਨੀਅਰ ਵਰਗ ਦੇ ਮੁਕਾਬਲੇ, ਇਸਤੋਂ ਇਲਾਵਾ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਵੱਖ ਵੱਖ ਖੇਡਾਂ, ਰੱਸਾਕਸ਼ੀ, ਦੌੜਾਂ, ਕਬੱਡੀ ਪ੍ਰਾਇਮਰੀ ਸਕੂਲ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਸਿਰਫ ਸੱਦਾ ਪੱਤਰ ਵਾਲੀਆਂ ਹੀ ਟੀਮਾਂ ਨੂੰ ਐਂਟਰੀ ਹੋਵੇਗੀ ।

ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਅਤੇ ਮਨਮੋਹਨ ਗਰੇਵਾਲ ਮੋਹਣਾ ਜੋਧਾ ਸਿਆਟਲ ਨੇ ਦੱਸਿਆ ਕਿ ਜਰਖੜ ਖੇਡਾਂ ਦਾ ਮੁੱਖ ਮਕਸਦ ਨਸ਼ਾ ਰਹਿਤ ਸਮਾਜ ਦੀ ਸਿਰਜਣਾ ਹੋਵੇਗਾ । ਉਹਨਾਂ ਦੱਸਿਆ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ ਇਸ ਮੌਕੇ ਜਿੱਥੇ ਡਰੈਗਨ ਅਕੈਡਮੀ ਦੇ ਬੱਚਿਆਂ ਵੱਲੋਂ ਸਭਿਆਚਾਰ ਗੀਤਾ ਤੇ ਕੋਰੀਓਗਰਾਫੀ ਲੋਕ ਗਾਇਕ ਜਸਵੰਤ ਸੰਦੀਲਾ ਵਲੋਂ ਜਰਖੜ ਖੇਡਾਂ ਤੇ ਤਿਆਰ ਕੀਤਾ ਗੀਤ ਆਦਿ ਹੋਰ ਸਭਿਆਚਾਰਕ ਵੰਨਗੀਆਂ ਮੁੱਖ ਖਿੱਚ ਦਾ ਕੇਂਦਰ ਹੋਣਗੀਆਂ। ਫਾਈਨਲ ਸਮਾਰੋਹ ਤੇ 15 ਫ਼ਰਵਰੀ ਨੂੰ ਦੁਪਹਿਰ 2 ਵਜੇ ਨਾਮੀ ਲੋਕ ਗਾਇਕਾ ਸਤਵਿੰਦਰ ਬਿੱਟੀ, ਜਸਵੰਤ ਸੰਦੀਲਾ,ਨੀਤੂ ਵਿਰਕ, ਗੁਰਜਾਨ ਆਦਿ ਹੋਰ ਗਾਇਕਾਂ ਦਾ ਖੁੱਲਾ ਅਖਾੜਾ ਵੀ ਲੱਗੇਗਾ।






# ਜ਼ਿੰਮੇਵਾਰ ਬਣੀਏ, ਆਪਣੇ ਕੰਮਾਂ ਅਤੇ ਚੋਣਾਂ ਦੀ ਜ਼ਿੰਮੇਵਾਰੀ ਚੁੱਕੀਏ !

ਮਨੁੱਖ ਵਿੱਚ ਹੋਰ ਸਾਰੇ ਜੀਵਾਂ ਨਾਲੋਂ ਵੱਧ ਸਮਰੱਥਾ ਅਤੇ ਕੁਝ ਖਾਸ ਗੁਣ ਹਨ ਜਿਵੇਂ ਸੋਚਣਾ, ਕਲਪਨਾ ਕਰਨਾ, ਯੋਜਨਾਵਾਂ ਬਣਾਉਣੀਆਂ, ਵਿਸ਼ਲੇਸ਼ਣ ਕਰਨਾ, ਚੰਗੇ ਬੁਰੇ ਦੀ ਪਹਿਚਾਣ ਕਰਨੀ ਅਤੇ ਨਤੀਜੇ ਕੱਢਣੇ ਆਦਿ। ਉਹ ਜੋ ਵੀ ਕੰਮ ਕਰਦਾ ਹੈ, ਵਧੀਆ ਢੰਗ ਨਾਲ ਯੋਜਨਾ ਬਣਾ ਕੇ ਉਸ ਉੱਤੇ ਅਮਲ ਕਰਦਾ ਹੈ। ਸਾਡੇ ਲਈ ਸਭ ਤੋਂ ਵੱਡੀ ਸਿੱਖਿਆ ਇਹ ਹੈ ਕਿ ਮਨੁੱਖ ਆਪਣੇ ਕਰਮਾਂ ਦਾ ਮਾਲਕ ਹੈ। ਜਿਹੋ ਜਿਹਾ ਅਸੀਂ ਕੰਮ ਕਰਦੇ ਹਾਂ ,ਉਹੋ ਜਿਹੇ ਨਤੀਜੇ ਸਾਨੂੰ ਮਿਲਦੇ ਹਨ। ਇਹ ਸਿਧਾਂਤ ਸਿਰਫ ਧਾਰਮਿਕ ਗ੍ਰੰਥਾਂ ਤੱਕ ਹੀ ਸੀਮਿਤ ਨਹੀਂ, ਬਲਕਿ ਮਨੋਵਿਗਿਆਨ, ਵਿਗਿਆਨ, ਸਮਾਜ ਸ਼ਾਸਤਰ ਅਤੇ ਇਤਿਹਾਸ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਜੋ ਵਿਅਕਤੀ ਆਪਣੇ ਕੰਮਾਂ ਦੀ ਜਿੰਮੇਵਾਰੀ ਲੈਣਾ ਸਿੱਖ ਲੈਂਦਾ ਹੈ, ਓਹੀ ਜੀਵਨ ਵਿੱਚ ਸਫ਼ਲਤਾ ਅਤੇ ਸੰਤੁਸ਼ਟੀ ਪ੍ਰਾਪਤ ਕਰਦਾ ਹੈ।

ਪਹਿਲਾ ਕਦਮ ਹੈ ਜਿੰਮੇਵਾਰ ਬਣਨਾ :–ਇਸ ਦਾ ਭਾਵ ਇਹ ਹੈ ਕਿ ਅਸੀਂ ਜੋ ਵੀ ਕੰਮ ਕਰ ਰਹੇ ਹਾਂ, ਕਿਸੇ ਵੀ ਰਿਸ਼ਤੇ ਜਾਂ ਰੁਤਬੇ ਦੀ ਪ੍ਰਤੀਨਿਧਤਾ ਕਰ ਰਹੇ ਹਾਂ, ਉਸ ਦੀਆਂ ਜ਼ਿੰਮੇਵਾਰੀਆਂ ਤੋਂ ਬਾਖੂਬੀ ਜਾਣੂ ਹੋਈਏ ਅਤੇ ਉਹਨਾਂ ਨੂੰ ਹਰ ਹਾਲਤ ਵਿੱਚ ਪੂਰਾ ਕਰੀਏ। ਆਪਣੇ ਸੰਬੰਧਾਂ ਵਿੱਚ ਅਸੀਂ ਜਿੱਥੇ ਵੀ ਹਾਂ ਮਾਤਾ, ਪਿਤਾ, ਪਤੀ,ਪਤਨੀ,ਪੁੱਤਰ, ਧੀ, ਭੈਣ, ਭਰਾ, ਦੋਸਤ ਆਦਿ ਆਦਿ ,ਆਪਣਾ ਬਣਦਾ ਫਰਜ ਖੁਸ਼ੀ ਨਾਲ ਕਰੀਏ ਅਤੇ ਕਿਸੇ ਵੀ ਵੱਡੇ ਛੋਟੇ ਨੂੰ ਕੋਈ ਸ਼ਿਕਾਇਤ ਨਾ ਆਉਣ ਦੇਈਏ। ਇਸ ਨਾਲ ਸਾਡੇ ਸੰਬੰਧ ਹੋਰ ਸੁਖਾਵੇਂ ਬਣਨਗੇ। ਕੰਮ ਕਰਦੇ ਸਮੇਂ ਵੀ ਇਹੀ ਬਿਰਤੀ ਰੱਖੀਏ ਕਿ ਜੋ ਮੇਰੀ ਡਿਊਟੀ ਹੈ, ਘੱਟੋ ਘੱਟ ਮੈਂ ਆਪਣੇ ਹਿੱਸੇ ਦਾ ਸਾਰਾ ਕੰਮ ਪੂਰਾ ਕਰਨਾ ਹੈ। ਵਧੇਰੇ ਚੰਗਾ ਹੈ ਜੇ ਬਣਦੀ ਡਿਊਟੀ ਤੋਂ ਵੱਧ ਵੀ ਲੋੜ ਪੈਣ ਤੇ ਕਰ ਸਕੀਏ। ਕਦੇ ਵੀ ਸਾਨੂੰ ਮਹਿਸੂਸ ਹੁੰਦਾ ਹੈ ਕਿ ਕੰਮ ਦੀ ਬਹੁਤਾਤ ਕਾਰਨ ਜਾਂ ਆਪਣੀ ਅਸਮਰੱਥਾ ਕਾਰਨ ਜੇ ਕੋਈ ਕੰਮ ਨਹੀਂ ਹੋਣ ਵਾਲਾ ਤਾਂ ਆਪਣੇ ਬਾੱਸ ਨੂੰ ਜਾਂ ਸਾਥੀਆਂ ਨੂੰ ਅਗਾਊਂ ਹੀ ਸਪਸ਼ਟ ਦੱਸ ਦੇਣਾ ਚਾਹੀਦਾ ਹੈ ਤਾਂ ਕਿ ਉਸਦਾ ਬਦਲ ਲੱਭਿਆ ਜਾ ਸਕੇ ਅਤੇ ਕਿਸੇ ਛੋਟੇ ਤੋਂ ਛੋਟੇ ਕੰਮ ਵਿੱਚ ਵੀ ਖੜ੍ਹੋਤ ਨਾ ਪਵੇ। ਪਰਿਵਾਰ ਤੋਂ ਸ਼ੁਰੂ ਕਰਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਖ ਤੇ ਅਸੀਂ ਆਪਣੀ ਬਣਦੀ ਜਿੰਮੇਵਾਰੀ ਠੀਕ ਅਰਥਾਂ ਵਿੱਚ ਨਿਭਾਉਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਈਏ, ਤਾਂ ਬਹੁਤ ਸਾਰੀਆਂ ਸਮੱਸਿਆਵਾਂ ਆਪਣੇ ਆਪ ਹੀ ਖਤਮ ਹੋ ਸਕਦੀਆਂ ਹਨ। ਜੇ ਹਰ ਇਨਸਾਨ ਆਪਣੀ ਡਿਊਟੀ ਨੂੰ ਇਮਾਨਦਾਰੀ ਅਤੇ ਜਿੰਮੇਵਾਰੀ ਨਾਲ ਨਿਭਾਵੇ, ਤਾਂ ਭ੍ਰਿਸ਼ਟਾਚਾਰ ਖਤਮ ਹੋ ਜਾਏਗਾ। ਜਿੰਮੇਵਾਰੀ ਲੈਣਾ ਸਿੱਖਣ ਨਾਲ ਅੰਦਰੂਨੀ ਤਾਕਤ, ਸਫਲਤਾ, ਸੰਤੁਸ਼ਟੀ, ਮਨੋਬਲ ਵਧਦੇ ਹਨ ਅਤੇ ਸੰਬੰਧਾਂ ਦੀ ਬੁਨਿਆਦ ਮਜਬੂਤ ਬਣਦੀ ਹੈ।

ਦੂਸਰਾ ਅਤੇ ਮਹੱਤਵਪੂਰਨ ਪੱਖ ਹੈ ਆਪਣੇ ਕੰਮਾਂ ਅਤੇ ਚੋਣਾਂ ਦੀ ਜਿੰਮੇਵਾਰੀ ਚੁੱਕਣੀ:– ਕੁਦਰਤ ਦੇ ਕਾਦਰ ਨੇ ਮਨੁੱਖ ਨੂੰ ਪੂਰਨ ਆਜ਼ਾਦੀ ਦਿੱਤੀ ਹੋਈ ਹੈ। ਇਸ ਲਈ ਉਹ ਕੋਈ ਵੀ ਕੰਮ ਕਰ ਸਕਦਾ ਹੈ ਚੰਗਾ ਜਾਂ ਬੁਰਾ। ਪਰ ਉਸ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿਹੋ ਜਿਹਾ ਬੀਜ ਹੋਏਗਾ, ਉਹੋ ਜਿਹਾ ਉਸਦਾ ਫ਼ਲ ਹੋਏਗਾ। ਉਸਨੂੰ ਪੂਰੀ ਇਮਾਨਦਾਰੀ ਨਾਲ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਚੰਗੇ ਨਤੀਜੇ ਨਿਕਲਣ ਤੇ ਤਾਂ ਹਰੇਕ ਵਿਅਕਤੀ ਹੀ ਉਸਦਾ ਸਿਹਰਾ ਆਪਣੇ ਸਿਰ ਲੈਣਾ ਚਾਹੁੰਦਾ ਹੈ, ਪਰ ਜੇ ਨਤੀਜੇ ਚੰਗੇ ਨਹੀਂ ਨਿਕਲਦੇ, ਤਾਂ ਕਦੇ ਪਰਮਾਤਮਾ ਨੂੰ ,ਕਦੇ ਕਿਸਮਤ ਨੂੰ, ਕਦੇ ਸਾਥੀਆਂ ਨੂੰ ,ਕਦੇ ਸਰਕਾਰਾਂ ਜਾਂ ਹੋਰਨਾਂ ਨੂੰ ਉਸਦਾ ਕਾਰਨ ਸਮਝਣ ਲੱਗਦਾ ਹੈ। ਲੋੜ ਹੈ ਇਮਾਨਦਾਰੀ ਨਾਲ ਆਪਣੇ ਆਪ ਨੂੰ ਵੀ ਜਿੰਮੇਵਾਰ ਮੰਨਣਾ, ਗਲਤੀ ਲੱਭਣੀ, ਉਸ ਨੂੰ ਸਵੀਕਾਰ ਕਰਨਾ ਅਤੇ ਭਵਿੱਖ ਵਿੱਚ ਸੁਧਾਰਨ ਦੀ ਕੋਸ਼ਿਸ਼ ਕਰਨੀ। ਜੇ ਅਸੀਂ ਆਪਣੇ ਕੀਤੇ ਕੰਮਾਂ ਵਿਚਲੀਆਂ ਗਲਤੀਆਂ ਅਤੇ ਹੋਈਆਂ ਗਲਤ ਚੋਣਾਂ ਨੂੰ ਮਨਜ਼ੂਰ ਕਰਕੇ ਸਹੀ ਰਾਹ ਤੇ ਆਉਣ ਦਾ ਫੈਸਲਾ ਕਰ ਲਈਏ, ਤਾਂ ਹੀ ਜੀਵਨ ਵਿੱਚ ਸਫ਼ਲਤਾ ਪਿਆਰ ਅਤੇ ਆਦਰਸ਼ਕ ਸਮਾਜਿਕ ਸੰਬੰਧ ਬਣ ਸਕਦੇ ਹਨ। ਅਕਸਰ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਨੌਜਵਾਨ ਵਰਗ ਟੀਵੀ, ਮੋਬਾਈਲਾਂ, ਨਸ਼ਿਆਂ, ਫੈਸ਼ਨਾਂ ਵਿੱਚ ਗ੍ਰਸਤ ਹੈ, ਆਗਿਆਕਾਰੀ ਅਤੇ ਸਹਿਣਸ਼ੀਲ ਨਹੀਂ, ਪਰ ਧੀਰਜ ਨਾਲ ਅਧਿਐਨ ਕਰੀਏ, ਅਸੀਂ ਹੀ ਉਹਨਾਂ ਨੂੰ ਬਚਪਨ ਤੋਂ ਪਾਲਿਆ ਹੈ। ਅਸੀਂ ਕੀ ਸਿਖਾਇਆ ਹੈ ?? ਜੇ ਪੂਰੇ ਨਹੀਂ ਵੀ, ਤਾਂ ਵੀ ਬਹੁਤ ਜਿਆਦਾ ਹੱਦ ਤੱਕ ਅਸੀਂ ਆਪ ਜਿੰਮੇਵਾਰ ਹਾਂ । ਉਹਨਾਂ ਨੂੰ ਕਿਸ ਵਸਤੂ, ਵਿਅਕਤੀ ਅਤੇ ਵਿਚਾਰ ਦਾ ਸਾਥ ਅਸੀਂ ਦਿੱਤਾ ਹੈ ?? ਅਤੇ ਅਸੀਂ ਖੁਦ ਉਹਨਾਂ ਦੇ ਸਾਹਮਣੇ ਕਿਹੋ ਜਿਹੇ ਵਿਅਕਤੀ ਦਾ ਮਾਡਲ ਪੇਸ਼ ਕੀਤਾ ਹੈ ?? ਅਸੀਂ ਕਦੇ ਆਪਣੇ ਆਪ ਨੂੰ ਜ਼ਿੰਮੇਵਾਰ ਮੰਨਿਆ ਹੈ ???

ਆਓ ਜਿੰਮੇਵਾਰੀ ਦੇ ਵੱਖ ਵੱਖ ਪਹਿਲੂਆਂ ਉੱਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰੀਏ ।

1.ਵਿਗਿਆਨਕ ਪੱਖ :– ਵਿਗਿਆਨ ਦਾ ਬੜਾ ਸਾਦਾ ਜਿਹਾ ਅਤੇ ਵਿਸ਼ਵ ਵਿਆਪੀ ਸਿਧਾਂਤ ਹੈ –– ਕਾਰਨ ਅਤੇ ਅਸਰ।(Cause and Effect) ਜਿਸ ਅਨੁਸਾਰ ਹਰ ਵਰਤਾਰੇ ਦਾ ਇੱਕ ਕਾਰਨ ਹੁੰਦਾ ਹੈ। ਅਤੇ ਇਸ ਕਾਰਨ ਨੂੰ ਬਦਲਣ ਨਾਲ ਇਸਦੇ ਅਸਰਾਂ ਨੂੰ ਬਦਲਿਆ ਜਾ ਸਕਦਾ ਹੈ। ਸਾਡੇ ਨਾਲ ਵਾਪਰਦੀਆਂ ਜਿਆਦਾਤਰ ਘਟਨਾਵਾਂ ਲਈ ਅਸੀਂ ਖੁਦ ਹੀ ਕਾਰਨ ਹੁੰਦੇ ਹਾਂ। ਜੇ ਨਤੀਜਾ ਸਾਡੀ ਇੱਛਾ ਅਨੁਸਾਰ ਨਹੀਂ ਆਇਆ, ਤਾਂ ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਕਿਤੇ ਨਾ ਕਿਤੇ ਸਾਡੇ ਯਤਨਾਂ ਵਿੱਚ ਘਾਟ ਰਹੀ ਹੈ। ਉਹਨਾਂ ਦੇ ਕਾਰਨ ਲੱਭ ਕੇ ਉਹਨਾਂ ਨੂੰ ਬਦਲਣ ਨਾਲ ਅਸੀਂ ਮਨ ਚਾਹੇ ਨਤੀਜੇ ਪ੍ਰਾਪਤ ਕਰ ਸਕਦੇ ਹਾਂ।

2.ਸਮਾਜਿਕ ਪੱਖ :– ਜਦੋਂ ਇੱਕ ਵਿਅਕਤੀ ਆਪਣੀ ਜਿੰਮੇਵਾਰੀ ਨਹੀਂ ਲੈਂਦਾ, ਤਾਂ ਸਾਰਾ ਸਮਾਜ ਪ੍ਰਭਾਵਿਤ ਹੁੰਦਾ ਹੈ। ਜੇਕਰ ਇੱਕ ਸਰਕਾਰੀ ਅਫਸਰ ਜਾਂ ਕਰਮਚਾਰੀ ਆਪਣੀ ਜਿੰਮੇਵਾਰੀ ਨਹੀਂ ਲੈਂਦਾ, ਤਾਂ ਸੈਂਕੜੇ ਨਾਗਰਿਕ ਪ੍ਰੇਸ਼ਾਨ ਹੁੰਦੇ ਹਨ ਅਤੇ ਨੁਕਸਾਨ ਉਠਾਉਂਦੇ ਹਨ। ਇਸਦੇ ਉਲਟ ਜੇ ਹਰ ਇੱਕ ਵਿਅਕਤੀ ਸਿਰਫ ਆਪਣਾ ਕੰਮ ਹੀ ਪੂਰੀ ਜ਼ਿੰਮੇਵਾਰੀ ਨਾਲ ਕਰੀ ਚੱਲੇ, ਤਾਂ ਸਮਾਜ ਦਾ ਪ੍ਰਬੰਧ ਠੀਕ ਚੱਲਦਾ ਰਹਿ ਸਕਦਾ ਹੈ। ਜਿੱਥੇ ਸਾਂਝੇ ਮਸਲੇ ਹਨ ਜਿਵੇਂ ਵਾਤਾਵਰਣ ਸੰਭਾਲ, ਪ੍ਰਦੂਸ਼ਣ, ਆਵਾਜਾਈ , ਆਦਿ ਉੱਥੇ ਸਾਰਿਆਂ ਦੀ ਜਿੰਮੇਵਾਰੀ ਬਣਦੀ ਹੈ ਅਤੇ ਕਿਸੇ ਇੱਕ ਦੇ ਵੀ ਅਯੋਗ ਸਾਬਤ ਹੋਣ ਨਾਲ ਮਸਲੇ ਗੰਭੀਰ ਹੋ ਸਕਦੇ ਹਨ। ਉਦਾਹਰਣ ਵਜੋਂ ਕਿਸੇ ਜਨਤਕ ਥਾਂ ਤੇ ਕਿਸੇ ਇੱਕ ਵਿਅਕਤੀ ਵੱਲੋਂ ਵੀ ਗੰਦਗੀ ਸੁੱਟੇ ਜਾਣ ਨਾਲ , ਜੇ ਕੋਈ ਬੈਕਟੀਰੀਆ ਫੈਲ ਕੇ ਕਿਸੇ ਬਿਮਾਰੀ ਨੂੰ ਜਨਮ ਦੇਵੇ, ਤਾਂ ਸੈਂਕੜੇ ਲੋਕ ਉਸਦੀ ਲਪੇਟ ਵਿੱਚ ਆ ਸਕਦੇ ਹਨ। ਕਰੋਨਾ–ਕਾਲ ਸਮੇਂ ਇਹ ਸਮੂਹਿਕ ਜ਼ਿੰਮੇਵਾਰੀ ਹੀ ਸੀ, ਜਿਸ ਨਾਲ ਇਸ ਮਹਾਂਮਾਰੀ ਦਾ ਸਾਹਮਣਾ ਕਰ ਸਕੇ। ਸਮਾਜ ਵਿੱਚ ਫੈਲਦੀਆਂ ਕਿੰਨੀਆਂ ਹੀ ਕੁਰੀਤੀਆਂ ਬੰਦ ਹੋ ਸਕਦੀਆਂ ਹਨ ਜੇ ਹਰ ਵਿਅਕਤੀ ਆਪਣੇ ਤੌਰ ਤੇ ਉਹਨਾਂ ਵਿਰੁੱਧ ਕਦਮ ਚੁੱਕੇ। ਉਦਾਹਰਣ ਵਜੋਂ ਨਸ਼ੇ, ਦਾਜ, ਫੈਸ਼ਨ, ਫਜ਼ੂਲ ਖਰਚ, ਆਦਿ ਬੇਅੰਤ ਅਜਿਹੇ ਮਸਲੇ ਹਨ, ਜਿਨਾਂ ਤੇ ਦ੍ਰਿੜ੍ਹਤਾ ਨਾਲ ਅਮਲ ਕੀਤਿਆਂ ਹੋਰਾਂ ਲਈ ਵੀ ਪ੍ਰੇਰਨਾ ਬਣੇਗੀ ਅਤੇ ਹੌਲੀ ਹੌਲੀ ਉਹ ਰਸਮ ਜਾਂ ਕੁਰੀਤੀ ਘਟਦੀ ਘਟਦੀ ਖਤਮ ਹੋ ਜਾਏਗੀ ।



3.ਧਾਰਮਿਕ ਅਤੇ ਦਾਰਸ਼ਨਿਕ ਪੱਖ :– ਧਰਮ ਤੋਂ ਅਸੀਂ ਆਜ਼ਾਦ ਨਹੀਂ ਹੋ ਸਕਦੇ ਅਤੇ ਸਾਡੀ ਜ਼ਿੰਦਗੀ ਨੂੰ ਕਾਫੀ ਹੱਦ ਤੱਕ ਧਰਮ ਪ੍ਰਭਾਵਿਤ ਕਰਦਾ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਸਾਰੇ ਧਰਮ ਮਨੁੱਖ ਨੂੰ ਕਿਰਿਆਸ਼ੀਲ ਅਤੇ ਜਿੰਮੇਵਾਰ ਬਣਨ ਦੀ ਪ੍ਰੇਰਨਾ ਦਿੰਦੇ ਹਨ, ਪਰ ਮਨੁੱਖ ਕੁਝ ਰੀਤਾਂ ਰਸਮਾਂ ਕਰਕੇ ਆਪਣੇ ਆਪ ਨੂੰ ਧਾਰਮਿਕ ਅਖਵਾ ਕੇ ਹੀ ਖੁਸ਼ ਹੋ ਲੈਂਦਾ ਹੈ, ਇਹਨਾਂ ਦੇ ਸਿਧਾਂਤਾਂ ਤੇ ਅਮਲ ਨਹੀਂ ਕਰਦਾ। ਭਗਵਤ ਗੀਤਾ ਵਿੱਚ ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ – ਕਰਮ ਕਰ ਅਤੇ ਫਲ ਦੀ ਆਸ ਨਾ ਰੱਖ। ਪਰ ਇਸ ਕਰਮ ਦੀ ਜਿੰਮੇਵਾਰੀ ਲੈਣੀ ਪੈਣੀ ਹੈ। ਗੁਰੂ ਨਾਨਕ ਜੀ ਨੇ

ਘਾਲਿ ਖਾਇ ਕਿਛੁ ਹਥਹੁ ਦੇਇ ॥ਨਾਨਕ ਰਾਹੁ ਪਛਾਣਹਿ ਸੇਇ ॥..........(ਪੰਨਾ 1245, ਸਲੋਕ ਮ: 1)

ਆਖ ਕੇ ਨਾ ਕੇਵਲ ਮਨੁੱਖ ਨੂੰ ਆਪ ਹੀ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ ਹੈ ਸਗੋਂ ਲੋੜਵੰਦਾਂ ਦੀ ਲੋੜ ਪੂਰੀ ਕਰਨ ਦੀ ਜ਼ਿੰਮੇਵਾਰੀ ਚੁੱਕਣ ਦੀ ਤਾਕੀਦ ਵੀ ਕੀਤੀ ਹੈ। ਕਰਮ ਸਿਧਾਂਤ ਭਾਰਤੀ ਸੰਸਕ੍ਰਿਤੀ ਦਾ ਆਧਾਰ ਹੈ। ਗੁਰਬਾਣੀ ਅਨੁਸਾਰ ਮੇਰੇ ਕਰਮਾਂ ਦਾ ਹੀ ਫਲ ਮੈਨੂੰ ਭੁਗਤਣ ਨੂੰ ਮਿਲ ਰਿਹਾ ਹੈ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥..........(ਪੰਨਾ 433, ਰਾਗੁ ਆਸਾ ਮਹਲਾ 1 ਪਟੀ ਲਿਖੀ)



ਜਸਵਿੰਦਰ ਸਿੰਘ ਰੁਪਾਲ
9814715796

ਇੱਥੇ ਕਰਮਾਂ ਦਾ ਭਾਵ ਕਿਸੇ ਲਿਖੀ ਹੋਈ ਕਿਸਮਤ ਤੋਂ ਨਹੀਂ, ਸਗੋਂ ਮਨੁੱਖ ਵਲੋਂ ਹੀ ਆਪਣੀ ਚੋਣ ਦੇ ਆਧਾਰ ਤੇ ਕੀਤੇ ਹੋਏ ਕੰਮ ਹਨ। ਗੁਰੂ ਸਾਹਿਬ ਆਪਣੇ ਕੀਤੇ ਦੀ ਜਿੰਮੇਵਾਰੀ ਚੁੱਕਣ ਲਈ ਆਖਦੇ ਹਨ। ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਕਿੱਕਰਾਂ ਬੀਜ ਕੇ ਦਾਖਾਂ ਦੀ ਆਸ ਕਰੀਏ।

4.ਮਨੋਵਿਗਿਆਨਕ ਪੱਖ :– ਆਧੁਨਿਕ ਮਨੋਵਿਗਿਆਨ ਅਨੁਸਾਰ ਬਹੁਤ ਸਾਰੇ ਲੋਕ ਆਪਣੀ ਗਲਤੀ ਮੰਨਣ ਤੋਂ ਕਤਰਾਉਂਦੇ ਹਨ। ਇਹ ਅਹੰਕਾਰ (Ego), ਡਰ (Fear) ਅਤੇ ਅਸੁਰੱਖਿਆ (Insecurity) ਦੀ ਭਾਵਨਾ ਕਰਕੇ ਹੁੰਦਾ ਹੈ।

ਅਹੰਕਾਰ ਕਹਿੰਦਾ ਹੈ –– ਮੈਂ ਕਿਵੇਂ ਗਲਤ ਹੋ ਸਕਦਾ ਹਾਂ ?? ਅਤੇ ਉਹ ਆਪਣੀ ਗਲਤੀ ਨੂੰ ਵੀ ਹੋਰਾਂ ਦੇ ਸਿਰ ਸੁੱਟਦਾ ਹੈ। ਡਰ ਕਹਿੰਦਾ ਹੈ – ਜੇ ਮੈਂ ਮੰਨ ਲਿਆ ਤਾਂ ਲੋਕ ਕੀ ਕਹਿਣਗੇ ?? ਆਪਣੇ ਨਿਜੀ ਸਨਮਾਨ ਅਤੇ ਪ੍ਰਸੰਸਾ ਨੂੰ ਗੁਆਉਣ ਦਾ ਡਰ ਸੱਚ ਨਹੀਂ ਬੋਲਣ ਦਿੰਦਾ।

ਅਸੁਰੱਖਿਆ ਕਹਿੰਦੀ ਹੈ – ਮੈਨੂੰ ਸਜਾ ਮਿਲੇਗੀ ਜਾਂ ਨੌਕਰੀ ਚਲੀ ਜਾਏਗੀ। ਇਸ ਕਰਕੇ ਕਿਸੇ ਗਲਤ ਨਤੀਜੇ ਲਈ ਆਪਣੀ ਜਿੰਮੇਵਾਰੀ ਤੋਂ ਹਰ ਵਿਅਕਤੀ ਪਲਾਇਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਜੋ ਮਨੁੱਖ ਉਪਰੋਕਤ ਮਾਨਸਿਕ ਰੁਕਾਵਟਾਂ ਨੂੰ ਪਾਰ ਕਰਕੇ ਆਪਣੀ ਗਲਤੀ ਮੰਨ ਲੈਂਦਾ ਹੈ, ਉਹ ਮਨੋਵਿਗਿਆਨਕ ਤੌਰ ਤੇ ਆਜ਼ਾਦ ਹੋ ਜਾਂਦਾ ਹੈ। ਇਸਨੂੰ ਇਸਪੋਨਸਿਬਿਲਿਟੇ ਫਸੇਚਹੋਲੋਗੇ ਕਿਹਾ ਜਾਂਦਾ ਹੈ, ਜਿੱਥੇ ਇੱਕ ਵਿਅਕਤੀ ਆਪਣੀ ਜ਼ਿੰਦਗੀ ਦਾ ਨਿਯੰਤਰਕ ਬਣਦਾ ਹੈ।

ਇਤਿਹਾਸ ਵਿੱਚੋਂ ਜਿੰਮੇਵਾਰੀ ਦੀਆਂ ਉਦਾਹਰਣਾਂ :– ਘੱਲੂਘਾਰਿਆਂ ਸਮੇਂ ਸਿੱਖ ਸਮਾਜ ਨੇ ਆਪਣਾ ਹੌਂਸਲਾ ਬਣਾਈ ਰੱਖਿਆ। ਛੋਟੇ ਵੱਡੇ ਘੱਲੂਘਾਰੇ ਸਮੇਂ ਮੁਗਲ ਸੱਤਾ ਵੱਲੋਂ ਸਖਤ ਦਬਾਅ ਅਤੇ ਜਿੰਮੇਵਾਰੀ ਲਈ ਖੜ੍ਹਾ ਕੀਤਾ ਗਿਆ । ਮੁਗਲ ਸਰਕਾਰ ਨੇ ਉਹਨਾਂ ਤੇ ਵੱਡੇ ਪੈਮਾਨੇ ਤੇ ਜ਼ੁਲਮ ਕੀਤੇ ਪਰ ਸਿੱਖਾਂ ਨੇ ਆਪਣੀ ਜਿਸਮਾਨੀ, ਅਧਿਆਤਮਕ ਅਤੇ ਸਮਾਜਿਕ ਜਿੰਮੇਵਾਰੀ ਨਾਲ ਹਿੰਮਤ ਨਹੀਂ ਹਾਰੀ ਅਤੇ ਹਰ ਹਮਲੇ ਪਿੱਛੋਂ ਹੋਰ ਮਜਬੂਤ ਹੋ ਕੇ ਨਿਕਲੇ। ਇਸੇ ਤਰਾਂ ਅਸੀਂ ਗੁਰੂ ਤੇਗ ਬਹਾਦਰ ਜੀ ਅਤੇ ਹੋਰ ਸੈਂਕੜੇ ਸ਼ਹੀਦਾਂ ਦੀਆਂ ਸ਼ਹਾਦਤਾਂ ਨੂੰ ਉਹਨਾਂ ਦੇ ਸਮਾਜਿਕ ਜਿੰਮੇਵਾਰੀ ਨਿਭਾਉਣ ਦੇ ਦ੍ਰਿੜ੍ਹ ਸੰਕਲਪ ਦੇ ਸਬੂਤ ਵਜੋਂ ਦੇਖ ਸਕਦੇ ਹਾਂ। ਸ਼ਹੀਦ ਭਗਤ ਸਿੰਘ ਵਰਗੇ ਨੌਜਵਾਨਾਂ ਨੇ ਆਪਣੀ ਜਿੰਮੇਵਾਰੀ ਪਹਿਚਾਣਦਿਆ ਆਪਣੀ ਜਵਾਨੀ ਕੁਰਬਾਨ ਕਰ ਦਿੱਤੀ ਸੀ।.....

ਕਿਸਾਨ ਸੰਘਰਸ਼ ਦੌਰਾਨ ਹਰ ਕਿਸਾਨ ਨੇ ਆਪਣੀ ਜ਼ਿੰਮੇਵਾਰੀ ਸਮਝੀ, ਉਹ ਨਾ ਕੇਵਲ ਪਰਿਵਾਰ ਸਮੇਤ ਹਾਜ਼ਿਰ ਹੀ ਹੋਏ, ਨਾ ਕੇਵਲ ਆਰਥਿਕ ਤੌਰ ਤੇ ਮੱਦਦ ਹੀ ਕੀਤੀ ਸਗੋਂ ਹਰ ਘਾਟੇ ਅਤੇ ਸਰਕਾਰੀ ਜ਼ੁਲਮ ਨੂੰ ਝੱਲਣ ਲਈ ਵੀ ਤਿਆਰ ਹੋਏ। ਇਸ ਸਾਂਝੀ ਜ਼ਿੰਮੇਵਾਰੀ ਦਾ ਹੀ ਨਤੀਜਾ ਸੀ ਕਿ ਸੰਘਰਸ਼ ਨੂੰ ਸਫਲਤਾ ਮਿਲੀ। ਇਸ ਤਰ੍ਹਾਂ ਲੋਕ ਲਹਿਰਾਂ ਸਾਨੂੰ ਸਮਾਜਿਕ ਤੌਰ ਤੇ ਜਿੰਮੇਵਾਰ ਬਣਨਾ ਸਿਖਾਉਂਦੀਆਂ ਹਨ। ਅੰਤਰਰਾਸ਼ਟਰੀ ਪੱਧਰ ਤੇ ਮਲਾਲਾ ਯੂਸਫਜਈ ਨੇ ਆਪਣੀ ਜਾਨ ਜੋਖਿਮ ਵਿੱਚ ਪਾ ਦਿੱਤੀ ਸੀ। ਉਸ ਬੱਚੀ ਦੇ ਸ਼ਬਦ ਦੇਖੋ ਕਿੰਨੀ ਵੱਡੀ ਜਿੰਮੇਵਾਰੀ ਦਾ ਅਹਿਸਾਸ ਕਰਵਾ ਰਹੇ ਹਨ। ਇੱਕ ਵਿਦਿਆਰਥੀ, ਇੱਕ ਅਧਿਆਪਕ, ਇੱਕ ਪੁਸਤਕ, ਇੱਕ ਪੈਨ ਅਤੇ ਇੱਕ ਕਾਪੀ ਸੰਸਾਰ ਨੂੰ ਬਦਲ ਸਕਦੇ ਹਨ।

ਮੌਜੂਦਾ ਸਮੇਂ ਵਿੱਚ ਜ਼ਿੰਮੇਵਾਰੀ ਦੀ ਕਮੀ :– ਆਧੁਨਿਕ ਯੁੱਗ ਵਿੱਚ ਤਕਨੀਕ, ਭੋਗਵਾਦ ਅਤੇ ਆਰਾਮ ਨੇ ਮਨੁੱਖ ਨੂੰ ਸੁਵਿਧਾਜਨਕ ਤਾਂ ਬਣਾ ਦਿੱਤਾ ਹੈ, ਪਰ ਜਿੰਮੇਵਾਰ ਨਹੀਂ ਬਣਾਇਆ। ਬਾਹਰਲੇ ਦੇਸ਼ਾਂ ਵਿੱਚ ਹਰ ਕੰਮ ਲਈ ਇੱਕ ਜਿੰਮੇਵਾਰੀ ਨਿਸ਼ਚਿਤ ਹੁੰਦੀ ਹੈ। ਅੰਗਰੇਜ਼ੀ ਵਿੱਚ ਇਸਨੂੰ ਉਚਚੁੰਨਟਓਬਿਲਿਟੇ ਆਖਿਆ ਜਾਂਦਾ ਹੈ। ਕਿਸੇ ਗਲਤ ਨਤੀਜੇ ਤੇ ਭਾਰੀ ਜੁਰਮਾਨੇ ਅਤੇ ਕਲੇਮ ਪੈਂਦੇ ਹਨ, ਜਿਸ ਨਾਲ ਲੋਕ ਪੂਰੇ ਸੁਚੇਤ ਹੋ ਕੇ ਕੰਮ ਨੂੰ ਠੀਕ ਤਰਾਂ ਨਿਪਟਾਉਣ ਦੀ ਕੋਸ਼ਿਸ਼ ਕਰਦੇ ਹਨ। ਸਾਡੇ ਦੇਸ਼ ਵਿੱਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ। ਰਾਈਟ ਟੂ ਸਰਵਿਸ (RTS) ਕਾਨੂੰਨ ਵੀ ਕਾਗਜਾਂ ਵਿੱਚ ਹੀ ਰਹਿ ਗਿਆ ਹੈ। ਕਿੰਨੇ ਪੁਲ਼ ਟੁੱਟ ਜਾਂਦੇ ਹਨ, ਸਰਕਾਰੀ ਅਦਾਰੇ ਘਾਟੇ ਵਿੱਚ ਜਾਂਦੇ ਹਨ, ਸਰਕਾਰ ਦਾ ਕਰੋੜਾਂ ਰੁਪਿਆ ਅਜਾਈਂ ਚਲਾ ਜਾਂਦਾ ਹੈ ਪਰ ਕੋਈ ਜਿੰਮੇਵਾਰੀ ਨਿਸ਼ਚਿਤ ਨਹੀਂ ਕੀਤੀ ਜਾਂਦੀ।

ਤਾਜ਼ਾ ਉਦਾਹਰਣਾਂ ਲੈਣੀਆਂ ਹੋਣ ਤਾਂ ਪੰਜਾਬ ਦੇ ਹੜ੍ਹ ਦੇਖੇ ਜਾ ਸਕਦੇ ਹਨ। ਹੁਣੇ ਹੁਣੇ ਪੰਜਾਬੀ ਨੌਜਵਾਨ ਰਾਜਬੀਰ ਜਵੰਧਾ ਦੀ ਹੋਈ ਮੌਤ ਨੂੰ ਦੇਖ ਲਵੋ। ਅਵਾਰਾ ਪਸ਼ੂਆਂ ਨੂੰ ਸੜਕਾਂ ਤੋਂ ਰੋਕਣਾ ਕਿਸੇ ਦੀ ਜਿੰਮੇਵਾਰੀ ਨਹੀਂ ??? ਅਜਿਹੀਆਂ ਹੋਰ ਸੈਂਕੜੇ ਉਦਾਹਰਣਾਂ ਦੇਖੀਆਂ ਜਾ ਸਕਦੀਆਂ ਹਨ ਜਿੱਥੇ ਜਿੰਮੇਵਾਰੀ ਨਾ ਹੋਣ ਕਾਰਨ ਅਣਗਹਿਲੀ ਹੁੰਦੀ ਹੈ ਅਤੇ ਇਹ ਅਣਗਹਿਲੀ ਲੋਕਾਂ ਦੇ ਜਾਨੀ ਮਾਲੀ ਨੁਕਸਾਨ ਦਾ ਕਾਰਨ ਬਣਦੀ ਹੈ। ਸੋਸ਼ਲ ਮੀਡੀਆ ਤੇ ਝੂਠੀਆਂ ਖਬਰਾਂ ਫੈਲਾਉਣਾ ਪਰ ਜਿੰਮੇਵਾਰੀ ਤੋਂ ਕਤਰਾ ਜਾਣਾ ਆਮ ਗੱਲ ਹੈ। ਪਰਿਆਵਰਣ ਪ੍ਰਦੂਸ਼ਣ ਲਈ ਹਰੇਕ ਵਿਅਕਤੀ ਜਿੰਮੇਵਾਰ ਹੈ, ਪਰ ਦੋਸ਼ ਸਰਕਾਰ ਤੇ ਅਤੇ ਉਦਯੋਗਾਂ ਤੇ ਸੁੱਟ ਦਿੰਦੇ ਹਾਂ। ਰਾਜਨੀਤਿਕ ਵਿਵਸਥਾ ਵਿੱਚ ਭ੍ਰਿਸ਼ਟਾਚਾਰ ਲਈ ਆਮ ਜਨਤਾ ਚੁੱਪ ਕਿਉ ਰਹਿੰਦੀ ਹੈ ?? ਚੋਣਾਂ ਵਿੱਚ ਠੀਕ ਅਤੇ ਇਮਾਨਦਾਰ ਉਮੀਦਵਾਰ ਦੀ ਚੋਣ ਕਰਨ ਦੀ ਜਿੰਮੇਵਾਰੀ ਨਹੀਂ ਨਿਭਾਉਂਦੀ। ਇਹ ਸਭ ਜਿੰਮੇਵਾਰੀ ਤੋਂ ਪਲਾਇਨ ਦਾ ਸੰਕੇਤ ਹਨ । ਕਿਸੇ ਨੂੰ ਦੋਸ਼ੀ ਠਹਿਰਾ ਦੇਣਾ ਸਭ ਤੋਂ ਆਸਾਨ ਕੰਮ ਹੈ।

ਜਦੋ ਮਨੁੱਖ ਆਪਣੇ ਕੰਮਾਂ ਅਤੇ ਚੋਣਾਂ ਦੀ ਜਿੰਮੇਵਾਰੀ ਲੈ ਲੈਂਦਾ ਹੈ, ਤਦ ਉਸਦਾ ਆਤਮ–ਵਿਕਾਸ (Self growth) ਸ਼ੁਰੂ ਹੁੰਦਾ ਹੈ। ਉਹ ਦੂਜਿਆਂ ਨੂੰ ਦੋਸ਼ ਦੇਣ ਦੀ ਬਜਾਇ ਆਪਣੇ ਅੰਦਰ ਸੁਧਾਰ ਲਿਆਉਂਦਾ ਹੈ।

ਜ਼ਿੰਮੇਵਾਰੀ ਸਿੱਖਣ ਦੇ ਤਰੀਕੇ :– ਮਨੋਵਿਗਿਆਨਕ ਤੌਰ ਤੇ ਥੋੜ੍ਹਾ ਸੁਚੇਤ ਹੋਈਏ, ਤਾਂ ਜਿੰਮੇਵਾਰ ਬਣਨਾ ਸਿੱਖਿਆ ਜਾ ਸਕਦਾ ਹੈ। ਕੁਝ ਉਪਾਅ ਹਨ

1.ਆਤਮ ਚਿੰਤਨ (Self-Reflection):– ਹਰ ਰੋਜ ਆਪਣੇ ਕੰਮਾਂ ਦੀ ਸਮੀਖਿਆ ਕਰੋ। ਗੁਰਬਾਣੀ ਫੁਰਮਾਨ ਹੈ ਬੰਦੇ ਖੋਜੁ ਦਿਲ ਹਰ ਰੋਜ਼ ਨਾ ਫਿਰੁ ਪ੍ਰੇਸ਼ਾਨੀ ਮਾਹਿ॥.......(ਪੰਨਾ 727, ਤਿਲੰਗ ਬਾਣੀ ਭਗਤਾ ਕੀ ਕਬੀਰ ਜੀ )

2.ਗਲਤੀ ਮੰਨਣ ਦੀ ਹਿੰਮਤ :–'ਮੈਂ ਗਲਤ ਸੀ।' ਕਹਿਣਾ ਸਭ ਤੋਂ ਵੱਡਾ ਕਦਮ ਹੈ। ਇਹ ਕਦਮ ਸਾਡੇ ਸੁਧਾਰ ਦੇ ਦਰਵਾਜੇ ਖੋਲ੍ਹਦਾ ਹੈ।

3.ਸਮਾਂ ਪ੍ਰਬੰਧਨ :– ਆਪਣਾ ਸਮਾਂ ਵਿਅਰਥ ਨਾ ਗਵਾਉਣਾ ਵੀ ਜਿੰਮੇਵਾਰੀ ਦਾ ਹਿੱਸਾ ਹੈ। ਕਿਉਂਕਿ ਬਚੇ ਹੋਏ ਸਮੇਂ ਨੂੰ ਸਮਾਜ ਉਪਯੋਗੀ ਸਾਰਥਕ ਕੰਮ ਵਿੱਚ ਲਗਾਇਆ ਜਾ ਸਕਦਾ ਹੈ।

4.ਸਮਾਜਿਕ ਯੋਗਦਾਨ :– ਆਪਣੇ ਆਲੇ ਦੁਆਲੇ ਦੇ ਸੁਧਾਰ ਲਈ ਯਤਨ ਕਰਨਾ। ਲੋਕਾਂ ਨੂੰ ਠੀਕ ਗਿਆਨ ਦੇਣਾ, ਲੁੱਟ ਧੋਖੇ ਤੋਂ ਖ਼ਬਰਦਾਰ ਕਰਨਾ ਵੀ ਜਿੰਮੇਵਾਰੀ ਨਿਭਾਉਣਾ ਹੈ।

5.ਧਾਰਮਿਕ ਆਚਾਰ :– ਗੁਰਬਾਣੀ ਗੀਤਾ ਜਾਂ ਹੋਰ ਧਾਰਮਿਕ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਢਾਲਣਾ।

ਜ਼ਿੰਮੇਵਾਰੀ ਤੋਂ ਮਿਲਣ ਵਾਲੇ ਲਾਭ :– ਜਿੰਮੇਵਾਰ ਵਿਅਕਤੀ ਬਣਨ ਨਾਲ ਆਤਮ ਸਨਮਾਨ ਵਿੱਚ ਵਾਧਾ ਹੁੰਦਾ ਹੈ। ਨੈਤਿਕ ਮਜ਼ਬੂਤੀ ਮਿਲਦੀ ਹੈ। ਸਮਾਜ ਵਿੱਚ ਸਨਮਾਨ ਮਿਲਦਾ ਹੈ। ਲੋਕ ਵਿਸ਼ਵਾਸ਼ ਕਰਨ ਲੱਗਦੇ ਹਨ। ਸਭ ਤੋਂ ਵੱਧ ਆਪਣੇ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਦੋਸ਼–ਭਾਵ ਜਾਂ ਆਤਮ ਗਿਲਾਨੀ ਤੋਂ ਮੁਕਤ ਹੁੰਦਾ ਹੈ। ਇੱਕ ਜਿੰਮੇਵਾਰ ਵਿਅਕਤੀ ਕਦੇ ਵੀ ਦੂਜਿਆਂ ਨੂੰ ਦੋਸ਼ ਨਹੀਂ ਦਿੰਦਾ,
ਸਗੋਂ ਸਮੱਸਿਆ ਦਾ ਹੱਲ ਲੱਭਦਾ ਹੈ।

ਵਧੇਰੇ ਡੂੰਘਾਈ ਵਿੱਚ ਜਾਈਏ ਤਾਂ ਦੇਸ਼ ਅਤੇ ਸਮਾਜ ਵਿੱਚ ਫੈਲੀਆਂ ਸਾਰੀਆਂ ਕੁਰੀਤੀਆਂ ਲਈ ਆਪਾਂ ਸਾਰੇ ਬਰਾਬਰ ਦੇ ਜਿੰਮੇਵਾਰ ਹਾਂ ਕਿਉਂਕਿ ਅਸੀਂ ਉਹਨਾਂ ਨੂੰ ਫੈਲਣ ਦਿੱਤਾ ਹੈ। ਜਿੱਥੇ ਵਿਰੋਧ ਕਰਨਾ ਬਣਦਾ ਸੀ, ਨਹੀਂ ਕੀਤਾ। ਸਗੋਂ ਸਿੱਧੇ ਅਸਿੱਧੇ ਤਰੀਕੇ ਨਾਲ ਉਹ ਗਲਤ ਕੰਮ ਵਿੱਚ ਸਹਾਈ ਹੋਏ ਹਾਂ। ਤਾਂ ਅੱਜ ਰੋਣਾ ਧੋਣਾ ਕਿਸ ਗੱਲ ਦਾ ਹੈ ??? ਵਿਸ਼ਾਲ ਅਰਥਾਂ ਵਿੱਚ ਜਿੰਮੇਵਾਰੀ ਲੈਣ ਦੀ ਜਰੂਰਤ ਆਪਣੇ ਕਰਮਾਂ ਦੀ ਜ਼ਿੰਮੇਵਾਰੀ ਨਿਰਧਾਰਤ ਕਰਨਾ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਸੱਚਾਈ ਸਵੀਕਾਰ ਕਰਨਾ ਅਤੇ ਸੁਧਾਰ ਲਈ ਯਤਨ ਕਰਨਾ ਸ਼ਾਮਲ ਹਨ। ਅਜੋਕੇ ਸਮਾਜ ਵਿੱਚ ਜਿੱਥੇ ਤਕਨਾਲੌਜੀ, ਅਰਥ ਵਿਵਸਥਾ ਅਤੇ ਨਿੱਜੀ ਜੀਵਨ ਵਿੱਚ ਬੇਹੱਦ ਜਟਿਲ ਚੋਣਾਂ ਹਨ, ਉੱਥੇ ਜਿੰਮੇਵਾਰ ਬਣਨਾ ਅਤੇ ਜ਼ਿੰਮੇਵਾਰੀ ਸਵੀਕਾਰ ਕਰਨੀ ਬਹੁਤ ਜ਼ਿਆਦਾ ਮਹੱਤਵਪੂਰਨ ਬਣ ਗਿਆ ਹੈ। ਵੱਖ ਵੱਖ ਸ਼੍ਰੇਣੀਆ ਜਿਵੇਂ ਪਰਿਵਾਰ ਕੰਮਕਾਜ ਅਤੇ ਸਮਾਜਿਕ ਜ਼ਿੰਦਗੀ ਵਿੱਚ ਆਪਣੀ ਪੂਰੀ ਜ਼ਿੰਮੇਵਾਰੀ ਨਿਭਾਉਣ ਵਾਲੇ ਲੋਕ ਥੋੜ੍ਹੇ ਹੀ ਹੁੰਦੇ ਹਨ, ਜੋ ਆਪਣੇ ਗਲਤ ਫ਼ੈਸਲਿਆਂ ਲਈ ਮੁਆਫੀ ਮੰਗਦੇ ਅਤੇ ਸੁਧਾਰ ਦੇ ਰਸਤੇ ਤੇ ਚੱਲਦੇ ਹਨ। ਪਰ ਜਿੰਮੇਵਾਰ ਬਣਨਾ, ਹਰ ਚੰਗੇ ਮੰਦੇ ਨਤੀਜੇ ਲਈ ਆਪਣੀ ਜਿੰਮੇਵਾਰੀ ਸਵੀਕਾਰ ਕਰਨੀ ਅਤੇ ਹਰ ਗਲਤੀ ਤੋਂ ਸਬਕ ਸਿੱਖ ਕੇ ਉਸਨੂੰ ਸੁਧਾਰਨਾ ਨਾ ਕੇਵਲ ਮਾਨਸਿਕ ਸੰਤੁਸ਼ਟੀ ਹੀ ਦੇਵੇਗਾ, ਬਲਕਿ ਸਮਾਜ ਅਤੇ ਦੇਸ਼ ਪ੍ਰਤੀ ਪੂਰੇ ਕੀਤੇ ਫਰਜ ਨਾਲ ਉਹਨਾਂ ਦੀ ਬਿਹਤਰੀ ਲਈ ਵੀ ਆਪਣਾ ਬਣਦਾ ਯੋਗਦਾਨ ਪਾਉਣ ਵਿੱਚ ਮੱਦਦ ਕਰੇਗਾ।

# ਪੈਸਾ ਕਮਾਉਣ ਦਾ ਕੋਈ ਛੋਟਾ ਰਾਹ ਨਹੀਂ ਹੁੰਦਾ !



ਅੱਜ ਦੇ ਭੌਤਿਕਵਾਦੀ ਯੁੱਗ ਵਿੱਚ ਘੱਟ ਤੋਂ ਘੱਟ ਸਮੇਂ ਵਿੱਚ ਪੈਸਾ ਕਮਾਉਣ ਅਤੇ ਤੁਰੰਤ ਕਾਮਯਾਬੀ ਹਾਸਲ ਕਰਨ ਦੀ ਲਾਲਸਾ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। "ਪੈਸਾ ਕਮਾਉਣ ਦਾ ਕੋਈ ਛੋਟਾ ਰਾਹ ਨਹੀਂ" ਵਾਲਾ ਸਿਧਾਂਤ ਅੱਜ ਪਹਿਲਾਂ ਨਾਲੋਂ ਕਈ ਗੁਣਾ ਵੱਧ ਜ਼ੋਰ ਨਾਲ ਪ੍ਰਚਾਰਿਤ ਕਰਨ ਦੀ ਲੋੜ ਹੈ। ਤੇਜ਼ ਕਾਮਯਾਬੀ ਦੇ ਵਾਅਦੇ ਕਰਨ ਵਾਲੀਆਂ ਯੋਜਨਾਵਾਂ, ਆਨਲਾਈਨ ਕੋਰਸ (ਵਟਸਐਪ, ਟੈਲੀਗ੍ਰਾਮ, ਫੇਸਬੁੱਕ, ਵੈੱਬਸਾਈਟਾਂ ਆਦਿ) ਅਤੇ ਸੋਸ਼ਲ ਮੀਡੀਆ ਉੱਤੇ ਪ੍ਰਭਾਵਸ਼ਾਲੀ ਲੋਕਾਂ ਵੱਲੋਂ ਦਿਖਾਈ ਜਾਂਦੀ ਸ਼ਾਨਦਾਰ ਜੀਵਨ–ਸ਼ੈਲੀ ਇਹ ਭਰਮ ਪੈਦਾ ਕਰਦੀ ਹੈ ਕਿ ਬਿਨਾਂ ਮਿਹਨਤ ਦੇ ਦੌਲਤ ਹਾਸਲ ਕੀਤੀ ਜਾ ਸਕਦੀ ਹੈ। ਹਕੀਕਤ ਵਿੱਚ, ਟਿਕਾਊ ਆਰਥਿਕ ਕਾਮਯਾਬੀ ਲਗਾਤਾਰ ਮਿਹਨਤ, ਧੀਰਜ ਅਤੇ ਸੋਚ–ਸਮਝ ਕੇ ਕੀਤੇ ਫ਼ੈਸਲਿਆਂ ਦਾ ਨਤੀਜਾ ਹੁੰਦੀ ਹੈ।

### ਤੁਰੰਤ ਆਰਥਿਕ ਵਿਕਾਸ ਦਾ ਭਰਮ

ਤੁਰੰਤ ਆਰਥਿਕ ਲਾਭ ਹਾਸਲ ਕਰਨ ਦੀ ਇੱਛਾ ਮਨੁੱਖੀ ਸੁਭਾਅ ਵਿੱਚ ਡੂੰਘੀ ਰਚੀ–ਬਸੀ ਹੈ। ਰਾਤੋਂ–ਰਾਤ ਸੋਨੇ ਦੀ ਖਾਨ ਲੱਭ ਜਾਣ ਵਾਲੀਆਂ ਕਹਾਣੀਆਂ ਸਾਡੇ ਅਵਚੇਤਨ ਮਨ ਨੂੰ ਜਗਾਉਂਦੀਆਂ ਹਨ ਅਤੇ ਅੰਦਰ ਲੁੱਕੇ ਭੌਤਿਕਵਾਦੀ ਜਜ਼ਬਾਤਾਂ ਨੂੰ ਉਤੇਜਿਤ ਕਰਦੀਆਂ ਹਨ। ਅਮੀਰ ਲੋਕਾਂ ਦੀ ਵੱਡੀ ਪੂੰਜੀ ਸਾਲਾਂ ਦੀ ਮਿਹਨਤ, ਤਜ਼ਰਬੇ ਅਤੇ ਗਲਤੀਆਂ ਤੋਂ ਸਿੱਖਣ ਦਾ ਨਤੀਜਾ ਹੁੰਦੀ ਹੈ, ਜੋ ਉਨ੍ਹਾਂ ਦੇ ਸੋਚ–ਵਿਚਾਰ ਕਰਕੇ ਕੀਤੇ ਫ਼ੈਸਲਿਆਂ ਨੂੰ ਦਰਸਾਉਂਦੀ ਹੈ। ਇੰਟਰਨੈੱਟ ਨੇ ਤੁਰੰਤ ਕਾਮਯਾਬੀ ਦੀਆਂ ਕਹਾਣੀਆਂ ਨੂੰ ਬਹੁਤ ਵੱਧ ਫੈਲਾ ਦਿੱਤਾ ਹੈ, ਜਿਸ ਕਾਰਨ ਕਈ ਲੋਕ ਮਨੋਵਿਗਿਆਨਕ ਤੌਰ 'ਤੇ ਇਹ ਮੰਨ ਬੈਠਦੇ ਹਨ ਕਿ ਘੱਟ ਮਿਹਨਤ ਨਾਲ ਹੀ ਦੌਲਤ ਹਾਸਲ ਕੀਤੀ ਜਾ ਸਕਦੀ ਹੈ। ਇਸ ਭਰਮ ਦਾ ਸ਼ਿਕਾਰ ਹੋਣ ਵਾਲੇ ਲੋਕ ਅਕਸਰ ਲੋੜੀਂਦੀ ਜਾਣਕਾਰੀ ਅਤੇ ਤਜ਼ਰਬੇ ਤੋਂ ਬਿਨਾਂ ਗਲਤ ਆਰਥਿਕ ਫ਼ੈਸਲੇ ਕਰ ਬੈਠਦੇ ਹਨ। ਇਨ੍ਹਾਂ ਫ਼ੈਸਲਿਆਂ ਦੀ ਕੀਮਤ ਉਨ੍ਹਾਂ ਨੂੰ ਸਮੇਂ ਦੇ ਨਾਲ ਚੁਕਾਉਣੀ ਪੈਂਦੀ ਹੈ, ਜਿਸ ਵਿੱਚ ਆਰਥਿਕ ਨੁਕਸਾਨ, ਸਮੇਂ ਦੀ ਬਰਬਾਦੀ ਅਤੇ ਮਾਨਸਿਕ ਤਣਾਅ ਸ਼ਾਮਲ ਹੁੰਦੇ ਹਨ।

### ਮਿਹਨਤ ਅਤੇ ਧੀਰਜ ਦੀ ਮਹੱਤਤਾ

ਅਸਲ ਆਰਥਿਕ ਕਾਮਯਾਬੀ ਲਗਾਤਾਰ ਮਿਹਨਤ ਅਤੇ ਧੀਰਜ ਦਾ ਨਤੀਜ਼ਾ ਹੁੰਦੀ ਹੈ; ਇਹ ਕਿਸਮਤ ਦੇ ਭਰੋਸੇ ਨਹੀਂ ਟਿਕੀ ਹੁੰਦੀ। ਵੱਡੀ ਦੌਲਤ ਕਮਾਉਣ ਵਾਲੇ ਵਿਅਕਤੀ ਆਪਣੇ ਕੰਮ ਨਾਲ ਪੂਰੀ ਆਸਥਾ ਰੱਖਦੇ ਹਨ ਸਿੱਖਣ ਵਿੱਚ ਸਮਾਂ ਲਗਾਉਂਦੇ ਹਨ, ਬਦਲਦੀਆਂ ਹਾਲਤਾਂ ਅਨੁਸਾਰ ਆਪਣੇ ਆਪ ਨੂੰ ਢਾਲਦੇ ਹਨ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਹਨ।

ਮਿਹਨਤ ਨਾਲ ਧੀਰਜ, ਆਤਮ–ਨਿਯੰਤਰਣ ਅਤੇ ਲਚੀਲਾਪਨ ਪੈਦਾ ਹੁੰਦਾ ਹੈ। ਜਦੋਂ ਵਿਅਕਤੀ ਆਰਥਿਕ ਉਤਾਰ–ਚੜ੍ਹਾਵਾਂ ਦਾ ਸਾਹਮਣਾ ਕਰਦੇ ਹਨ ਚਾਹੇ ਕਾਰੋਬਾਰ ਦੀ ਅਸਫਲਤਾ ਹੋਵੇ ਜਾਂ ਗਲਤ ਨਿਵੇਸ਼ ਉਹ ਕੀਮਤੀ ਸਿੱਖਿਆ ਪ੍ਰਾਪਤ ਕਰਦੇ ਹਨ, ਜੋ ਉਨ੍ਹਾਂ ਦੇ ਵਿਕਾਸ ਵਿੱਚ ਮਦਦਗਾਰ ਹੁੰਦੀ ਹੈ। ਇਹ ਗੁਣ ਦੌਲਤ ਹਾਸਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸਦੇ ਉਲਟ ਛੋਟੇ ਰਾਹ ਲੱਭਣ ਵਾਲੇ ਲੋਕ ਅਕਸਰ ਇਨ੍ਹਾਂ ਚੁਣੌਤੀਆਂ ਲਈ ਤਿਆਰ ਨਹੀਂ ਹੁੰਦੇ, ਜਿਸ ਕਾਰਨ ਉਨ੍ਹਾਂ ਨੂੰ ਵੱਡੇ ਆਰਥਿਕ ਨੁਕਸਾਨ ਅਤੇ ਅਸਥਿਰਤਾ ਦਾ ਸਾਹਮਣਾ ਕਰਨਾ ਪੈਂਦਾ ਹੈ।

### ਯੋਜਨਾ ਅਤੇ ਆਰਥਿਕ ਗਿਆਨ

ਪੈਸਾ ਕਮਾਉਣ ਲਈ ਯੋਜਨਾਬੰਦੀ ਅਤੇ ਆਰਥਿਕ ਗਿਆਨ ਬਹੁਤ ਜ਼ਰੂਰੀ ਹਨ। ਪੈਸੇ ਦੀ ਸਮਝ—ਬਜਟ ਬਣਾਉਣਾ, ਬਚਤ ਕਰਨੀ, ਨਿਵੇਸ਼ ਕਰਨਾ ਅਤੇ ਕਰਜ਼ੇ ਦਾ ਪ੍ਰਬੰਧਨ—ਆਰਥਿਕ ਕਾਮਯਾਬੀ ਦੀ ਬੁਨਿਆਦ ਹੈ। ਜੋ ਲੋਕ ਆਰਥਿਕ ਸਿੱਖਿਆ ਸਿੱਖਣ ਵਿੱਚ ਸਮਾਂ ਲਗਾਉਂਦੇ ਹਨ, ਉਹ ਆਪਣੇ ਵਿੱਤੀ ਟੀਚਿਆਂ ਬਾਰੇ ਸੋਚ–ਸਮਝ ਕੇ ਫ਼ੈਸਲੇ ਲੈ ਸਕਦੇ ਹਨ।

ਨਿਵੇਸ਼ ਇਸਦੀ ਸਭ ਤੋਂ ਵਧੀਆ ਉਦਾਹਰਨ ਹੈ। ਕੁਝ ਲੋਕ ਤੇਜ਼ ਮੁਨਾਫੇ ਦੀ ਆਸ ਵਿੱਚ ਉੱਚ ਜੋਖ਼ਮ ਵਾਲੇ ਨਿਵੇਸ਼ ਕਰਦੇ ਹਨ, ਜਦਕਿ ਤਜਰਬੇਕਾਰ ਨਿਵੇਸ਼ਕ ਵਿਭਿੰਨਤਾ ਅਤੇ ਲੰਬੇ ਸਮੇਂ ਦੀ ਵਿਕਾਸ ਰਣਨੀਤੀ ਦੀ ਮਹੱਤਤਾ ਨੂੰ ਸਮਝਦੇ ਹਨ। ਉਹ ਜਾਣਦੇ ਹਨ ਕਿ ਦੌਲਤ ਬਣਾਉਣ ਦੀ ਪ੍ਰਕਿਰਿਆ ਹੌਲੀ–ਹੌਲੀ ਹੁੰਦੀ ਹੈ ਅਤੇ ਇਸ ਲਈ ਬਾਜ਼ਾਰ ਦੇ ਰੁਝਾਨਾਂ ਅਤੇ ਆਰਥਿਕ ਸਿਧਾਂਤਾਂ ਦੀ ਜਾਣਕਾਰੀ ਲੋੜੀਂਦੀ ਹੈ।

### ਮਨੋਭਾਵ (ਮਾਈਂਡਸੈਟ)

ਪੈਸਾ ਕਮਾਉਣ ਦੀ ਯਾਤਰਾ ਵਿੱਚ ਮਨੋਭਾਵ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਵਿਕਾਸਸ਼ੀਲ ਮਨੋਭਾਵ ਇਹ ਵਿਸ਼ਵਾਸ ਪੈਦਾ ਕਰਦਾ ਹੈ ਕਿ ਹੁਨਰ ਅਤੇ ਬੁੱਧੀ ਮਿਹਨਤ ਅਤੇ ਸਮਰਪਣ ਨਾਲ ਵਿਕਸਤ ਕੀਤੀ ਜਾ ਸਕਦੀ ਹੈ। ਇਹ ਵਿਅਕਤੀ ਨੂੰ ਚੁਣੌਤੀਆਂ ਸਵੀਕਾਰ ਕਰਨ ਅਤੇ ਅਸਫਲਤਾਵਾਂ ਨੂੰ ਸਿੱਖਣ ਦੇ ਮੌਕੇ ਵਜੋਂ ਦੇਖਣ ਲਈ ਪ੍ਰੇਰਿਤ ਕਰਦਾ ਹੈ।

ਇਸਦੇ ਉਲਟ, ਭੌਤਿਕਵਾਦੀ ਮਨੋਭਾਵ ਵਿਅਕਤੀ ਨੂੰ ਮਿਹਨਤ ਤੋਂ ਬਚਣ ਲਈ ਸ਼ਾਰਟਕੱਟ ਲੱਭਣ ਵੱਲ ਧੱਕਦਾ ਹੈ। ਇਹ ਰਵੱਈਆ ਨਾ ਸਿਰਫ਼ ਆਰਥਿਕ ਕਾਮਯਾਬੀ ਦੇ ਮੌਕੇ ਘਟਾਉਂਦਾ ਹੈ, ਸਗੋਂ ਨਿੱਜੀ ਵਿਕਾਸ ਅਤੇ ਆਤਮਿਕ ਸੰਤੁਸ਼ਟੀ ਤੋਂ ਵੀ ਦੂਰ ਕਰਦਾ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੈਸਾ ਕਮਾਉਣ ਦਾ ਕੋਈ ਛੋਟਾ ਰਾਹ ਨਹੀਂ ਹੁੰਦਾ ਕਿਉਂਕਿ ਇਹ ਇੱਕ ਖ਼ਤਰਨਾਕ ਮਨੋਵਿਗਿਆਨਕ ਹਾਲਤ ਹੈ ਜੋ ਮਨੁੱਖ ਨੂੰ ਗਲਤ ਰਸਤੇ 'ਤੇ ਲੈ ਜਾ ਸਕਦੀ ਹੈ। ਟਿਕਾਊ ਦੌਲਤ ਮਿਹਨਤ, ਧੀਰਜ, ਯੋਜਨਾਬੰਦੀ ਅਤੇ ਆਰਥਿਕ ਗਿਆਨ 'ਤੇ ਆਧਾਰਿਤ ਹੁੰਦੀ ਹੈ। ਤੁਰੰਤ ਦੌਲਤ ਦੀ ਲਾਲਸਾ ਭਾਵੇਂ ਆਕਰਸ਼ਕ ਲੱਗੇ, ਪਰ ਜੋ ਲੋਕ ਆਰਥਿਕ ਸਿਧਾਂਤਾਂ ਨੂੰ ਸਮਝਣ ਅਤੇ ਆਪਣੇ ਹੁਨਰ ਵਿਕਸਤ ਕਰਨ ਵਿੱਚ ਸਮਾਂ ਲਗਾਉਂਦੇ ਹਨ, ਉਹੀ ਅਖ਼ੀਰਕਾਰ ਅਸਲੀ ਕਾਮਯਾਬੀ ਹਾਸਲ ਕਰਦੇ ਹਨ। ਦੌਲਤ ਬਣਾਉਣ ਦਾ ਰਸਤਾ ਲੰਮਾ ਅਤੇ ਚੁਣੌਤੀਆਂ ਭਰਿਆ ਹੋ ਸਕਦਾ ਹੈ, ਪਰ ਇਹ ਨਿੱਜੀ ਵਿਕਾਸ ਅਤੇ ਸੰਤੁਸ਼ਟੀ ਵੀ ਪ੍ਰਦਾਨ ਕਰਦਾ ਹੈ। ਇਸ ਯਾਤਰਾ ਨਾਲ ਜੁੜੇ ਰਹਿਣਾ ਹੀ ਟਿਕਾਊ ਆਰਥਿਕ ਕਾਮਯਾਬੀ ਦਾ ਅਸਲ ਮੰਤਰ ਹੈ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਅਠਾਰਾਂ ਕੂ ਸਾਲ ਦਾ ਉਹ ਮੁੰਡਾ...



ਢਾਬੇ ਤੋਂ ਕੁਝ ਕੂ ਹਟਵਾਂ ਚੁੱਪ–ਚੁਪੀਤੇ ਗਜਰੇਲਾ ਵੇਚਣਾ ਸ਼ੁਰੂ ਕਰ ਦਿੱਤਾ..ਸਾਈਕਲ ਤੇ ਰੱਖੀ ਟੋਕਰੀ ਤੇ ਉਸ ਵਿਚ ਰੱਖੇ ਭਾਂਡੇ ਤੇ ਨਾਲ ਹੀ ਸਾਰਾ ਕੁਝ..!

ਕੁਝ ਹੀ ਦਿਨਾਂ ਵਿਚ ਸਾਡੇ ਇਥੇ ਗਜਰੇਲੇ ਤੇ ਮਿੱਠੇ ਦੀ ਗ੍ਰਾਹਕੀ ਘਟ ਗਈ..

ਲੋਕ ਰੋਟੀ ਤੇ ਸਾਡੇ ਢਾਬੇ ਤੇ ਖਾਂਦੇ ਪਰ ਗਜਰੇਲਾ ਖਾਣ ਉਚੇਚਾ ਉਸਦੇ ਕੋਲ ਅੱਪੜ ਜਾਂਦੇ..!

ਬੜੀ ਤਕਲੀਫ ਹੋਇਆ ਕਰਦੀ.."ਮਾਏ" ਆਪਣੇ ਤੋਂ ਅੱਧੀ ਉਮਰ ਦਾ ਜਵਾਕ ਜਿਹਾ ਮੈਨੂੰ ਥੱਲੇ ਲਾ ਗਿਆ..ਤੀਹ ਸਾਲ ਦਾ ਤਜੁਰਬਾ ਮਿੱਟੀ ਕਰ ਗਿਆ!

ਇੱਕ ਦਿਨ ਮੁੰਡੇ ਭੇਜੇ..ਦਬਕਾ ਮਰਵਾਇਆ ਜੇ ਮੁੜ ਇਥੇ ਦਿਸਿਆ ਤਾਂ ਲੱਤਾਂ ਤੁੜਵਾ ਦੇਣੀਆਂ..ਕਾਰਪੋਰੇਸ਼ਨ ਨੂੰ ਆਖ ਸਾਈਕਲ ਹੀ ਚੁਕਵਾ ਦੇਣਾ!

ਉਹ ਡਰ ਗਿਆ..ਫੇਰ ਥੋੜਾ ਹੋਰ ਹਟਵਾਂ ਖਲੋਣਾ ਸ਼ੁਰੂ ਕਰ ਦਿੱਤਾ..ਪਰ ਮੇਰੀ ਗ੍ਰਾਹਕੀ ਨਾ ਵਧੀ..ਸਗੋਂ ਉਸਦੇ ਦਵਾਲੇ ਲੱਗਦੀ ਭੀੜ ਹੋਰ ਵਧਦੀ ਗਈ!

ਰੋਜ ਮੁੰਡਾ ਭੇਜ ਪਤਾ ਕਰਦਾ ਉਹ ਆਇਆ ਕੇ ਨਹੀਂ..ਮਨ ਵਿਚ ਬੈਠਿਆ ਇਹ ਸਭ ਕੁਝ ਪਤਾ ਨਹੀਂ ਡਰ ਸੀ ਕੇ ਈਰਖਾ..ਕੇ ਸ਼ਾਇਦ ਦੋਵੇਂ!

ਕਈ ਵਾਰ ਸੋਚਦਾ ਸਾਲੇ ਦਾ ਐਕਸੀਡੈਂਟ ਹੀ ਹੋ ਜਾਵੇ..ਅੱਜ ਸਾਈਕਲ ਤੇ ਵੇਚਦਾ ਏ ਕੱਲ ਨੂੰ ਢਾਬਾ ਖੋਲ ਬਰੋਬਰ ਦੀ ਧਿਰ ਬਣ ਬੈਠਾ ਫੇਰ ਕੀ ਬਣੂੰ..ਪਾਠ ਵਿਚ ਵੀ ਧਿਆਨ ਨਾ ਲੱਗਦਾ!

ਇੱਕ ਦਿਨ ਮੁੰਡੇ ਨੇ ਦੱਸਿਆ ਕੇ ਉਹ ਅੱਜ ਨਹੀਂ ਆਇਆ..ਅਗਲੇ ਦਿਨ ਵੀ ਨਹੀਂ..ਦਿਲ ਨੂੰ ਠੰਡ ਜਿਹੀ ਪਈ..ਸ਼ੁਕਰ ਏ ਨੱਸ ਗਿਆ ਹੋਣਾ..ਰੱਬ ਕਰੇ ਹੁਣ ਕਦੇ ਵੀ ਨਾ ਆਵੇ..ਪਾਠ ਨੇ ਵੀ ਅਸਰ ਕਰਨਾ ਸ਼ੁਰੂ ਕਰ ਦਿੱਤਾ!

ਇੱਕ ਦਿਨ ਸੈਰ ਕਰਦਿਆਂ ਨਹਿਰ ਦੇ ਕੰਢੇ ਬੈਠਾ ਮਿਲ ਗਿਆ..ਨਿੱਕੇ ਨਿੱਕੇ ਪੱਥਰ ਜਿਹੇ ਚੁੱਕ ਪਾਣੀ ਅੰਦਰ ਸੁੱਟੀ ਜਾ ਰਿਹਾ ਸੀ..ਕੋਲ ਗਿਆ..ਹੁੱਝ ਮਾਰੀ "ਓਏ ਹੁਣ ਨੀ ਆਉਂਦਾ ਗਜਰੇਲਾ ਵੇਚਣ.."।

ਧਿਆਨ ਉਤਾਂਹ ਚੁੱਕਿਆ..ਬੁਰੀ ਹਾਲਤ..ਲੱਗਦਾ ਕਿੰਨੇ ਦਿਨਾਂ ਤੋਂ ਨਹਾਤਾ ਨਹੀਂ ਸੀ..ਅੱਖੀਆਂ ਵਿਚ ਵੀ ਹੰਜੂ..!

ਹੱਥ ਜੁੜ ਗਏ..ਅਖ਼ੇ ਸਰਦਾਰ ਜੀ ਉਸਨੇ ਮੇਰਾ ਸਬ ਕੁਝ ਲੁੱਟ ਲਿਆ..ਦੋ ਮਹੀਨੇ ਦਾ ਕਿਰਾਇਆ ਬਾਕੀ ਸੀ..ਨਾਲੇ ਬਾਪ ਵੀ ਢਿੱਲਾ..ਉਸਨੇ ਸਾਈਕਲ ਰੱਖ ਲਿਆ..ਅਖ਼ੇ ਹਿਸਾਬ ਕਰ ਮਗਰੋਂ ਮਿਲੂ ਇਹ ਸਭ ਕੁਝ..ਰੋਟੀ ਦੇ ਵੀ ਲਾਲੇ ਪੈ ਗਏ ਨੇ..ਨਿੱਕੇ ਨਿੱਕੇ ਭੈਣ ਭਾਈ..ਤੁਸੀਂ ਦੱਸੋ ਹੁਣ ਮੈਂ ਕੀ ਕਰਾ..ਨਹਿਰ ਵਿਚ ਛਾਲ ਵੀ ਨਹੀਂ ਮਾਰ ਸਕਦਾ..ਬਾਕੀਆਂ ਦਾ ਕੀ ਬਣੂੰ.."।

ਮਗਰੋਂ ਉਸਤੋਂ ਗੱਲ ਨਹੀਂ ਹੋਈ!

ਮੇਰੇ ਕਾਲਜੇ ਦਾ ਰੁੱਗ ਭਰਿਆ ਗਿਆ..ਸੁੰਨ ਜਿਹਾ ਹੋ ਗਿਆ..ਇਹ ਮੈਥੋਂ ਕੀ ਹੋ ਗਿਆ..ਗਰੀਬ ਮਾਰ ਹੋ ਗਈ..ਹੁਣ ਤੱਕ ਪੜੀ ਸਾਰੀ ਬਾਣੀ ਵੀ ਲਾਹਨਤਾਂ ਪਾਉਂਦੀ ਲੱਗੀ!

ਅੱਜ ਪੂਰੇ ਦੋ ਸਾਲ ਹੋ ਗਏ...!

ਮੇਰੇ ਢਾਬੇ ਤੇ ਹੀ ਕੰਮ ਕਰਦੇ ਨੂੰ..ਮੇਰਾ ਅੱਧਾ ਬੋਝ ਘਟ ਗਿਆ ਤੇ ਮੁਨਾਫ਼ਾ ਕਈ ਗੁਣਾਂ ਵੱਧ ਗਿਆ..ਸਾਰੀਆਂ ਜੁੰਮੇਵਾਰੀਆਂ ਵੀ ਓਸੇ ਨੇ ਚੁੱਕ ਲਈਆਂ...!


ਆਪਣੇ ਕੀਤੇ ਨੂੰ ਯਾਦ ਕਰ ਕਈ ਵਾਰ ਸ਼ਰਮਿੰਦਾ ਜਰੂਰ ਹੋ ਜਾਂਦਾ...!

ਬਾਪੂ ਜੀ ਚੇਤੇ ਆ ਜਾਂਦਾ..ਆਖਦਾ ਹੁੰਦਾ ਸੀ..ਪੁੱਤਰ ਇਹ ਦੁਨੀਆ ਰੱਬ ਦਾ ਬਣਾਇਆ ਸਮੁੰਦਰ ਏ..ਕਿਸੇ ਹੋਰ ਦੇ ਬਾਲਟੀ ਭਰਿਆ ਕਦੀ ਨੀ ਘਟਦਾ..ਸਗੋਂ ਵਧਦਾ ਈ ਏ..ਸਿਰਫ ਨੀਅਤ ਠੀਕ ਹੋਣੀ ਚਾਹੀਦੀ! ਪਰ ਇਹ ਮਨ ਦੇ ਵਲਵਲੇ..ਪਤਾ ਨੀ ਕਿਓਂ ਮੱਤ ਤੇ ਪਰਦਾ ਪਾ ਦਿੰਦੇ ਨੇ..!



ਹਰਪ੍ਰੀਤ ਸਿੰਘ ਜਵੰਦਾ

# ਮੈਂ ਤਾਜ ਮਹਿਲ ਦੇਖਣ ਗਿਆ...



ਆਪਣੇ ਇੱਕ ਦੋਸਤ ਨਾਲ ਮੈਂ ਤਾਜ ਮਹਿਲ ਦੇਖਣ ਗਿਆ ਸੀ। ਤਿੰਨ ਚਾਰ ਘੰਟੇ ਅਸੀਂ ਉੱਥੇ ਰਹੇ। ਪੁੰਨਿਆ ਦੀ ਰਾਤ ਸੀ। ਪਰ ਉਹ ਤਾਜ ਮਹਿਲ ਨੂੰ ਨਾ ਦੇਖ ਸਕਿਆ ਕਿਉਂਕਿ ਉਹ ਫੋਟੋਵਾਂ ਲੈਣ ਵਿਚ ਰੁਝਿਆ ਰਿਹਾ। ਮੈਂ ਉਸ ਨੂੰ ਕਿਹਾ ਵੀ ਕਿ ਫੋਟੋਵਾਂ ਤਾਂ ਤੁਹਾਡੇ ਪਿੰਡ ਵਿੱਚ ਵੀ ਮਿਲਦੀਆਂ ਹਨ, ਆਮ ਵਿਕਦੀਆਂ ਹਨ, ਇੰਨੀ ਦੂਰ ਆਉਣ ਦੀ ਜ਼ਰੂਰਤ ਨਹੀਂ ਸੀ? ਅਤੇ ਜੋ ਫੋਟੋਵਾਂ ਬਾਜ਼ਾਰ ਚੋਂ ਮਿਲਦੀਆਂ ਹਨ ਉਹ ਜ਼ਿਆਦਾ ਵਧੀਆ ਫੋਟੋਗ੍ਰਾਫਰਾਂ ਨੇ ਖਿੱਚੀਆਂ ਹੁੰਦੀਆਂ ਹਨ। ਤੂੰ ਤਾਂ ਅਜੇ ਸਿੱਖ ਰਿਹਾ ਹੈਂ, ਤੇਰੇ ਫੋਟੋਗ੍ਰਾਫ ਦਾ ਮਤਲਬ ਵੀ ਕੀ ਹੈ। ਪਰ ਉਹ ਬੋਲਿਆ ਕਿ ਨਹੀਂ, ਘਰ ਜਾ ਕੇ ਸ਼ਾਂਤੀ ਨਾਲ ਵੇਖਾਂਗਾ। ਤਾਜ ਮਹਿਲ ਸਾਹਮਣੇ ਹੈ ਅਤੇ ਉਹ ਚਿੱਤਰ ਲੈ ਰਿਹਾ ਹੈ। ਉਹ ਘਰ ਜਾ ਕੇ ਸ਼ਾਂਤੀ ਨਾਲ ਦੇਖੇਗਾ ਅਤੇ ਉਦੋਂ ਉਹ ਸੋਚੇਗਾ ਕਿੰਨਾ ਪਿਆਰਾ ਤਾਜ ਮਹਿਲ ਹੈ ਅਤੇ ਉਹ ਕਦੇ ਉਸ ਨੇ ਦੇਖਿਆ ਹੀ ਨਹੀਂ, ਉਹ ਕੈਮਰੇ ਨੇ ਦੇਖਿਆ ਹੋਵੇਗਾ। ਉਹ ਆਪ ਤਾਂ ਉੱਥੇ ਹੈ ਹੀ ਨਹੀਂ ਸੀ। ਉਹ ਤਾਂ ਐਲਬਮ ਬਣਾ ਰਿਹਾ ਸੀ।

ਇਵੇਂ ਹੀ ਤੁਸੀਂ ਜੀਵਨ ਦੀ ਭਾਲ ਕਰ ਰਹੇ ਹੋ, ਜੀਵਨ ਤੁਹਾਡੇ ਸਾਹਮਣੇ ਹੈ ਅਤੇ ਤੁਸੀਂ ਇਸਨੂੰ ਲੱਭਣ ਵਿੱਚ ਹੀ ਗੁਆ ਰਹੇ ਹੋ। ਲੱਭਣ ਦੀ ਕੋਈ ਲੋੜ ਨਹੀਂ ਹੈ, ਜੀਵਨ ਮਿਲਿਆ ਹੀ ਹੋਇਆ ਹੈ। ਉਸਨੇ ਤੁਹਾਨੂੰ ਹਰ ਪਾਸਿਓਂ ਘੇਰਿਆ ਹੋਇਆ ਹੈ। ਉਹੀ ਹਰ ਪਾਸਿਓਂ ਵਰ੍ਹ ਰਿਹਾ ਹੈ। ਰੋਮ ਰੋਮ ਵਿੱਚ, ਸਵਾਸ ਸਵਾਸ ਵਿੱਚ, ਜੀਵਨ ਦਾ ਹੀ ਰੋਮਾਂਚ ਹੈ, ਜੀਵਨ ਦਾ ਹੀ ਨਾਚ ਹੈ।


ਤੁਸੀਂ ਕਿੱਥੇ ਲੱਭਣ ਜਾ ਰਹੇ ਹੋ? ਤੁਸੀਂ ਜਿੱਥੇ ਵੀ ਜਾਓਗੇ, ਗਲਤ ਹੋ ਜਾਵੋਗੇ। ਜਾਣਾ ਗਲਤ ਹੈ। ਹੋਣਾ ਸਹੀ ਹੈ। ਜਾਣ ਵਿੱਚ ਹੀ ਤਾਂ ਤੁਸੀਂ ਵਰਤਮਾਨ ਤੋਂ ਨਿੱਖੜ ਜਾਂਦੇ ਹੋ। ਤੁਸੀਂ ਕਹਿੰਦੇ ਹੋ ਕਿ ਕੱਲ੍ਹ, ਕੱਲ੍ਹ ਨੂੰ ਸੁੱਖ ਪਾਵਾਂਗੇ। ਜੋ ਕਿ ਨਾ ਤਾਂ ਬੀਤੇ ਹੋਏ ਕੱਲ੍ਹ 'ਚ ਮਿਲਿਆ ਹੈ, ਨਾ ਹੀ ਆਉਣ ਵਾਲੇ ਕੱਲ੍ਹ ਨੂੰ ਮਿਲਣ ਵਾਲਾ ਹੈ, ਕਿਉਂਕਿ ਕੱਲ੍ਹ ਕਦੇ ਆਉਂਦਾ ਹੀ ਨਹੀਂ।

ਜਿਸ ਨੇ ਅੱਜ ਨੂੰ ਜੀਣ ਦੇ ਲਈ ਕੱਲ੍ਹ ਤੇ ਛੱਡ ਦਿੱਤਾ, ਉਹ ਮੂਰਖ ਹੈ।

ਓਸ਼ੋ

# ਆਲੋਕਾ

ਅੱਜ ਦੇ ਸਮੇਂ ਵਿੱਚ ਚੰਗੇ ਨੇਕ ਤੇ ਸੇਮ ਸੰਜਮਿਤ ਵਿਵਹਾਰ ਦੀ ਇੱਕ ਉਦਾਹਰਣ ਹੈ ਆਲੋਕਾ। ਭਾਰਤ ਦਾ ਇੱਕ ਸੜਕ ਤੇ ਰਹਿਣ ਵਾਲਾ ਕੁੱਤਾ ਆਲੋਕਾ। ਜਿਸ ਦੀ ਨਾਲ ਨਸਲ ਬਾਰੇ ਕੁਝ ਪਤਾ ਹੈ ਹੈ ਨਾ ਉਸਦੀ ਪੈਦਾਇਸ਼ ਬਾਰੇ। ਪਰ ਉਹ ਭਿਕਸ਼ੂਆਂ ਸੰਗ ਰਲ ਆਪਣੀ ਜ਼ਿੰਦਗੀ ਦੇ ਉਸ ਸਫਰ ਤੇ ਨਿਕਲ ਪਿਆ ਜੋ ਮਨੁੱਖ ਦੇ ਜਾਮੇ ਵਿੱਚ ਵੀ ਮੁਸ਼ਕਿਲ ਹੈ। ਜਦੋਂ ਇਹ ਭਿਕਸ਼ੂ ਭਾਰਤ ਵਿੱਚ ਸਨ। ਤਾਂ ਆਲੋਕਾ ਇਹਨਾਂ ਦੇ ਨਾਲ ਨਾਲ ਚੱਲਣ ਲੱਗਾ। ਕਿੱਥੋਂ ਆਇਆ ਤੇ ਕਿਵੇਂ ਕੋਈ ਨਹੀਂ ਜਾਣਦਾ। ਬਸ ਉਹ ਭਿਕਸ਼ੂਆਂ ਦੇ ਨਾਲ ਤੁਰਦਾ ਰਹਿੰਦਾ। ਉਸ ਦਾ ਵਿਹਾਰ ਬੜੇ ਹੀ ਸੰਜਮ ਵਾਲਾ ਤੇ ਅਨੁਸ਼ਾਸਿਤ ਸੀ। ਭਿਕਸ਼ੂਆਂ ਨੇ ਇਸ ਸਮਝ ਲਿਆ ਕਿ ਇਹ ਵੀ ਸਾਡੇ ਰਾਹ ਦਾ ਪਾਂਧੀ ਹੈ। ਉਹ ਸਾਰੀ ਯਾਤਰਾ ਵਿੱਚ ਲਗਾਤਾਰ ਉਹਨਾਂ ਦੇ ਨਾਲ ਰਿਹਾ। ਭਿਕਸ਼ੂਆਂ ਨੇ ਉਸਨੂੰ ਨਾਲ ਅਮਰੀਕਾ ਲਿਜਾਣ ਲਈ 14000 ਡਾਲਰ ਦਾ ਫੰਡ ਇਕੱਠਾ ਕੀਤਾ। ਉਸ ਦੀ ਨਾਗਰਿਕਤਾ ਉਸਦੇ ਆਉਣ ਜਾਣ ਦਾ ਪ੍ਰਬੰਧ ਉਸਦੀ ਦਵਾਈ ਉਸਦੇ ਲੱਗਣ ਵਾਲੇ ਟੀਕੇ ਸਭ ਦੀ ਵਿਵਸਥਾ ਕੀਤੀ। ਇਸ ਸਮੇਂ ਆਲੋਕਾ ਭਿਕਸ਼ੂਆਂ ਨਾਲ ਵਾਸ਼ਿੰਗਟਨ ਵਿੱਚ ਸ਼ਾਂਤੀ ਯਾਤਰਾ ਤੇ ਹੈ। ਜੋ ਮਨੁੱਖ ਹੋ ਕੇ ਅਸੀਂ ਨਹੀਂ ਕਰ ਸਕਦੇ ਉਸਨੇ ਕੁੱਤੇ ਦੀ ਜੂਨ ਵਿੱਚ ਕਰ ਲਿਆ ਹੈ। ਇਸ ਸਭ ਦੇ ਪਿੱਛੇ ਉਸਦਾ ਸੰਜਮ ਅਤੇ ਅਨੁਸ਼ਾਸਨ ਹੈ ਜੋ ਉਸਨੂੰ ਕਿਸੇ ਨੇ ਨਹੀਂ ਸਿਖਾਇਆ। ਉਸਦੇ ਵੀ ਸੜਕ ਤੇ ਬਹੁਤ ਠੋਕਰਾਂ ਖਾਧੀਆਂ ਹੋਣਗੀਆਂ। ਪਰ ਆਪਣੇ ਵਿਹਾਰ ਨਾਲ ਅੱਜ ਉਹ ਦੁਨੀਆਂ ਵਿੱਚ ਹਰਮਨ ਪਿਆਰਾ ਹੈ। ਇਸ ਲਈ ਜ਼ਿੰਦਗੀ ਵਿੱਚ ਕੁਝ ਜਰੂਰੀ ਹੈ ਤਾਂ ਸੰਜਮ ਅਤੇ ਅਨੁਸ਼ਾਸਨ। ਤੁਹਾਡੀ ਲਗਨ ਇਹਨਾਂ ਗੁਣਾਂ ਨਾਲ ਮਿਲ ਜਾਵੇ ਤਾਂ ਤੁਸੀਂ ਅਰਸ਼ ਤੇ ਪਹੁੰਚ ਸਕਦੇ ਹੋ।




ਹਰਪ੍ਰੀਤ ਕੌਰ ਸੰਧੂ

# ਡਾ. ਅਮਰਜੀਤ ਟਾਂਡਾ ਦੇ ਸੁਰਨਾਵਲ 'ਤੇ ਵਕਤ ਬੋਲਦਾ ਗਿਆ' ਦੇ ਵਿਸ਼ਿਆਂ ਦੀ ਪ੍ਰਸੰਗਕਤਾ ਤੇ ਗੰਭੀਰਤਾ ਨੂੰ ਮਾਣਦਿਆਂ...

ਡਾ. ਅਮਰਜੀਤ ਸਿੰਘ ਟਾਂਡਾ ਮੁੱਢਲੇ ਤੌਰ 'ਤੇ ਕੀਟ-ਵਿਗਿਆਨੀ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਲੰਮਾਂ ਸਮਾਂ ਪੜ੍ਹਨ, ਪੜ੍ਹਾਉਣ ਤੇ ਖੋਜ ਕਰਨ ਦੇ ਨਾਲ ਨਾਲ ਆਪਣੇ ਸਾਹਿਤਕ ਸ਼ੌਕ ਨੂੰ ਵੀ ਬਾਖ਼ੂਬੀ ਪਾਲ਼ਦਾ ਰਿਹਾ ਹੈ, ਜਿਸ ਨੂੰ ਉਹ ਨਿਰੰਤਰ ਨਿਭਾ ਰਿਹਾ ਹੈ। ਇਸ ਸਾਹਿਤਕ ਸ਼ੌਕ ਵਿੱਚੋਂ ਉਸ ਦੀਆਂ ਕਾਵਿ-ਪੁਸਤਕਾਂ 'ਹਵਾਵਾਂ ਦੇ ਰੁਖ਼', 'ਲਿਖਤੁਮ ਨੀਲੀ ਬੰਸਰੀ', 'ਦੀਵਾ ਸਫ਼ਿਆਂ ਦਾ', 'ਕੋਰੇ ਕਾਗਜ਼ 'ਤੇ ਨੀਲੇ ਦਸਤਖ਼ਤ' ਤੇ 'ਥਕੇ ਹੂਏ' (ਹਿੰਦੀ), ਨਾਵਲ 'ਨੀਲਾ ਸੁੱਕਾ ਸਮੁੰਦਰ', 'ਤਾਰੇ ਘਰ ਅੰਬਰ ਦੇ' ਅਤੇ ਵਾਰਤਕ ਪੁਸਤਕ 'ਮੇਰਾ ਪੰਜਾਬ' ਪੰਜਾਬੀ ਪਾਠਕਾਂ ਤੱਕ ਪਹੁੰਚੀਆਂ ਹਨ।

ਹਥਲੀ ਪੁਸਤਕ 'ਤੇ ਵਕਤ ਬੋਲਦਾ ਗਿਆ' ਸਮੇਂ ਨੂੰ 'ਸੂਤਰਧਾਰ' ਬਣਾ ਕੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਇਆ ਗਿਆ ਹੈ। ਉਂਜ, ਇਹ ਸੂਤਰਧਾਰ ਲੇਖਕ ਖ਼ੁਦ ਆਪ ਹੀ ਹੈ ਜੋ ਇਸ 'ਸੁਰਨਾਵਲ' ਦੇ ਪਾਤਰਾਂ ਅਮਰਜੋਤ ਅਤੇ ਰਮਣੀਕ ਨਾਲ 'ਉਪਦੇਸ਼' ਦੀ ਭਾਸ਼ਾ ਵਿੱਚ ਬਹੁ-ਰੰਗੀ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਬਾਰੇ ਗੱਲ ਕਰਦਾ ਹੈ, ਸਿਹਤ ਤੇ ਯੋਗਾ ਦੇ ਨਾਲ ਬ੍ਰਹਿਮੰਡ ਦੇ ਪਸਾਰੇ ਨੂੰ ਵੇਖਦਾ ਹੈ, ਹਵਾ ਤੇ ਪਾਣੀ ਦੇ ਪ੍ਰਦੂਸ਼ਣ, ਸਾਫ਼ ਵਾਤਾਵਰਣ ਦੀ ਲੋੜ, ਖੁਸ਼ੀ, ਗ਼ਮੀ, ਉਦਾਸੀ, ਰੁਝੇਵਾਂ, ਫ਼ਿਲਾਸਫ਼ੀ, ਸਾਹਿਤ, ਕਲਾ ਅਤੇ ਜੀਵਨ ਵਿੱਚ ਖ਼ੁਸ਼ ਰਹਿਣ ਦੇ ਢੰਗਾਂ, ਤਰੀਕਿਆਂ ਬਾਰੇ ਜਾਣਕਾਰੀ ਸਾਂਝੀ ਕਰਦਾ ਹੈ। ਇੱਥੋਂ ਤੱਕ ਕਿ ਉਹ ਜੀਵਨ ਵਿੱਚ ਅੱਗੇ ਵੱਧਣ ਲਈ 'ਚਾਦਰ ਤੋਂ ਵਧੇਰੇ ਪੈਰ ਪਸਾਰਨਫ਼' ਦੀ ਵੀ ਗੱਲ ਕਰਦਾ ਹੈ। ਇਸਦੇ ਨਾਲ ਹੀ ਲੇਖਕ ਪੰਜਾਬੀਆਂ ਦੀ ਸਿਹਤ ਬਾਰੇ ਵੀ ਪੂਰਾ ਫ਼ਿਕਰਮੰਦ ਹੈ। ...ਗੱਲ ਕੀ, ਇਸ ਪੁਸਤਕ ਦੇ 305 ਪੰਨਿਆਂ ਵਿੱਚ ਉਸਦੇ ਵੱਲੋਂ 70 ਛੋਟੇ-ਛੋਟੇ ਅਧਿਆਵਾਂ ਵਿੱਚ ਮਨੁੱਖੀ ਜੀਵਨ ਦੇ ਬਹੁਤ ਸਾਰੇ ਮਹੱਤਵਪੂਰਨ ਮੁੱਦਿਆਂ ਨੂੰ ਬਾਖ਼ੂਬੀ ਉਭਾਰਿਆ ਗਿਆ ਹੈ।

ਸਮੇਂ ਬਾਰੇ ਲੇਖਕ ਦਾ ਵਿਚਾਰ ਹੈ ਕਿ 'ਵਕਤ' ਬੱਚੇ ਦੀ 'ਗੁੜ੍ਹਤੀ' ਤੋਂ ਹੀ ਆਰੰਭ ਹੋ ਜਾਂਦਾ ਹੈ ਅਤੇ ਇਹ ਨਾਨੀਆਂ-ਦਾਦੀਆਂ ਦੀਆਂ ਕਹਾਣੀਆਂ ਵਾਂਗ ਨਿਰੰਤਰ ਚੱਲਦਾ ਹੈ ਜੋ ਰੂਹ ਨੂੰ ਛੂਹ ਲੈਂਦੀਆਂ ਹਨ ਅਤੇ ਹਰੇਕ ਦੇ ਦਿਲਾਂ ਤੇ ਸਾਹਾਂ ਦੇ ਅੰਦਰ ਉੱਤਰ ਜਾਂਦੀਆਂ ਹਨ। ਇਹ ਵਕਤ ਉਨ੍ਹਾਂ ਲੋਕਾਂ ਦੇ ਨਾਲ ਹਮੇਸ਼ਾ ਹੀ ਰਹਿੰਦਾ ਹੈ ਜੋ ਸਮੇਂ ਦੀਆਂ ਵਾਗਾਂ ਫੜ੍ਹ ਲੈਂਦੇ ਹਨ। ਸਮੇਂ ਨੂੰ ਇੱਕ ਬਹੁ-ਮੁੱਲੇ 'ਸੋਮੇ' ਵਾਂਗ ਵਰਤਿਆ ਜਾਣਾ ਚਾਹੀਦਾ ਹੈ ਅਤੇ ਇਸਦਾ ਹਮੇਸ਼ਾ ਸਦ-ਉਪਯੋਗ ਹੋਣਾ ਚਾਹੀਦਾ ਹੈ। ਪੁਸਤਕ ਵਿੱਚ ਕੁਦਰਤ ਦੇ ਪਸਾਰੇ ਨੂੰ ਬਹੁਤ ਵਧੀਆ ਤਰ੍ਹਾਂ ਦਰਸਾਇਆ ਗਿਆ ਹੈ। ਨਦੀਆਂ ਦੀਆਂ ਲਹਿਰਾਂ ਦੀ 'ਕਲ-ਕਲ' ਕਲਾਸੀਕਲ ਸੰਗੀਤ ਪੈਦਾ ਕਰਦੀਆਂ ਹਨ। ਇਨ੍ਹਾਂ ਦੇ ਕਿਨਾਰੇ ਜਾ ਕੇ ਇਸ ਮਧੁਰ-ਸੰਗੀਤ ਨੂੰ ਨੀਝ ਲਾ ਕੇ ਸੁਣਨ ਦੀ ਲੋੜ ਹੈ। ਚਿੜੀਆਂ ਦੀ 'ਚੀਂ-ਚੀਂ', ਗੁਟਾਰਾਂ ਦੀ 'ਗੁਟਰ-ਗੂੰ', ਘੁੱਗੀਆਂ ਦੀ 'ਘੂੰ-ਘੂੰ' ਬਾਗਾਂ ਵਿੱਚ ਕੋਇਲਾਂ ਦੀ 'ਕੂਹ-ਕੂਹ' ਅਤੇ ਬਬੀਹੇ ਦੀ 'ਪ੍ਰਿਉ- ਪ੍ਰਿਉ' ਵਾਤਾਵਰਣ ਵਿੱਚ ਅਤੀ-ਸੁਰੀਲਾ ਕੁਦਰਤੀ ਰਾਗ ਛੇੜਦੀ ਹੈ। ਪ੍ਰਚੱਲਤ 'ਕਰਮ-ਕਾਂਡ' ਵਾਲੀ ਦੀਵਿਆਂ ਵਾਲੀ ਆਰਤੀ ਦੀ ਥਾਂਇੱਥੇ ਸਾਰੇ ਪਾਸੇ ਬਾਬੇ ਨਾਨਕ ਵਾਲੀ ਕੁਦਰਤ ਦੀ ਅਸਚਰਜ 'ਆਰਤੀ' ਦਾ ਮਾਹੌਲ ਸਾਰੇ ਪਾਸੇ ਸਿਰਜਿਆ ਪਿਆ ਹੈ, "ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ। ਧੂਪ ਮਲਿਆਨਲੋ ਫੂਲੰਤ ਜੋਤੀ।" ਕਾਦਰ ਦੀ ਚਾਰੇ ਪਾਸੇ ਖ਼ੂਬਸੂਰਤ ਨਜ਼ਾਰਾ ਹੈ। ਫੁੱਲਾਂ ਦੀ ਸੁਗੰਧੀ ਦੀ 'ਧੂਫ਼' ਬਲ਼ ਰਹੀ ਹੈ ਅਤੇ 'ਪੌਣ' (ਹਵਾ) 'ਚੌਰ' ਕਰ ਰਹੀ ਹੈ। ਫੁੱਲਾਂ ਨੇ ਖਿੜ ਕੇ ਵੱਖੋ-ਵੱਖਰੇ ਰੰਗਾਂ ਦੀ ਨੁਮਾਇਸ਼ ਲਗਾਈ ਹੋਈ ਹੈ। ਸ਼ਹਿਦ ਦੀਆਂ ਮੱਖੀਆਂ ਤੇ ਹੋਰ ਕੀਟ-ਪਤੰਗੇ ਨੱਚਦੇ ਗਾਉਂਦੇ ਹੋਏ ਇੱਕ ਫੁੱਲ ਤੋਂ ਉੱਡ ਕੇ ਦੂਸਰੇ 'ਤੇ ਜਾ ਬੈਠਦੇ ਹਨ ਅਤੇ 'ਪ੍ਰਾਗਣ-ਕਿਰਿਆ' ਵਿੱਚ ਫੁੱਲਾਂ ਦੀ ਮਦਦ ਕਰ ਰਹੇ ਹਨ।

ਲੇਖਕ ਡਾ. ਅਮਰਜੀਤ ਸਿੰਘ ਟਾਂਡਾ ਕਵੀ ਵੀ ਹੈ ਤੇ ਵਿਗਿਆਨੀ ਵੀ। ਉਹ ਇਸ ਪੁਸਤਕ ਵਿੱਚ ਇਨ੍ਹਾਂ ਦੋਹਾਂ ਪੱਖਾਂ ਬਾਰੇ ਖ਼ੂਬਸੂਰਤ ਚਰਚਾ ਕਰਦਾ ਹੈ। ਸ਼ਾਇਰੀ ਤੇ ਸ਼ਾਇਰਾਂ ਬਾਰੇ ਉਸਦਾ ਮੰਨਣਾ ਹੈ ਕਿ ਸ਼ਾਇਰ ਨਿੱਘੀ ਧੁੱਪ ਨੂੰ ਵੀ ਨੇੜੇ ਬੈਠਣ ਲਈ ਇਹ ਕਹਿ ਕੇ ਆਪਣੇ ਕੋਲ਼ ਸੱਦ ਸਕਦਾ ਹੈ, "ਮੈਨੂੰ ਤੇਰੀ ਚਮਕਦਾਰ ਮੁਸਕ੍ਰਾਹਟ ਦੇਖਣ ਨੂੰ ਦਿਲ ਕਰਦਾ ਹੈ। ਤੂੰ ਮੇਰੇ ਨਾਲ ਪਰਛਾਵੇਂ ਵਾਂਗ ਰਿਹਾ ਕਰ।" (ਪੰਨਾ-203)

ਲੇਖਕ ਅਨੁਸਾਰ ਸ਼ਾਇਰ ਆਪਣੀ ਕਾਵਿ-ਉਡਾਰੀ ਨਾਲ ਹਰ ਉਚਾਈ ਅਤੇ ਡੂੰਘਾਈ ਤੱਕ ਜਾ ਸਕਦਾ ਹੈ, ਪਰ ਵਿਗਿਆਨੀ ਲਈ ਅਜਿਹਾ ਮੁਸ਼ਕਲ ਹੈ, ਕਿਉਂਕਿ ਉਹ ਤੱਥਾਂ ਦੇ ਆਧਾਰਿਤ ਸੋਚਦਾ ਤੇ ਚੱਲਦਾ ਹੈ ਅਤੇ ਉਸਦੀ ਇੱਕ ਆਪਣੀ ਸੀਮਾ ਹੈ। ਪਾਠਕਾਂ ਲਈ ਲੇਖਕ ਦੀ ਸ਼ਾਇਰੀ ਦੀ ਝਲਕ ਹਾਜ਼ਰ ਹੈ :

ਚੱਲ ਆਪਾਂ ਯਾਰਾਂ ਵਾਂਗ ਰਹੀਏ
ਕੱਚ ਬਣਕੇ ਕੀ ਕਰੇਂਗਾ
ਐਵੇਂ ਕਿਤੇ ਤਿੜਕ ਮਰੇਂਗਾ
ਕੱਚ ਦੇ ਕਾਹਦੇ ਰਿਸ਼ਤੇ?
ਕਿਹੜੀਆਂ ਦੋਸਤੀਆਂ ? (ਪੰਨਾ- 142)

ਪੁਸਤਕ ਵਿੱਚ ਸੁਣਨ ਦੀ ਮਹੱਤਤਾ ਉੱਪਰ ਕਾਫ਼ੀ ਜ਼ੋਰ ਦਿੱਤਾ ਗਿਆ ਹੈ। ਦਰਅਸਲ, ਸੁਣਨ ਦਾ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ। ਸੁਣਨ ਨਾਲ ਗਿਆਨ




ਦੀ ਪ੍ਰਾਪਤੀ ਹੁੰਦੀ ਹੈ ਅਤੇ ਮਾਨਸਿਕ-ਬੁੱਧੀ ਵਿੱਚ ਵਾਧਾ ਹੁੰਦਾ ਹੈ। ਚੰਗੀ ਸਿਫ਼ਤ-ਸਲਾਹ ਸੁਣਨ ਨਾਲ ਸਿੱਧਾਂ, ਪੀਰਾਂ, ਨਾਥਾਂ ਤੇ ਦੇਵਤਿਆਂ, ਸਾਧਾਂ ਤੇ ਸੰਤਾਂ ਦੀ ਅਸਲੀਅਤ ਦੀ ਸਹੀ ਪਛਾਣ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਰਚਿਤ 'ਜਪੁਜੀ ਸਾਹਿਬ' ਜੀ ਦੀ ਅੱਠਵੀ ਪਉੜੀ ਸੁਣਨ ਬਾਰੇ ਹੀ ਹੈ :

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥

ਏਸੇ ਤਰ੍ਹਾਂ 'ਅਨੰਦ ਸਾਹਿਬ' ਦੇ ਪਾਠ ਵਿੱਚ ਅਖ਼ੀਰ 'ਤੇ ਆਉਂਦੇ ਸਲੋਕ ਵਿੱਚ ਗੁਰੂ ਅਮਰਦਾਸ ਜੀ ਵੱਲੋਂ ਫਰਮਾਇਆ ਗਿਆ ਹੈ : ਸੁਣਤੇ ਪੁਨੀਤ ਕਹਿਤੇ ਪਵਿਤੁ ਸਤਿਗੁਰ ਰਹਿਆ ਭਰਪੂਰੇ॥ ਬਿਨਵੰਤ ਨਾਨਕ ਗੁਰ ਚਰਣ ਲਾਗੈ ਵਾਜੇ ਅਨਹਦ ਤੂਰੇ॥

ਭਾਵ, 'ਅਨੰਦ ਸਾਹਿਬ' ਦੀ ਪੂਰੀ ਬਾਣੀ ਸੁਣ ਕੇ ਉਸ ਉੱਪਰ ਚੱਲਣ ਵਾਲੇ ਮਨੁੱਖ ਪਵਿੱਤਰ ਹੋ ਜਾਂਦੇ ਹਨ। ਉਹ ਆਤਮਿਕ ਤੌਰ 'ਤੇ ਸ਼ਕਤੀਸ਼ਾਲੀ ਹੋ ਜਾਂਦੇ ਹਨ। ਬੁੱਧੀਮਾਨ ਲੋਕ ਜਿਨ੍ਹਾਂ ਨੇ ਪੜ੍ਹ-ਸੁਣ ਕੇ ਵਧੇਰੇ ਗਿਆਨ ਪ੍ਰਾਪਤ ਕੀਤਾ ਹੁੰਦਾ ਹੈ, ਪਹਿਲੀਆਂ ਪੋਜ਼ੀਸ਼ਨਾਂ 'ਤੇ ਆਉਂਦੇ ਹਨ। ਕੁਦਰਤੀ ਸਰੋਤ - ਹਵਾ, ਪਾਣੀ, ਨਦੀਆਂ, ਨਾਲ਼ਿਆਂ, ਚਸ਼ਮਿਆਂ ਅਤੇ ਪੰਛੀਆਂ ਦੀਆਂ ਮਧੁਰ ਆਵਾਜ਼ਾਂ ਮਨੁੱਖੀ ਸਿਹਤਸਮਝਣ ਸ਼ਕਤੀ ਵਿੱਚ ਵਾਧਾ ਕਰਦੀਆਂ ਹਨ, ਜਿਸ ਦੀ ਅੱਜ ਮਨੁੱਖਤਾ ਨੂੰ ਬੜੀ ਲੋੜ ਹੈ। ਆਮ ਧਾਰਨਾ ਅਤੇ ਲੋਕ-ਸਿਆਣਪ ਹੈ ਕਿ 'ਮਨੁੱਖ ਨੂੰ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ', ਭਾਵ ਆਪਣੀ ਸਮਰੱਥਾ ਅਨੁਸਾਰ ਚੱਲਣਾ ਚਾਹੀਦਾ ਹੈ, ਪਰ ਲੇਖਕ ਪੁਸਤਕ ਦੇ 63'ਵੇਂ ਅਧਿਆਇ ਵਿੱਚ ਇਸ ਤੋਂ ਉਲਟ 'ਚਾਦਰ ਤੋਂ ਵਧੇਰੇ ਪੈਰ ਪਸਾਰਨ' ਦੀ ਗੱਲ ਕਰਦਾ ਹੈ। ਆਪਣੇ ਇਸ ਕਥਨ ਦੇ ਹੱਕ ਵਿੱਚ ਉਹ ਦਲੀਲ ਦਿੰਦਾ ਹੈ, "ਚਾਦਰ ਤੋਂ ਵੱਧ ਪੈਰ ਪਸਾਰੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਤੁਹਾਨੂੰ ਚਾਦਰ ਹੋਰ ਵਧੇਰੇ ਚਾਹੀਦੀ ਹੈ, ਵੱਡੀ। ਤੁਸੀਂ ਉਸ ਚਾਦਰ ਦਾ ਪ੍ਰਬੰਧ ਕਰਨ ਬਾਰੇ ਸੋਚੋਗੇ। (ਪੰਨਾ-271) ਲੇਖਕ ਦੀ ਇਹ ਦਲੀਲ ਕਾਫ਼ੀ ਹੱਦ ਤੀਕ ਸਹੀ ਲੱਗਦੀ ਹੈ। ਇਹ ਮਨੁੱਖ ਨੂੰ ਜੀਵਨ ਵਿੱਚ ਅੱਗੇ ਵੱਧਣ ਅਤੇ ਹੋਰ ਵਧੇਰੇ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ।

ਇੱਕ ਹੋਰ ਵੱਖਰਾ ਵਿਚਾਰ ਬੱਚਿਆਂ ਵੱਲੋਂ ਆਪਣੇ ਮਾਪਿਆਂ ਨੂੰ 'ਸਿਖਾਉਣ' ਬਾਰੇ ਦਿੱਤਾ ਗਿਆ ਹੈ, "ਬੱਚਾ ਪਾਲ਼ਦਾ, ਸਿਖਾਉਂਦਾ ਹੈ, ਆਪਣੇ ਮਾਂ-ਬਾਪ ਨੂੰ, ਭੈਣਾਂ-ਭਰਾਵਾਂ ਨੂੰ। ਹੌਲ਼ੀ-ਹੌਲ਼ੀ ਹੱਥ ਮਾਰਨਾ ਸ਼ੁਰੂ ਕਰਦਾ ਹੈ, ਉਹ। ਤਾਂ ਜਾ ਕੇ ਉਸਨੂੰ ਕਿਤੇ ਦੁੱਧ ਦਿਸਦਾ ਹੈ। (ਪੰਨਾ- 280, 281) ਮੈਨੂੰ ਇਹ ਅੰਗਰੇਜ਼ੀ ਕਹਾਵਤ 'ਚਾਈਲਡ ਇਜ਼ ਦ ਫ਼ਾਦਰ ਆਫ਼ ਮੈਨ' ਦਾ ਵਿਸਥਾਰ ਲੱਗਦਾ ਹੈ ਅਤੇ ਇਹ ਸਹੀ ਵੀ ਹੈ, ਕਿਉਂਕਿ ਮਾਪੇ ਜਿੱਥੇ ਬੱਚਿਆਂ ਨੂੰ ਦੁਨੀਆਂ ਵਿੱਚ ਵਿਚਰਨਾ ਸਿਖਾਉਂਦੇ ਹਨ, ਉੱਥੇ ਉਹ ਵੀ ਬੱਚਿਆਂ ਕੋਲੋਂ ਬੜਾ ਕੁਝ ਸਿੱਖਦੇ ਹਨ।

ਬੋਲੀ ਤੇ ਭਾਸ਼ਾ ਦੀ ਗੱਲ ਕਰਦਿਆਂ ਲੇਖਕ ਕਹਿੰਦਾ ਹੈ, "ਭਾਸ਼ਾ ਸਿੱਖਣ ਨਾਲ ਤੁਹਾਡੇ ਦਿਮਾਗ਼ ਵਿੱਚ ਨਵੇਂ ਕੁਨੈੱਕਸ਼ਨ ਬਣਦੇ ਹਨ ਅਤੇ ਇਹ ਨਵੇਂ ਸਬੰਧ ਮਹੱਤਵਪੂਰਨ 'ਸੁਰੱਖਿਆ ਉਪਾਅ' ਹਨ ਜੋ ਸਮੇਂ ਦੇ ਨਾਲ ਬੋਧਾਤਮਿਕ ਗਿਰਾਵਟ ਨੂੰ ਰੋਕ ਸਕਦੇ ਹਨ। ਭਾਸ਼ਾ ਦਿਮਾਗ਼ ਦੇ ਨਵੇਂ ਸੈੱਲ ਜਨਰੇਟ ਕਰਦੀ ਹੈ।" (ਪੰਨਾ-285) ਇਹ ਇਤਿਹਾਸਕ ਤੱਥ ਹੈ ਕਿ ਭਾਸ਼ਾ ਜਾਂ ਬੋਲੀ ਦੇ ਆਰੰਭ ਹੋਣ ਤੋਂ ਪਹਿਲਾਂ ਜੰਗਲਾਂ ਵਿੱਚ ਰਹਿਣ ਵਾਲੇ ਪੁਰਾਤਨ ਮਨੁੱਖ ਇਸ਼ਾਰਿਆਂ ਅਤੇ ਚਿਹਰਿਆਂ ਦੇ ਹਾਵ-ਭਾਵਾਂ ਨਾਲ ਹੀ ਇੱਕ ਦੂਸਰੇ ਨੂੰ ਆਪਣੀ ਗੱਲ ਸਮਝਾਉਂਦੇ ਸਨ। ਭਾਸ਼ਾ ਇੱਕ-ਦੋ ਦਿਨ੍ਹਾਂ 'ਚ ਨਹੀਂ ਸਿੱਖੀ ਜਾ ਸਕਦੀ। ਇਤਿਹਾਸ ਗਵਾਹ ਹੈ ਕਿ ਮਨੁੱਖ ਨੂੰ ਭਾਸ਼ਾ ਸਿੱਖਣ ਵਿੱਚ ਹਜ਼ਾਰਾਂ ਨਹੀਂ, ਲੱਖਾਂ ਸਾਲ ਲੱਗ ਗਏ।

ਬੁਢਾਪੇ ਬਾਰੇ ਪੁਸਤਕ ਵਿੱਚ ਬਹੁਤ ਵਧੀਆ ਗੱਲਾਂ ਕੀਤੀਆਂ ਗਈਆਂ ਹਨ। ਲੇਖਕ ਦਾ ਕਹਿਣਾ ਹੈ, "ਬੁਢਾਪਾ ਡਿਓਢੀ 'ਚ ਬੈਠੀ 'ਮੱਤਾਂ ਦੀ ਪੰਡ' ਹੁੰਦੀ ਹੈ"। ਬੁਢਾਪਾ 'ਖੂੰਡਾ' ਹੁੰਦਾ ਹੈ, ਝਿੜਕਣ ਵਾਲਾ। ਇਹ ਬੁਢਾਪਾ ਵਿਆਹ, ਮੇਲੇ ਗਏ ਘਰ ਪਰਿਵਾਰ ਦਾ ਰਾਖਾ ਤੇ 'ਚੌਕੀਦਾਰ' ਹੁੰਦਾ ਹੈ।" (ਪੰਨਾ-294) ਇਹ ਬਿਲਕੁਲ ਸਹੀ ਹੈ, ਐਵੇਂ ਨਹੀਂ ਬਜ਼ੁਰਗਾਂ ਨੂੰ 'ਘਰਾਂ ਦੇ ਤਾਲੇ' ਕਿਹਾ ਜਾਂਦਾ। ਉਹ ਪਹਿਲਾਂ ਆਪਣੇ ਅਤੇ ਫਿਰ ਆਪਣੇ ਬੱਚਿਆਂ ਦੇ ਘਰਾਂ ਦੀ 'ਰਖਵਾਲੀ' ਕਰਦੇ ਹਨ। ਲੇਖਕ ਨੇ ਸਹੀ ਕਿਹਾ ਹੈ ਕਿ ਜਦੋਂ ਮਨੁੱਖ ਬੁੱਢਾ ਹੋ ਜਾਂਦਾ ਹੈ ਤਾਂ ਫਿਰ ਜੋੜਾਂ ਦਾ ਦਰਦ ਅਤੇ ਹੋਰ ਕਈ ਬੀਮਾਰੀਆਂ ਉਸ ਨੂੰ ਆ ਘੇਰਦੀਆਂ ਹਨ। ਲੋਕ ਬਜ਼ੁਰਗਾਂ ਦੀ 'ਸੁੱਖ-ਸਾਂਦ' ਪੁੱਛਣ ਦੀ ਥਾਂ ਉਨ੍ਹਾਂ ਕੋਲੋਂ ਉਨ੍ਹਾਂ ਦੀ 'ਸ਼ੂਗਰ' ਅਤੇ 'ਕੋਲੈਸਟ੍ਰੋਲ' ਬਾਰੇ ਪੁੱਛਦੇ ਹਨ। ਇਸ ਤੋਂ ਬਚਣ ਲਈ ਲੇਖਕ ਬਜ਼ੁਰਗਾਂ ਨੂੰ ਹੱਸਣ-ਖੇਡਣ ਦੀ, ਚੁਟਕਲੇ ਸੁਣਨ ਤੇ ਸੁਣਾਉਣ ਦੀ, ਹਮੇਸ਼ਾ ਖੁਸ਼ ਰਹਿਣ ਦੀ, ਪੁਰਾਣੀਆਂ ਯਾਦਾਂ ਸਾਂਝੀਆਂ ਕਰਨ ਦੀ, ਦੋਸਤਾਂ ਨਾਲ ਫ਼ੋਨਾਂ 'ਤੇ ਗੱਲਾਂ- ਬਾਤਾਂ ਕਰਨ ਦੀ, ਬਾਬੇ ਨਾਨਕ ਵਾਂਗ 'ਉਦਾਸੀਆਂ' 'ਤੇ ਜਾਣ ਦੀ ਅਤੇ ਦੁਨੀਆਂ-ਭਰ ਦੇ ਅਜਾਇਬ-ਘਰ ਵੇਖਣ ਦੀ ਸਲਾਹ ਦਿੰਦਾ ਹੈ।

(ਪੰਨਾ-296) ਇਸ ਦੇ ਨਾਲ ਹੀ ਇਸ ਪੁਸਤਕ ਵਿੱਚ ਉਮਰਾਂ ਦੇ 'ਗੁਆਚਦੇ ਰਾਗਾਂ' - ਬਚਪਨ, ਜਵਾਨੀ ਅਤੇ ਵੇਖਣ ਚਾਖਣ ਦੇ ਦਰਸ਼ਨ-ਸ਼ਾਸਤਰ, ਭਾਵ ਜੀਵਨ ਦੀ ਸਮੂਹਿਕ ਫ਼ਿਲਾਸਫ਼ੀ ਦੀ ਗੱਲ ਕੀਤੀ ਗਈ ਹੈ।

ਇਸ ਤਰ੍ਹਾਂ ਪੁਸਤਕ ਵਿੱਚ ਬੜੇ ਸਕਾਰਾਤਮਿਕ ਢੰਗ ਨਾਲ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਬਿਆਨਿਆ ਗਿਆ ਹੈ ਅਤੇ ਜੀਵਨ ਦੇ 'ਉਜਾਲੇ-ਪੱਖ' ਨੂੰ ਉਭਾਰਨ ਦੀ ਬਾਖ਼ੂਬੀ ਕੋਸ਼ਿਸ਼ ਕੀਤੀ ਗਈ ਹੈ। ਪੁਸਤਕ ਵਿੱਚ ਮਨੁੱਖੀ ਜੀਵਨ ਨਾਲ ਸਬੰਧਿਤਬਹੁਤ ਸਾਰੇ ਗੰਭੀਰ ਵਿਸ਼ੇ ਲਏ ਗਏ ਹਨ ਅਤੇ ਇਸ ਸੀਮਤ ਆਰਟੀਕਲ ਵਿੱਚ ਇਨ੍ਹਾਂ ਸਾਰਿਆਂ ਦੇ ਬਾਰੇ ਗੱਲ ਕਰਨੀ ਮੁਸ਼ਕਲ ਹੈ। ਏਸੇ ਲਈ ਇਸ ਸੀਮਤ ਵਿਚਾਰ-ਚਰਚਾ ਵਿੱਚ 'ਤੜਾਗੀ ਵਾਲੇ ਯਾਰ', 'ਮੇਲਿਆਂ ਵਿੱਚ ਮਿਲ਼ਦੇ/ਵਿੱਛੜਦੇ ਮੇਲੀ ਤੇ ਬੇਲੀ', 'ਨੈਤਿਕਤਾ', 'ਯੋਗਾ', 'ਮੋਕਸ਼', 'ਸੰਤ-ਸਮਾਜ', 'ਕੰਜਕਾਂ' 'ਘਿਓ-ਸ਼ੱਕਰ' ਤੇ 'ਜੀ.ਪੀ.ਐੱਸ. ਨੂੰ ਗਵਾਉਣ' ਵਰਗੇ ਮਹੱਤਵਪੂਰਨ ਵਿਸ਼ੇ ਛੇੜਨੇ ਰਹਿ ਗਏ ਹਨ। ਪੁਸਤਕ ਵਿੱਚ ਕਿਤੇ-ਕਿਤੇ ਵਿਚਾਰਾਂ ਦਾ ਦੁਹਰਾਅ ਵੇਖਣ ਨੂੰ ਮਿਲਦਾ ਹੈ। ਅਜਿਹਾ ਲੇਖਕਾਂ ਵੱਲੋਂ ਪੁਸਤਕ ਦੇ ਵੱਖ-ਵੱਖ ਅਧਿਆਵਾਂ ਵਿੱਚ ਵੱਖੋ-ਵੱਖ ਸੰਦਰਭ 'ਚ ਗੱਲ ਕਰਦਿਆਂ ਕਈ ਵਾਰ ਹੋ ਜਾਂਦਾ ਹੈ ਅਤੇ ਇਸ ਨੂੰ ਉਨ੍ਹਾਂ ਦੀ ਗ਼ਲਤੀ ਜਾਂ ਕਮਜ਼ੋਰੀ ਖ਼ਿਆਲ ਨਹੀਂ ਕਰਨਾ ਚਾਹੀਦਾ। ਕੁਲ ਮਿਲਾ ਕੇ ਪੁਸਤਕ ਬੜੀ ਉਪਯੋਗੀ ਹੈ ਤੇ ਇਹ ਜੀਵਨ ਦੇ ਮਹੱਤਵਪੂਰਨ 'ਹਾਂ-ਪੱਖੀ' ਸਰੋਕਾਰਾਂ ਦੀ ਗੱਲ ਕਰਦੀ ਹੈ। ਇਸ ਨੂੰ ਪੜ੍ਹਦਿਆਂ ਮੈਂ ਇਸ ਵਿਚਲੇ ਵਿਚਾਰਾਂ ਦੀ ਸਾਰਥਿਕਤਾ, ਪ੍ਰਸੰਗਕਤਾ ਅਤੇ ਗੰਭੀਰਤਾ ਨੂੰ ਪੂਰਾ ਮਾਣਿਆ ਹੈ। ਵੱਖਰੀ ਕਿਸਮ ਦੀ ਇਹ 'ਸੁਰਨਾਵਲ' ਰੂਪੀ ਸਕਾਰਾਤਮਿਕ ਪੁਸਤਕ ਲਿਆਉਣ 'ਤੇ ਮੈਂ ਡਾ. ਅਮਰਜੀਤ ਸਿੰਘ ਟਾਂਡਾ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਉਸਦੇ ਵੱਲੋਂ ਅੱਗੋਂ ਹੋਰ ਵੀ ਅਜਿਹੇ ਵਧੀਆ ਯਤਨਾਂ ਦੀ ਆਸ ਕਰਦਾ ਹਾਂ।



ਡਾ. ਸੁਖਦੇਵ ਸਿੰਘ ਝੰਡ
+1 647-567-9128

# ਦਿਲਪ੍ਰੀਤ ਸਿੰਘ ਬਾਜਵਾ ਦਾ ਕਪਤਾਨ ਬਣਨ ਤੱਕ ਦਾ ਸਫ਼ਰ




ਗੁਰਦਾਸਪੁਰ: 2003 ਵਿੱਚ ਜਨਮੇ ਦਿਲਪ੍ਰੀਤ ਸਿੰਘ ਬਾਜਵਾ ਦਾ ਕ੍ਰਿਕਟ ਦਾ ਸਫ਼ਰ ਗੁਰਦਾਸਪੁਰ ਵਿੱਚ ਸ਼ੁਰੂ ਹੋਇਆ। ਗੁਰਦਾਸਪੁਰ ਵਿੱਚ ਜਨਮੇ ਦਿਲਪ੍ਰੀਤ ਸਿੰਘ ਨੇ ਸਖ਼ਤ ਮਿਹਨਤ, ਨਿਰੰਤਰ ਅਭਿਆਸ ਅਤੇ ਆਤਮ-ਵਿਸ਼ਵਾਸ ਰਾਹੀਂ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਵੱਖਰੀ ਪਛਾਣ ਬਣਾਈ। ਉਨ੍ਹਾਂ ਨੂੰ ਕੈਨੇਡਾ ਦੀ ਰਾਸ਼ਟਰੀ ਕ੍ਰਿਕਟ ਟੀਮ ਦਾ ਕਪਤਾਨ ਚੁਣਿਆ ਗਿਆ ਹੈ। ਉਹ ਹੁਣ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ 2026 ਵਿੱਚ ਕੈਨੇਡਾ ਦੀ ਅਗਵਾਈ ਕਰਨਗੇ। 2012 ਵਿੱਚ ਉਸ ਨੇ ਸਥਾਨਕ ਕੋਚ ਰਾਕੇਸ਼ ਮਾਰਸ਼ਲ ਦੀ ਅਕੈਡਮੀ ਵਿੱਚ ਸਿਖਲਾਈ ਸ਼ੁਰੂ ਕੀਤੀ। ਸ਼ੁਰੂ ਵਿੱਚ ਸੀਮਤ ਸਰੋਤਾਂ ਦੇ ਬਾਵਜੂਦ, ਦਿਲਪ੍ਰੀਤ ਨੇ ਆਪਣੀ ਖੇਡ ਨੂੰ ਨਿਖਾਰਿਆ ਅਤੇ ਖੇਡਾਂ ਨਾਲੋਂ ਅਕਾਦਮਿਕ ਸਿੱਖਿਆ ਨੂੰ ਤਰਜੀਹ ਦਿੱਤੀ। ਉਸ ਨੇ ਸ੍ਰੀ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ, ਬੁਰਜ ਸਾਹਿਬ (ਧਾਰੀਵਾਲ) ਵਿੱਚ ਪੜ੍ਹਾਈ ਕੀਤੀ। ਪ੍ਰਿੰਸੀਪਲ ਅਨੂਪ ਸਿੰਘ ਦੇ ਅਨੁਸਾਰ, ਦਿਲਪ੍ਰੀਤ ਹਮੇਸ਼ਾ ਇੱਕ ਮਿਹਨਤੀ ਅਤੇ ਲੀਡਰਸ਼ਿਪ ਖਿਡਾਰੀ ਰਿਹਾ ਹੈ। ਉਸ ਨੇ 2018 ਦੀਆਂ ਆਲ ਇੰਡੀਆ ਸਕੂਲ ਖੇਡਾਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ। 2020 ਵਿੱਚ, ਦਿਲਪ੍ਰੀਤ ਆਪਣੇ ਪਰਿਵਾਰ ਨਾਲ ਕੈਨੇਡਾ ਚਲਾ ਗਿਆ।

ਇਸ ਦੌਰਾਨ ਉਸ ਨੇ ਆਪਣੇ ਆਪ ਨੂੰ ਸਾਬਤ ਕਰਨ ਲਈ ਘਰੇਲੂ ਕ੍ਰਿਕਟ ਵਿੱਚ ਲਗਾਤਾਰ ਪ੍ਰਦਰਸ਼ਨ ਕੀਤਾ। ਉਸ ਦੀ ਮਿਹਨਤ ਰੰਗ ਲਿਆਈ ਅਤੇ ਉਹ ਮਾਂਟਰੀਅਲ ਟਾਈਗਰਜ਼ ਦਾ ਹਿੱਸਾ ਬਣ ਗਿਆ। ਉਸ ਨੇ ਗਲੋਬਲ ਟੀ-20 ਕੈਨੇਡਾ ਟੂਰਨਾਮੈਂਟ ਵਿੱਚ ਸੈਂਕੜਾ ਲਗਾ ਕੇ ਇਤਿਹਾਸ ਰਚਿਆ, ਟੂਰਨਾਮੈਂਟ ਵਿੱਚ ਸੈਂਕੜਾ ਲਗਾਉਣ ਵਾਲਾ ਪਹਿਲਾ ਕੈਨੇਡੀਅਨ ਖਿਡਾਰੀ ਬਣ ਗਿਆ। ਵੱਡੇ ਮੈਚਾਂ ਵਿੱਚ ਜ਼ਿੰਮੇਵਾਰੀ ਨਿਭਾਉਣ ਦੀ ਇਹ ਇਕਸਾਰਤਾ ਅਤੇ ਯੋਗਤਾ ਉਸ ਨੂੰ ਕਪਤਾਨੀ ਵੱਲ ਲੈ ਗਈ।

ਕਪਤਾਨੀ ਦੇ ਨਾਲ, ਆਲਰਾਊਂਡਰ ਦਿਲਪ੍ਰੀਤ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਚੋਣਕਾਰਾਂ ਨੇ ਉਸ ਦੀ ਬੱਲੇਬਾਜ਼ੀ, ਮੈਦਾਨ 'ਤੇ ਫੈਸਲਾ ਲੈਣ ਦੀ ਉਸ ਦੀ ਯੋਗਤਾ, ਟੀਮ ਨੂੰ ਇਕੱਠੇ ਰੱਖਣ ਦੀ ਉਸ ਦੀ ਯੋਗਤਾ ਅਤੇ ਦਬਾਅ ਹੇਠ ਉਸ ਦੇ ਪ੍ਰਦਰਸ਼ਨ ਨੂੰ ਮੁੱਖ ਕਾਰਕਾਂ ਵਜੋਂ ਦਰਸਾਇਆ। ਉਸ ਨੂੰ ਨਿਕੋਲਸ ਕਿਰਟਨ ਦੀ ਥਾਂ 'ਤੇ ਟੀਮ ਦਾ ਮੁੱਖ ਕਪਤਾਨ ਨਿਯੁਕਤ ਕੀਤਾ ਗਿਆ ਹੈ। ਖੇਡ ਪ੍ਰੇਮੀਆਂ ਨੇ ਦਿਲਪ੍ਰੀਤ ਦੀ ਸਫਲਤਾ 'ਤੇ ਆਪਣਾ ਮਾਣ ਪ੍ਰਗਟ ਕੀਤਾ, ਜਿਸ ਨਾਲ ਉਸ ਦੇ ਪਰਿਵਾਰ ਅਤੇ ਖੇਤਰ ਵਿੱਚ ਖੁਸ਼ੀ ਆਈ। ਪਿਤਾ ਹਰਪ੍ਰੀਤ ਸਿੰਘ (ਖੇਤੀਬਾੜੀ ਵਿਭਾਗ ਤੋਂ ਸੇਵਾਮੁਕਤ) ਅਤੇ ਮਾਂ ਹਰਲੀਨ ਕੌਰ (ਸਰਕਾਰੀ ਅਧਿਆਪਕਾ) ਨੂੰ ਆਪਣੇ ਪੁੱਤਰ ਦੀ ਪ੍ਰਾਪਤੀ 'ਤੇ ਮਾਣ ਹੈ।

# ਭਾਰਤ ਨਾਲ ਮੈਚ ਖੇਡਣ ਲਈ ਰਾਜ਼ੀ ਹੋਇਆ ਪਾਕਿਸਤਾਨ




ਨਵੀਂ ਦਿੱਲੀ : ਟੀ-20 ਵਿਸ਼ਵ ਕੱਪ ਦੌਰਾਨ 15 ਫਰਵਰੀ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਖੇਡਿਆ ਜਾਵੇਗਾ। ਪਾਕਿਸਤਾਨ ਸਰਕਾਰ ਨੇ ਸੋਮਵਾਰ ਰਾਤ ਨੂੰ ਆਪਣੇ ਐਕਸ ਅਕਾਊਂਟ 'ਤੇ ਇੱਕ ਪੋਸਟ ਪਾ ਕੇ ਇਸਦੀ ਪੁਸ਼ਟੀ ਕੀਤੀ।

ਪੋਸਟ ਵਿੱਚ ਕਿਹਾ ਗਿਆ ਹੈ ਕਿ ਸ਼੍ਰੀਲੰਕਾ ਦੇ ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਯਕੇ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਫ਼ੋਨ ਕੀਤਾ ਅਤੇ ਉਨ੍ਹਾਂ ਨੂੰ ਭਾਰਤ ਵਿਰੁੱਧ ਮੈਚ ਖੇਡਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਪ੍ਰਧਾਨ ਅਮੀਨੁਲ ਇਸਲਾਮ ਨੇ ਵੀ ਪਾਕਿਸਤਾਨ ਕ੍ਰਿਕਟ ਬੋਰਡ ਨੂੰ ਮੈਚ ਖੇਡਣ ਦੀ ਸਿਫਾਰਸ਼ ਕੀਤੀ। ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਟੀ-20 ਵਿਸ਼ਵ ਕੱਪ ਤੋਂ ਬੰਗਲਾਦੇਸ਼ ਨੂੰ ਬਾਹਰ ਕੀਤੇ ਜਾਣ ਦੇ ਵਿਰੋਧ ਵਿੱਚ 1 ਫਰਵਰੀ ਨੂੰ ਭਾਰਤ ਵਿਰੁੱਧ ਮੈਚ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਸੀ। ਹਾਲਾਂਕਿ ਉਹ ਟੂਰਨਾਮੈਂਟ ਦੇ ਬਾਕੀ ਮੈਚ ਖੇਡਣ ਲਈ ਸਹਿਮਤ ਹੋ ਗਿਆ ਸੀ। ਹੁਣ 15 ਫਰਵਰੀ ਨੂੰ ਸ੍ਰੀਲੰਕਾ ਦੇ ਪ੍ਰੇਮਦਾਸ ਸਟੇਡੀਅਮ 'ਚ ਮੈਚ ਖੇਡਿਆ ਜਾਵੇਗਾ।







